ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 97 | 15 Nov. to 21 Nov., 2023 | Ph.: (510) 240-5949 | Email: asrtimes@gmail.com

## ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਕੌਮ ਦੇ ਨਾਮ ਸੰਦੇਸ਼

# ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨ ਤੇਜ਼ ਕਰਨ ਸਿੱਖ ਜਥੇਬੰਦੀਆਂ : ਜਥੇ. ਗਿਆਨੀ ਰਘਬੀਰ ਸਿੰਘ

## ਰਾਜੋਆਣਾ ਦੀ ਫਾਂਸੀ ਨੂੰ ਉਮਰ ਕੈਦ 'ਚ ਤਬਦੀਲ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਨੂੰ ਵੀ ਯਤਨ ਕਰਨ ਲਈ ਕਿਹਾ

ਅੰਮ੍ਰਿਤਸਰ/ਏ.ਟੀ.ਨਿਊਜ਼ : ਬੰਦੀ ਛੋੜ ਦਿਵਸ ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਸਿੱਖ ਜਥੇਬੰਦੀਆਂ ਨੂੰ ਹੁਕਮ ਦਿੱਤਾ ਕਿ ਉਹ ਸਮੂਹ ਬੰਦੀ ਸਿੰਘਾਂ ਦੀ ਰਿਹਾਈ ਅਤੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਵਾਉਣ ਲਈ ਤੇਜ਼ ਤੇ ਠੋਸ ਯਤਨ ਕਰਨ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂ ਸੰਦੇਸ਼ ਜਾਰੀ ਕੀਤਾ।

ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੰਦੀ ਛੋੜ ਦਿਵਸ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬੰਦੀ ਛੋੜ ਦਿਹਾੜੇ ਸਬੰਧੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹੋਏ ਗੁਰਮਤਿ ਸਮਾਗਮਾਂ ਦੌਰਾਨ ਰਾਗੀ, ਢਾਡੀ, ਕਵੀਸ਼ਰ ਜਥਿਆਂ, ਪ੍ਰਚਾਰਕਾਂ ਅਤੇ ਕਵੀਆਂ ਨੇ ਗੁਰਬਾਣੀ ਦੇ ਕੀਰਤਨ ਅਤੇ ਕਥਾ ਵਿਖਿਆਨ ਰਾਹੀ ਸਿੱਖ ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ



ਗਿਆਨੀ ਰਘਬੀਰ ਸਿੰਘ ਨੇ ਦਰਸ਼ਨੀ ਡਿਓੜੀ ਤੋਂ ਸਿੱਖ ਪੰਥ ਦੇ ਨਾਂ ਸੰਦੇਸ਼ ਦਿੰਦਿਆਂ ਕਿਹਾ ਕਿ ਪਿਛਲੇ 17 ਸਾਲਾਂ ਤੋਂ ਜੇਲ੍ਹ ਦੀ ਚੱਕੀ ਵਿਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਰੱਦ ਕਰਨ ਸਬੰਧੀ ਕੇਂਦਰ ਸਰਕਾਰ ਨੋਟੀਫਿਕੇਸ਼ਨ ਜਾਰੀ ਕਰਕੇ ਮੁੱਕਰ ਗਈ ਹੈ। ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ ਅਤੇ 39 ਸਾਲਾਂ ਬਾਅਦ ਵੀ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ ਹਨ। ਉਨ੍ਹਾਂ ਸਿੱਖ ਕੌਮ ਨੂੰ ਆਪਣੇ ਹੱਕਾਂ ਲਈ ਇਕਜੁੱਟਤਾ ਨਾਲ ਆਵਾਜ਼ ਬੁਲੰਦ ਕਰਨ ਦਾ ਸੁਨੇਹਾ ਦਿੱਤਾ।

ਉਨ੍ਹਾਂ ਕੇਂਦਰ ਸਰਕਾਰ ਨੂੰ ਕਿਹਾ ਕਿ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਕੇ ਸਿੱਖਾਂ ਨੂੰ ਇਨਸਾਫ਼ ਦੇਵੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਸਮੂਹ ਪੰਥਕ ਦਲਾਂ ਅਤੇ ਜਥੇਬੰਦੀਆਂ ਦੀ ਵਿਸ਼ੇਸ਼ ਮੀਟਿੰਗ ਵੀ ਸੱਦੇ।

ਉਨ੍ਹਾਂ ਦਿੱਲੀ ਕਮੇਟੀ ਨੂੰ ਵੀ ਆਦੇਸ਼ ਕੀਤਾ ਕਿ ਉਹ ਆਪਣੇ ਅਸਲ ਰਸੂਖ ਅਤੇ ਨੇੜਲੇ ਸਬੰਧਾਂ ਦੀ ਵਰਤੋਂ ਕਰਕੇ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਭਾਈ ਰਾਜੋਆਣਾ ਸਬੰਧੀ ਅਪੀਲ 'ਤੇ ਫੈਸਲਾ ਕਰਵਾਉਣ ਲਈ ਗੰਭੀਰਤਾ ਨਾਲ ਯਤਨ ਕਰੇ ਅਤੇ ਇਸ ਸਬੰਧੀ 15 ਦਿਨਾਂ ਤੇ ਅੰਦਰ-ਅੰਦਰ ਆਪਣੀ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਭੇਜੇ।

## ਭਾਈ ਰਾਜੋਆਣਾ ਸਬੰਧੀ ਪਟੀਸ਼ਨ ਦੇ ਨਿਪਟਾਰੇ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਕਮੇਟੀ ਤੇ ਦਿੱਲੀ ਕਮੇਟੀ ਨੂੰ ਪੈਰਵਾਈ ਲਈ ਪੱਤਰ ਜਾਰੀ

ਅੰਮ੍ਰਿਤਸਰ/ ਏ.ਟੀ.ਨਿਊਜ਼ : ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਪਿਛਲੇ 28 ਸਾਲਾਂ ਤੋਂ ਜੇਲ੍ਹ 'ਚ ਨਜ਼ਰਬੰਦ ਅਤੇ 17 ਸਾਲਾਂ ਤੋਂ ਮਹਿਜ 8 ਫੁੱਟ ਦੀ ਫਾਂਸੀ ਦੀ ਚੱਕੀ ਵਿਚ ਬੰਦ ਜ਼ਿੰਦਾ ਸ਼ਹੀਦ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਸੰਬੰਧੀ ਪਟੀਸ਼ਨ 'ਤੇ ਜਲਦ ਫ਼ੈਸਲਾ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੁਰੰਤ ਕੇਂਦਰ ਸਰਕਾਰ ਕੋਲ ਪੈਰਵਾਈ ਕਰਨ ਸੰਬੰਧੀ ਲਿਖਤੀ ਆਦੇਸ਼ ਪੱਤਰ ਜਾਰੀ ਕਰ ਦਿੱਤਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਆਦੇਸ਼ਾਂ 'ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਭੇਜੇ ਪੱਤਰ ਵਿੱਚ ਆਖਿਆ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਸਾਲ 2012 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਰਾਜੋਆਣਾ ਦੀ ਫ਼ਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰਨ ਸੰਬੰਧੀ ਰਾਸ਼ਟਰਪਤੀ ਕੋਲ ਪਾਈ ਪਟੀਸ਼ਨ 'ਤੇ 11 ਸਾਲ ਬੀਤ ਜਾਣ 'ਤੇ ਵੀ ਕੋਈ ਫ਼ੈਸਲਾ ਅਮਲ ਵਿੱਚ ਨਹੀਂ ਆਇਆ। ਇਸ ਦੇ ਕਾਰਨ ਜਿੱਥੇ ਭਾਈ ਰਾਜੋਆਣਾ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ, ਉੱਥੇ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਵੀ ਠੇਸ ਪੁੱਜ ਰਹੀ ਹੈ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਦਾ ਜੀਵਨ ਸਿੱਖ ਕੌਮ ਦੀ ਅਮਾਨਤ ਹੈ ਅਤੇ ਉਨ੍ਹਾਂ ਦੇ ਜੀਵਨ ਨੂੰ ਸੁਰੱਖਿਅਤ ਕਰਨਾ ਸਿੱਖ ਸੰਸਥਾਵਾਂ ਦਾ ਅਹਿਮ ਫ਼ਰਜ਼ ਬਣ ਜਾਂਦਾ ਹੈ।

## ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ: ਮੰਡ



ਬੰਦੀ ਛੋੜ ਦਿਵਸ ਮੌਕੇ ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਕਿਹਾ ਕਿ ਦੀਵਾਲੀ ਵਾਲੇ ਦਿਨ ਸਾਨੂੰ ਆਪਣੇ ਹਿਰਦੇ ਵਿੱਚ ਗਿਆਨ ਅਤੇ ਪ੍ਰੇਮ ਦੇ ਦੀਵੇ ਬਾਲ ਕੇ ਮਾਨਵਤਾ ਰੂਪੀ ਰੌਸ਼ਨੀ ਵੰਡਣੀ ਚਾਹੀਦੀ ਹੈ ਤਾਂ ਕਿ ਜਾਤਾਂ ਪਾਤਾਂ, ਊਚ ਨੀਚ, ਵੈਰ ਵਿਰੋਧ ਅਤੇ ਫਿਰਕੂਪੁਣੇ ਦਾ ਹਨੇਰਾ ਦੂਰ ਹੋ ਸਕੇ। ਉਨ੍ਹਾਂ ਕਿਹਾ ਕਿ ਇਸ ਦਿਨ ਗੁਰੂ ਹਰਗੋਬਿੰਦ ਸਾਹਿਬ ਨੇ 52 ਹਿੰਦੂ ਰਾਜਿਆਂ ਨੂੰ ਰਿਹਾਅ ਕਰਵਾਇਆ ਸੀ ਪਰ ਅੱਜ ਹਕੂਮਤਾਂ ਸਿੱਖਾਂ ਨੂੰ ਦੂਰ ਦੁਰਾਡੇ ਜੇਲ੍ਹਾਂ ਵਿੱਚ ਬੰਦ ਕਰ ਰਹੀਆਂ ਹਨ। ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ।

## ਅਕਾਲ ਤਖ਼ਤ ਸਾਹਿਬ ਦੀ ਫ਼ਸੀਲ 'ਤੇ ਨਿਹੰਗਾਂ ਨੇ ਕਬਜ਼ਾ ਕੀਤਾ

ਬੰਦੀ ਛੋੜ ਦਿਵਸ ਮੌਕੇ ਦੀ ਸ਼ਾਮ ਨੂੰ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਕੌਮ ਦੇ ਨਾਂ ਸੰਦੇਸ਼ ਜਾਰੀ ਕਰਨ ਤੋਂ ਬਾਅਦ ਜਦੋਂ ਉਹ ਉਥੋਂ ਚਲੇ ਗਏ ਤਾਂ ਥੋੜ੍ਹੀ ਦੇਰ ਬਾਅਦ ਕੁੱਝ ਨਿਹੰਗ ਸਿੰਘ ਅਚਾਨਕ ਫਸੀਲ 'ਤੇ ਆ ਗਏ ਤੇ ਨਿਹੰਗ ਸਿੰਘ ਵੱਲੋਂ ਫਸੀਲ 'ਤੇ ਖੜ੍ਹੇ ਹੋ ਕੇ ਬਾਬਾ ਬਲਬੀਰ ਸਿੰਘ 96 ਕਰੋੜੀ ਬੁੱਢਾ ਦਲ ਦੇ ਮੁਖੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਣ ਦਾ ਐਲਾਨ ਕਰ ਦਿੱਤਾ ਗਿਆ ਜਿਸ ਤੋਂ ਬਾਅਦ ਜੈਕਾਰਿਆਂ ਦੀ ਗੂੰਜ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨਿਹੰਗ ਸਿੰਘਾਂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਦੌਰਾਨ ਉਥੇ ਤਾਇਨਾਤ ਸੇਵਾਦਾਰਾਂ ਵਲੋਂ ਤੁਰੰਤ ਮਾਈਕ ਬੰਦ ਕਰ ਦਿੱਤਾ ਗਿਆ ਅਤੇ ਸਖ਼ਤ ਮਸ਼ੱਕਤ ਤੋਂ ਬਾਅਦ ਨਿਹੰਗ ਸਿੰਘਾਂ ਨੂੰ ਇਤਿਹਾਸਕ ਫਸੀਲ ਤੋਂ ਹੇਠਾਂ ਉਤਾਰਿਆ ਗਿਆ। ਇਹ ਉਹ ਫਸੀਲ ਹੈ, ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦੇ ਹਨ, ਇਸ ਫ਼ਸੀਲ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਤੋਂ ਇਲਾਵਾ ਹੋਰ ਕੋਈ ਵੀ ਸੰਦੇਸ਼ ਜਾਂ ਸੰਬੋਧਨ ਨਹੀਂ ਕਰ ਸਕਦਾ ਹੈ। ਇਸ ਘਟਨਾ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਸ਼੍ਰੋਮਣੀ ਕਮੇਟੀ ਵੱਲੋਂ ਇਸ ਸਾਰੀ ਘਟਨਾ ਦੀ ਜਾਂਚ ਦੇ ਆਦੇਸ਼ ਦਿੱਤੇ ਗਏ ਹਨ ਤੇ ਸ਼੍ਰੋਮਣੀ ਕਮੇਟੀ ਨੂੰ ਇਸ ਅਣਗਹਿਲੀ ਸਬੰਧੀ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ ਹੈ।

## ਸ਼੍ਰੋਮਣੀ ਕਮੇਟੀ ਦਾ ਸਥਾਪਨਾ ਦਿਵਸ ਉਤਸ਼ਾਹ ਸਹਿਤ ਮਨਾਇਆ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਮੇਟੀ ਦਾ ਸਥਾਪਨਾ ਦਿਵਸ ਉਤਸ਼ਾਹ ਸਹਿਤ ਮਨਾਇਆ ਗਿਆ। ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ ਜਥੇ ਵਲੋਂ ਸ਼ਬਦ ਕੀਰਤਨ ਗਾਇਨ ਕੀਤਾ ਗਿਆ।

## ਜਗਤੇਸ਼ਵਰ ਸਿੰਘ ਬੈਂਸ ਨੇ 'ਬਿਗ ਬ੍ਰਦਰ 25' ਜਿੱਤ ਕੇ ਰਚਿਆ ਇਤਿਹਾਸ

ਸੈਕਾਮੈਂਟੋ, ਕੈਲੀਫੋਰਨੀਆ: ਅਮਰੀਕਾ ਦਾ ਸਭ ਤੋਂ ਵੱਡਾ ਰੀਐਲਟੀ ਸ਼ੋਅ ਬਿੱਗ ਬ੍ਰਦਰਜ਼ 25 ਸਾਲ ਦੇ ਸਿੱਖ ਨੌਜਵਾਨ ਜਗਤੇਸ਼ਵਰ ਸਿੰਘ ਉਰਫ ਜੱਗ ਸਿੰਘ ਬੈਂਸ ਨੇ ਜਿੱਤ ਲਿਆ। ਉਹ ਪਹਿਲੇ ਸਿੱਖ ਬਣ ਗਏ ਹਨ ਜਿਨ੍ਹਾਂ ਨੇ ਇਹ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਨੇ 750,000 ਡਾਲਰ ਦਾ ਇਨਾਮ ਜਿੱਤਿਆ। ਪੇਸ਼ੇ ਤੋਂ ਟੱਰਕ ਕੰਪਨੀ ਦੇ ਮਾਲਿਕ ਜੱਗ ਬੈਂਸ 100 ਦਿਨ ਤੱਕ 16 ਲੋਕਾਂ ਦੇ ਨਾਲ ਇੱਕ ਘਰ ਵਿੱਚ ਰਹੇ। ਜਿੱਥੇ ਉਹ ਬਾਹਰੀ ਦੁਨੀਆ ਦੇ ਕਿਸੇ ਵੀ ਸ਼ਖਸ ਨਾਲ ਸੰਪਰਕ ਨਹੀਂ ਕਰ ਸਕਦੇ ਸਨ, ਉਨ੍ਹਾਂ ਨੂੰ ਫੋਨ ਦੀ ਇਜਾਜ਼ਤ ਵੀ ਨਹੀਂ ਸੀ। ਮੁਕਾਬਲੇ ਵਿੱਚ ਜੱਗ ਬੈਂਸ ਦੇ ਨਾਲ ਅਖੀਰ ਵਿੱਚ 2 ਹੋਰ ਪ੍ਰਤਿਭਾਗੀ ਸਨ ਜਿਨ੍ਹਾਂ






ਵਿੱਚ ਇੱਕ 27 ਸਾਲ ਦੇ ਮਾਟ ਕਲੋਟਜ਼ ਸਨ ਜੋ ਸਵਿਮਰ ਸਨ। ਇਸ ਤੋਂ ਇਲਾਵਾ ਆਸਟ੍ਰੇਲੀਆ ਦੇ 46 ਸਾਲ ਦੇ ਡੀਜੇ ਬੋਈ ਜੇਨ ਬਾਲ ਸਨ। 'ਬਿੱਗ ਬ੍ਰਦਰਜ਼' ਦੇ ਜੇਤੂ ਦਾ ਫੈਸਲਾ ਇਸੇ ਰੀਐਲਟੀ ਸ਼ੋਅ ਦੇ ਸਾਬਕਾ ਜੇਤੂਆਂ ਨੇ ਵੋਟ ਦੇ ਰਾਹੀਂ ਕੀਤਾ। ਜੱਗ ਬੈਂਸ ਦੇ ਹੱਕ ਵਿੱਚ 5 ਵੋਟ ਗਏ ਜਦਕਿ ਦੂਜੇ ਨੰਬਰ 'ਤੇ ਰਹੇ ਸਵਿਮਰ ਮਾਟ ਕਲੋਟਜ਼ ਨੂੰ ਸਿਰਫ਼ 2 ਹੀ ਵੋਟ ਹਾਸਲ ਮਿਲੇ।

ਦੱਸਣਯੋਗ ਹੈ ਕਿ ਜਗਤੇਸ਼ਵਰ ਸਿੰਘ ਬੈਂਸ 'ਬਿੱਗ ਬ੍ਰਦਰ' 'ਚ ਸ਼ਾਮਲ ਹੋਣ ਵਾਲਾ ਪਹਿਲਾ ਸਿੱਖ ਹੈ। ਸ਼ੋਅ ਵਿੱਚ ਅਮਰੀਕੀ ਟਰੱਕ ਕਾਰੋਬਾਰੀ ਜਗਤੇਸ਼ਵਰ ਸਿੰਘ ਬੈਂਸ ਤੋਂ ਇਲਾਵਾ ਕਈ ਕਲਾਕਾਰ ਸ਼ਾਮਲ ਸਨ। ਇਹ ਅਮਰੀਕੀ ਰਿਐਲਿਟੀ ਸ਼ੋਅ ਇਸੇ ਨਾਂ ਦੇ ਅਸਲ ਡੱਚ ਰਿਐਲਿਟੀ ਸ਼ੋਅ 'ਤੇ ਆਧਾਰਿਤ ਹੈ, ਜਿਸ ਨੂੰ ਨਿਰਮਾਤਾ ਜੌਨ ਡੀ ਮੋਲ ਵਲੋਂ 1997 'ਚ ਬਣਾਇਆ ਗਿਆ ਸੀ। ਲੜੀ ਦਾ ਨਾਮ ਜਾਰਜ ਓਰਵੇਲ ਦੇ 1949 ਦੇ ਨਾਵਲ 'ਨਾਈਨਟੀਨ ਏਟੀ-ਫੋਰ' ਵਿੱਚ ਇੱਕ ਪਾਤਰ ਤੋਂ ਪ੍ਰੇਰਿਤ ਹੈ। ਅਮਰੀਕੀ ਸ਼ੋਅ 5 ਜੁਲਾਈ, 2000 ਨੂੰ ਸੀ.ਬੀ.ਐਸ. 'ਤੇ ਸ਼ੁਰੂ ਕੀਤਾ ਗਿਆ ਸੀ।

# ਭਾਈ ਨਿੱਝਰ ਦੀ ਹੱਤਿਆ ਬਾਰੇ ਭਾਰਤ 'ਤੇ ਲਗਾਏ ਦੋਸ਼ਾਂ 'ਤੇ ਟਰੂਡੋ ਕਾਇਮ

## ਕਿਹਾ-ਜੇਕਰ ਸ਼ਕਤੀਸ਼ਾਲੀ ਦੇਸ਼ ਅਜਿਹਾ ਕਰਨਗੇ ਤਾਂ ਸਾਰੀ ਦੁਨੀਆਂ ਲਈ ਖ਼ਤਰਨਾਕ ਹੋਵੇਗਾ




ਟੋਰਾਂਟੋ/ਏ.ਟੀ.ਨਿਊਜ਼ : ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਖ਼ਾਲਿਸਤਾਨੀ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਨੂੰ ਇੱਕ ਵਾਰ ਫਿਰ ਘੇਰਿਆ ਹੈ। ਇੱਕ ਪੱਤਰਕਾਰ ਨੇ ਟਰੂਡੋ ਨੂੰ ਪੁੱਛਿਆ ਸੀ ਕਿ ਕੈਨੇਡਾ ਦੀ ਧਰਤੀ 'ਤੇ ਆਪਣੇ ਹੀ ਨਾਗਰਿਕ ਨਿੱਝਰ ਦੇ ਕਤਲ ਦੀ ਜਾਂਚ ਵਿੱਚ ਕੀ ਪ੍ਰਗਤੀ ਹੈ ਅਤੇ ਜੇਕਰ ਕੋਈ ਪ੍ਰਗਤੀ ਨਹੀਂ ਹੁੰਦੀ ਤਾਂ ਕੀ ਅਮਰੀਕਾ ਨੂੰ ਕੈਨੇਡਾ ਦੀ ਤਰਫੋਂ ਭਾਰਤ ਪ੍ਰਤੀ ਸਖ਼ਤ ਰੁਖ਼ ਅਖਤਿਆਰ ਕਰਨਾ ਚਾਹੀਦਾ ਹੈ ? ਇਸ ਦੇ ਜਵਾਬ ਵਿੱਚ ਜਸਟਿਨ ਟਰੂਡੋ ਨੇ ਫਿਰ ਉਹੀ ਪੁਰਾਣੇ ਦੋਸ਼ ਫਿਰ ਤੋਂ ਦੁਹਰਾਏ, ਜੋ ਉਹਨਾਂ ਨੇ ਕੈਨੇਡਾ ਦੀ ਸੰਸਦ ਵਿੱਚ ਭਾਰਤ 'ਤੇ ਲਗਾਏ ਸਨ।

ਟਰੂਡੋ ਨੇ ਕਿਹਾ ਕਿ ਸ਼ੁਰੂ ਤੋਂ ਹੀ ਜਦੋਂ ਸਾਨੂੰ ਭਰੋਸੇਮੰਦ ਦੋਸ਼ਾਂ ਬਾਰੇ ਪਤਾ ਲੱਗਾ ਕਿ ਕੈਨੇਡਾ ਦੀ ਧਰਤੀ 'ਤੇ ਇਕ ਕੈਨੇਡੀਅਨ ਨਾਗਰਿਕ ਦੇ ਕਤਲ ਵਿੱਚ ਭਾਰਤ ਸਰਕਾਰ ਦੇ ਏਜੰਟ ਸ਼ਾਮਲ ਹਨ, ਤਾਂ ਅਸੀਂ ਭਾਰਤ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਇਸ ਮਾਮਲੇ ਦੀ ਤਹਿ ਤੱਕ ਜਾਣ ਲਈ ਜਾਂਚ ਵਿੱਚ ਸਾਡੇ ਨਾਲ ਸਹਿਯੋਗ ਕਰਨ ਦੀ ਬੇਨਤੀ ਕੀਤੀ। ਉਸਨੇ ਕਿਹਾ, 'ਅਸੀਂ ਅੰਤਰਰਾਸ਼ਟਰੀ ਕਾਨੂੰਨ ਅਤੇ ਕੈਨੇਡੀਅਨ ਪ੍ਰਭੂਸੱਤਾ ਦੀ ਇਸ ਗੰਭੀਰ ਉਲੰਘਣਾ 'ਤੇ ਕਾਰਵਾਈ ਕਰਨ ਲਈ ਸੰਯੁਕਤ ਰਾਜ ਅਮਰੀਕਾ ਅਤੇ ਆਪਣੇ ਹੋਰ ਮਿੱਤਰ ਦੇਸ਼ਾਂ ਨਾਲ ਵੀ ਸੰਪਰਕ ਕੀਤਾ ਸੀ। ਇਹ ਉਹ ਚੀਜ਼ ਹੈ ਜੋ ਅਸੀਂ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ।'

ਟਰੂਡੋ ਨੇ ਕਿਹਾ ਕਿ ਅਸੀਂ ਆਪਣੇ ਸਾਰੇ ਸਹਿਯੋਗੀਆਂ ਅਤੇ ਭਾਈਵਾਲਾਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ, ਜਾਂਚ ਏਜੰਸੀਆਂ ਆਪਣਾ ਕੰਮ ਕਰਦੀਆਂ ਰਹਿਣਗੀਆਂ। ਉਨ੍ਹਾਂ ਕਿਹਾ, 'ਕੈਨੇਡਾ ਅਜਿਹਾ ਦੇਸ਼ ਹੈ ਜੋ ਹਮੇਸ਼ਾ ਕਾਨੂੰਨ ਦੀ ਪਾਲਣਾ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਵੱਡੇ ਦੇਸ਼ ਬਿਨਾਂ ਕਿਸੇ ਨਤੀਜੇ ਦੀ ਚਿੰਤਾ ਕੀਤੇ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਕਰਨਗੇ, ਤਾਂ ਸਾਰੀ ਦੁਨੀਆਂ ਸਾਰਿਆਂ ਲਈ ਖ਼ਤਰਨਾਕ ਬਣ ਜਾਵੇਗੀ।'

**ਟਰੂਡੋ ਬੋਲੇ- ਭਾਰਤ ਨੇ ਵਿਆਨਾ ਕਨਵੈਨਸ਼ਨ ਦੀ ਕੀਤੀ ਉਲੰਘਣਾ**

ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੂੰ ਕੈਨੇਡੀਅਨ ਸੰਸਦ ਮੈਂਬਰ ਚੰਦਨ ਆਰੀਆ ਵੱਲੋਂ ਪਾਰਲੀਮੈਂਟ ਹਿੱਲ 'ਤੇ ਆਯੋਜਿਤ ਇੱਕ ਸਮਾਗਮ ਵਿੱਚ ਬੁਲਾਏ ਜਾਣ ਦੇ ਸਵਾਲ 'ਤੇ ਜਸਟਿਨ ਟਰੂਡੋ ਨੇ ਕਿਹਾ, 'ਅਸੀਂ ਪੂਰੀ ਤਰ੍ਹਾਂ ਸਪੱਸ਼ਟ ਹਾਂ ਕਿ ਅਸੀਂ ਇਸ ਗੰਭੀਰ ਮਾਮਲੇ 'ਤੇ ਭਾਰਤ ਨਾਲ ਉਸਾਰੂ ਢੰਗ ਨਾਲ ਕੰਮ ਕਰਨਾ ਚਾਹੁੰਦੇ ਹਾਂ। ਅਸੀਂ ਇਸ ਦੀ ਤਹਿ ਤੱਕ ਜਾਣ ਲਈ ਭਾਰਤ ਸਰਕਾਰ ਅਤੇ ਦੁਨੀਆ ਭਰ ਦੇ ਸਾਡੇ ਭਾਈਵਾਲਾਂ ਨਾਲ ਸੰਪਰਕ ਕੀਤਾ ਹੈ।

ਇਸ ਲਈ ਸਾਨੂੰ ਬਹੁਤ ਨਿਰਾਸ਼ਾ ਹੋਈ ਜਦੋਂ ਭਾਰਤ ਨੇ ਵੀਏਨਾ ਕਨਵੈਨਸ਼ਨ ਦੀ ਉਲੰਘਣਾ ਕੀਤੀ ਅਤੇ ਮਨਮਾਨੇ ਢੰਗ ਨਾਲ 40 ਤੋਂ ਵੱਧ ਕੈਨੇਡੀਅਨ ਡਿਪਲੋਮੈਟਾਂ ਦੀ ਛੋਟ ਨੂੰ ਰੱਦ ਕਰ ਦਿੱਤਾ।'

ਟਰੂਡੋ ਨੇ ਕਿਹਾ, 'ਇਸ ਬਾਰੇ ਸਾਡੇ ਨਜ਼ਰੀਏ ਤੋਂ ਸੋਚੋ। ਸਾਡੇ ਕੋਲ ਇਹ ਮੰਨਣ ਦੇ ਗੰਭੀਰ ਕਾਰਨ ਹਨ ਕਿ ਕੈਨੇਡਾ ਦੀ ਧਰਤੀ 'ਤੇ ਕੈਨੇਡੀਅਨ ਨਾਗਰਿਕ ਦੇ ਕਤਲ ਵਿੱਚ ਭਾਰਤ ਸਰਕਾਰ ਦੇ ਏਜੰਟ ਸ਼ਾਮਲ ਹੋ ਸਕਦੇ ਹਨ ਅਤੇ ਇਸ 'ਤੇ ਭਾਰਤ ਦਾ ਜਵਾਬ ਵੀਏਨਾ ਕਨਵੈਨਸ਼ਨ ਦੀ ਉਲੰਘਣਾ ਕਰਕੇ ਕੈਨੇਡੀਅਨ ਡਿਪਲੋਮੈਟਾਂ ਦੇ ਪੂਰੇ ਸਮੂਹ ਨੂੰ ਬਾਹਰ ਕੱਢਣਾ ਸੀ। ਇਹ ਦੁਨੀਆ ਭਰ ਦੇ ਦੇਸ਼ਾਂ ਲਈ ਚਿੰਤਾ ਦਾ ਵਿਸ਼ਾ ਹੈ। ਜਦੋਂ ਕੋਈ ਦੇਸ਼ ਮਹਿਸੂਸ ਕਰਦਾ ਹੈ ਕਿ ਉਸ ਦੇ ਡਿਪਲੋਮੈਟ ਦੂਜੇ ਦੇਸ਼ ਵਿੱਚ ਸੁਰੱਖਿਅਤ ਨਹੀਂ ਹਨ, ਤਾਂ ਇਹ ਸਥਿਤੀ ਅੰਤਰਰਾਸ਼ਟਰੀ ਸਬੰਧਾਂ ਨੂੰ ਹੋਰ ਖ਼ਤਰਨਾਕ ਅਤੇ ਗੰਭੀਰ ਬਣਾ ਦਿੰਦੀ ਹੈ।'

ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸੀਂ ਹਰ ਕਦਮ 'ਤੇ ਭਾਰਤ ਨਾਲ ਉਸਾਰੂ ਅਤੇ ਸਕਾਰਾਤਮਕ ਢੰਗ ਨਾਲ ਕੰਮ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਅਸੀਂ ਅਜਿਹਾ ਕਰਦੇ ਰਹਾਂਗੇ। ਇਸ ਦਾ ਮਤਲਬ ਹੈ ਕਿ ਅਸੀਂ ਭਾਰਤ ਸਰਕਾਰ ਦੇ ਡਿਪਲੋਮੈਟਾਂ ਨਾਲ ਕੰਮ ਕਰਨਾ ਜਾਰੀ ਰੱਖਾਂਗੇ। ਟਰੂਡੋ ਨੇ ਕਿਹਾ, 'ਅਸੀਂ ਇਸ ਮੁੱਦੇ 'ਤੇ ਕਿਸੇ ਕਿਸਮ ਦੀ ਲੜਾਈ ਨਹੀਂ ਚਾਹੁੰਦੇ। ਪਰ ਅਸੀਂ ਸਪੱਸ਼ਟ ਤੌਰ 'ਤੇ ਹਮੇਸ਼ਾ ਕਾਨੂੰਨ ਨਾਲ ਖੜ੍ਹੇ ਰਹਾਂਗੇ। ਕਿਉਂਕਿ ਕੈਨੇਡਾ ਕਾਨੂੰਨ ਦੇ ਰਾਜ ਵਿੱਚ ਵਿਸ਼ਵਾਸ ਰੱਖਦਾ ਹੈ। ਵਰਣਨਯੋਗ ਹੈ ਕਿ ਹਰਦੀਪ ਸਿੰਘ ਨਿੱਝਰ ਦਾ ਇਸ ਸਾਲ 18 ਜੂਨ ਨੂੰ ਸਰੀ ਦੇ ਇਕ ਗੁਰਦੁਆਰੇ ਦੇ ਪਾਰਕਿੰਗ ਖੇਤਰ ਵਿਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ।'

### ਭਾਈ ਨਿੱਝਰ ਦੇ ਕਤਲ ਦਾ ਮਾਮਲਾ: ਹੁਣ ਤੱਕ ਕੀ ਕੁਝ ਹੋਇਆ

ਸਤੰਬਰ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੈਨੇਡੀਅਨ ਏਜੰਸੀਆਂ ਦੇ ਹਵਾਲੇ ਨਾਲ ਭਾਈ ਨਿੱਝਰ ਕਤਲ ਕੇਸ ਅਤੇ ਭਾਰਤ ਸਰਕਾਰ ਵਿਚਾਲੇ ਪ੍ਰਤੱਖ ਲਿੰਕ ਹੋਣ ਦੀ ਗੱਲ ਕਹੀ ਸੀ। ਇਸ ਬਿਆਨ ਤੋਂ ਬਾਅਦ ਕੈਨੇਡਾ ਨੇ ਭਾਰਤ ਦੇ ਸੀਨੀਅਰ ਡਿਪਲੋਮੇਟ ਪਵਨ ਕੁਮਾਰ ਰਾਏ ਨੂੰ ਮੁਲਕ ਵਿੱਚੋਂ ਕੱਢ ਦਿੱਤਾ ਸੀ।

ਭਾਰਤ ਨੇ ਵੀ ਕੈਨੇਡਾ ਦੇ ਸੀਨੀਅਰ ਡਿਪਲੋਮੇਟ ਨੂੰ ਪੰਜ ਦਿਨਾਂ ਦੇ ਅੰਦਰ ਭਾਰਤ ਛੱਡਣ ਦਾ ਹੁਕਮ ਦਿੱਤਾ ਸੀ।

21 ਸਤੰਬਰ ਨੂੰ ਨਿਊਯਾਰਕ ਵਿੱਚ ਟਰੂਡੋ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਆਪਣੇ ਇਲਜ਼ਾਮ ਦੁਹਰਾਏ, "ਇਸ ਗੱਲ ਉੱਤੇ ਭਰੋਸਾ ਕਰਨ ਲਈ ਪੁਖ਼ਤਾ ਕਾਰਨ ਹਨ ਕਿ ਭਾਰਤੀ ਏਜੰਟ ਇੱਕ ਕੈਨੇਡੀਅਨ ਨਾਗਰਿਕ ਦੇ ਕੈਨੇਡੀਅਨ ਧਰਤੀ ਉੱਤੇ ਹੋਏ ਕਤਲ ਵਿੱਚ ਸ਼ਾਮਿਲ ਹਨ।"

ਇਸ ਵਿਵਾਦ ਦੇ ਚਲਦਿਆਂ ਦੋਵੇਂ ਦੇਸ਼ਾਂ ਨੇ ਆਪਣੇ-ਆਪਣੇ ਨਾਗਰਿਕਾਂ ਨੂੰ ਇੱਕ-ਦੂਜੇ ਦੇ ਦੇਸ਼ 'ਚ ਰਹਿਣ ਜਾਂ ਯਾਤਰਾ ਦੌਰਾਨ ਵਧੇਰੇ ਸਾਵਧਾਨ ਰਹਿਣ ਦੀਆਂ ਹਦਾਇਤਾਂ ਦਿੱਤੀਆਂ ਸਨ।

ਇਸੇ ਦੌਰਾਨ ਅਮਰੀਕਾ ਨੇ ਕਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਲਾਏ ਇਲਜ਼ਾਮਾਂ ਦੀ ਵਿਸਥਾਰਤ ਜਾਂਚ ਦਾ ਸਮਰਥਕ ਹੈ ਅਤੇ ਭਾਰਤ ਨੂੰ ਇਸ ਮਸਲੇ ਉੱਤੇ ਸਹਿਯੋਗ ਕਰਨਾ ਚਾਹੀਦਾ ਹੈ।

20 ਅਕਤੂਬਰ ਨੂੰ ਕੈਨੇਡਾ ਵੱਲੋਂ ਭਾਰਤ ਵਿੱਚਲੇ ਆਪਣੇ 41 ਕੂਟਨੀਤਕਾਂ ਨੂੰ ਵਾਪਸ ਬੁਲਾਇਆ ਗਿਆ ਸੀ।

25 ਅਕਤੂਬਰ ਨੂੰ ਭਾਰਤ ਦੇ ਕੈਨੇਡਾ ਦੇ ਨਾਗਰਿਕਾਂ ਲਈ ਚਾਰ ਵੀਜ਼ਾ ਸੇਵਾਵਾਂ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ।

# ਸਿੱਖ ਨਸਲਕੁਸ਼ੀ 1984 ਦੇ ਦੁਖਾਂਤ ਨੂੰ ਚੇਤੇ ਕਰਦਿਆਂ ਕੈਨੇਡਾ ਵਿੱਚ ਖ਼ੂਨਦਾਨ ਮੁਹਿੰਮ ਨੂੰ ਮਿਲਿਆ ਬੇਮਿਸਾਲ ਹੁੰਗਾਰਾ




ਐਬਸਬੋਰਡ/ਡਾ. ਗੁਰਵਿੰਦਰ ਸਿੰਘ : ਸਿੱਖ ਨਸਲਕੁਸ਼ੀ 1984 ਦੇ ਦੁਖਾਂਤ ਦੇ 39ਵੇਂ ਵਰ੍ਹੇ 'ਤੇ ਕੈਨੇਡਾ ਦੀ ਰਾਜਧਾਨੀ ਆਟਵਾ ਅਤੇ ਬ੍ਰਿਟਿਸ਼ ਕਲੰਬੀਆ ਦੇ ਸ਼ਹਿਰ ਐਬਸਫੋਰਡ ਸਮੇਤ, ਕੈਨੇਡਾ ਦੇ ਹੋਰਨਾਂ ਸ਼ਹਿਰਾਂ ਵਿੱਚ ਸਿੱਖ ਕੌਮ ਵੱਲੋਂ ਖ਼ੂਨਦਾਨ ਕੈਂਪ ਲਗਾਏ ਗਏ, ਜਿਨਾਂ ਨੂੰ ਭਰਪੂਰ ਹੁੰਗਾਰਾ ਮਿਲਿਆ। ਐਬਸਫੋਰਡ ਦੇ ਕਲੀਅਰਬਰੁਕ ਤੇ ਬਲੂਰਿਜ ਦੇ ਕੋਨੇ 'ਤੇ ਸਥਿਤ ਐਬਸਫੋਰਡ ਚਰਚ ਵਿਖੇ ਦੋਵੇਂ ਹੀ ਦਿਨ ਵੱਡੀ ਗਿਣਤੀ ਵਿੱਚ ਵਲੰਟੀਅਰ ਅਤੇ ਖ਼ੂਨਦਾਨ ਕਰਨ ਵਾਲੇ ਸ਼ਖਸੀਅਤਾਂ ਸ਼ਾਮਿਲ ਹੋਈਆਂ। ਬੇਮਿਸਾਲ ਹੁੰਗਾਰੇ ਦੇ ਰੂਪ ਵਿੱਚ ਸਿੱਖ ਨੌਜਵਾਨਾਂ ਅਤੇ ਬੱਚਿਆਂ ਨੇ ਭਰਪੂਰ ਸਹਿਯੋਗ ਦਿੱਤਾ ਅਤੇ ਖ਼ੂਨਦਾਨ ਦੇ ਮਕਸਦ ਬਾਰੇ ਮੀਡੀਆ ਨਾਲ ਗੱਲਬਾਤ ਕੀਤੀ।



ਸਿੱਖ ਕੌਮ ਵੱਲੋਂ ਚਲਾਈ ਜਾ ਰਹੀ ਖ਼ੂਨ ਦਾਨ ਮੁਹਿੰਮ ਮੌਕੇ ਬੁਲਾਰਿਆਂ ਨੇ ਕਿਹਾ ਕਿ ਜਿੱਥੇ ਸਿੱਖ ਨਸਲਕੁਸ਼ੀ ਨਾ ਭੁੱਲਣ ਯੋਗ ਅਤੇ ਨਾ ਮਾਫ ਕਰਨਯੋਗ ਦੁਖਾਂਤ ਹੈ, ਉਥੇ ਖ਼ੂਨ ਦੇ ਕੇ, ਸਿੱਖ ਕੌਮ ਜਾਨਾਂ ਬਚਾਉਣ ਲਈ ਅਹਿਦ ਕਰਦੀ ਹੈ। ਹੁਣ ਤੱਕ 1 ਲੱਖ 76 ਜਾਨਾਂ ਬਚਾਈਆਂ ਜਾ ਚੁੱਕੀਆਂ ਹਨ। ਨਵੰਬਰ ਮਹੀਨੇ ਦੌਰਾਨ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਖੇ ਇਹ ਕੈਂਪ, ਪੂਰਾ ਮਹੀਨਾ ਲਗਾਏ ਜਾਣਗੇ। ਐਬਸਫੋਰਡ ਕੈਂਪ ਮੌਕੇ 'ਤੇ ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਐਬਸਫੋਰਡ ਦੇ ਸਾਬਕਾ ਮੁੱਖ ਸੇਵਾਦਾਰ ਭਾਈ ਗੁਰਨੀਕ ਸਿੰਘ ਬਰਾੜ ਨੇ ਕਿਹਾ ਕਿ ਉਹਨਾਂ ਆਪਣੀ ਜ਼ਿੰਦਗੀ ਵਿੱਚ ਸਿੱਖਾਂ ਵੱਲੋਂ ਕੀਤੇ ਜਾ ਰਹੇ ਹਰੇਕ ਖ਼ੂਨਦਾਨ ਨੂੰ ਅੱਖੀ ਦੇਖਿਆ ਅਤੇ ਨਾਲ ਖ਼ੁਦ ਸੇਵਾ ਨਿਭਾਈ ਹੈ। ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਅਜਿਹੇ ਖ਼ੂਨਦਾਨ ਕੈਂਪਾਂ ਰਾਹੀਂ ਸਿੱਖ ਕੌਮ 'ਤੇ ਹੋਏ ਜ਼ੁਲਮ ਨੂੰ ਚੇਤੇ ਕੀਤਾ ਜਾਵੇ ਅਤੇ ਸੰਸਾਰ ਨੂੰ ਦੱਸਿਆ ਜਾਵੇ ਕਿ ਕਿਸ ਤਰੀਕੇ ਨਾਲ ਸਿੱਖਾਂ ਦੀ ਨਸਲਕੁਸ਼ੀ ਹੋਈ। ਇਸ ਕੈਂਪ ਮੌਕੇ ਭਰਭੂਰ ਹੁੰਗਾਰਾ ਵੇਖਦਿਆਂ ਹੋਇਆਂ ਕਨੇਡੀਅਨ ਬਲੱਡ ਸਰਵਿਸਜ਼ ਨੇ ਸਿੱਖ ਕੌਮ ਦੀ ਪੁਰਜ਼ੋਰ ਪ੍ਰਸ਼ੰਸਾ ਕੀਤੀ।

# ਚਿਕਨਗੁਨੀਆ ਵਾਇਰਸ ਦੇ ਖ਼ਿਲਾਫ਼ ਪਹਿਲੀ ਵੈਕਸੀਨ ਨੂੰ ਅਮਰੀਕਾ ਨੇ ਦਿੱਤੀ ਮਨਜ਼ੂਰੀ

ਵਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਸਿਹਤ ਅਧਿਕਾਰੀਆਂ ਨੇ ਹੁਣੇ ਜਿਹੇ ਚਿਕਨਗੁਨੀਆ ਵਾਇਰਸ ਲਈ ਦੁਨੀਆਂ ਦੀ ਪਹਿਲੀ ਵੈਕਸੀਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਵਾਇਰਸ, ਸੰਕਰਮਿਤ ਮੱਛਰਾਂ ਦੁਆਰਾ ਫੈਲਦਾ ਹੈ, ਨੂੰ ਫੂਡ ਐਂਡ ਡਰੱਗ ਐਡਮਨਿਸਟਰੇਸ਼ਨ (ਐਫ.ਡੀ.ਏ.) ਦੁਆਰਾ 'ਇੱਕ ਉੱਭਰਦਾ ਹੋਇਆ ਵਿਸ਼ਵਵਿਆਪੀ ਸਿਹਤ ਖਤਰਾ' ਕਿਹਾ ਗਿਆ ਹੈ। ਏ.ਐਫ.ਪੀ. ਦੀ ਰਿਪੋਰਟ ਦੇ ਅਨੁਸਾਰ, ਇਹ ਟੀਕਾ ਯੂਰਪ ਦੇ ਵਾਲਨੇਵਾ ਦੁਆਰਾ ਵਿਕਸਤ ਕੀਤਾ ਗਿਆ ਹੈ, ਜਿਸ ਨੂੰ ਲੈਕਸਚਿਕ ਨਾਮ ਨਾਲ ਵੇਚਿਆ ਜਾਵੇਗਾ।




ਫੂਡ ਐਂਡ ਡਰੱਗ ਐਡਮਨਿਸਟਰੇਸ਼ਨ (ਐਫ.ਡੀ.ਏ.) ਨੇ ਕਿਹਾ, ਲੈਕਸਚਿਕ ਨੂੰ 18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਮਨਜ਼ੂਰੀ ਦਿੱਤੀ ਗਈ ਸੀ ਜਿਨ੍ਹਾਂ ਨੂੰ ਐਕਸਪੋਜਰ ਦਾ ਵੱਧ ਜੋਖਮ ਹੁੰਦਾ ਹੈ। ਯੂ. ਐਸ. ਡਰੱਗ ਰੈਗੂਲੇਟਰ ਦੁਆਰਾ ਲੈਕਸਚਿਕ ਨੂੰ ਹਰੀ ਝੰਡੀ ਦੇਣ ਨਾਲ ਉਨ੍ਹਾਂ ਦੇਸ਼ਾਂ ਵਿੱਚ ਵੈਕਸੀਨ ਦੇ ਰੋਲਆਊਟ ਨੂੰ ਤੇਜ਼ ਕਰਨ ਦੀ ਉਮੀਦ ਹੈ ਜਿੱਥੇ ਵਾਇਰਸ ਸਭ ਤੋਂ ਵੱਧ ਫੈਲਿਆ ਹੋਇਆ ਹੈ। ਯਾਦ ਰਹੇ ਕੀ ਚਿਕਨਗੁਨੀਆ ਰੋਗ ਮੱਛਰਾਂ ਦੁਆਰਾ ਪ੍ਰਸਾਰਿਤ ਚਿਕਨਗੁਨੀਆ ਵਾਇਰਸ ਕਾਰਨ ਹੁੰਦਾ ਹੈ ਅਤੇ ਬੁਖਾਰ ਅਤੇ ਜੋੜਾਂ ਦੇ ਦਰਦ ਦਾ ਕਾਰਨ ਬਣਦਾ ਹੈ। ਇਸ ਸਮੇਂ ਦੌਰਾਨ, ਮਰੀਜ਼ਾਂ ਨੂੰ ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਜੋੜਾਂ ਵਿੱਚ ਸੋਜ ਜਾਂ ਧੱਫੜ ਵੀ ਹੋ ਸਕਦੇ ਹਨ। ਇਹ ਅਫ਼ਰੀਕਾ, ਦੱਖਣ-ਪੂਰਬੀ ਏਸ਼ੀਆ ਅਤੇ ਅਮਰੀਕਾ ਦੇ ਕੁਝ ਹਿੱਸਿਆਂ ਦੇ ਗਰਮ ਖੰਡੀ ਅਤੇ ਉਪ-ਉਪਖੰਡੀ ਖੇਤਰਾਂ ਵਿੱਚ ਸਭ ਤੋਂ ਵੱਧ ਫੈਲਿਆ ਹੋਇਆ ਹੈ, ਜਿਸ ਨਾਲ ਬਿਮਾਰੀ ਦੇ ਵਿਸ਼ਵਵਿਆਪੀ ਪ੍ਰਸਾਰ ਵਿੱਚ ਵਾਧਾ ਹੋਇਆ ਹੈ।

ਤੁਹਾਨੂੰ ਦੱਸ ਦੇਈਏ ਕਿ ਚਿਕਨਗੁਨੀਆ ਵੈਕਸੀਨ ਦੇ ਸਬੰਧ ਵਿੱਚ ਉੱਤਰੀ ਅਮਰੀਕਾ ਵਿੱਚ 3,500 ਲੋਕਾਂ ਉੱਤੇ ਦੋ ਕਲੀਨਿਕਲ ਟਰਾਇਲ ਕੀਤੇ ਗਏ ਸਨ। ਇਸ ਮਿਆਦ ਦੇ ਦੌਰਾਨ, ਸਿਰ ਦਰਦ, ਥਕਾਵਟ, ਮਾਸਪੇਸ਼ੀ ਅਤੇ ਜੋੜਾਂ ਵਿੱਚ ਦਰਦ, ਬੁਖਾਰ ਅਤੇ ਮਤਲੀ ਵਰਗੇ ਆਮ ਮਾੜੇ ਪ੍ਰਭਾਵ ਦੇਖੇ ਗਏ।

## ਹਮਾਸ ਨੇ ਗਾਜ਼ਾ ਪੱਟੀ 'ਤੇ ਕੰਟਰੋਲ ਗੁਆਇਆ

# ਇਜ਼ਰਾਇਲੀ ਫੌਜ ਦਾ ਗਾਜ਼ਾ ਵਿੱਚ ਹਮਾਸ ਦੀ ਸੰਸਦ 'ਤੇ ਕਬਜ਼ਾ

## ਗਾਜ਼ਾ ਵਿੱਚ ਹੁਣ ਤੱਕ ਸੰਯੁਕਤ ਰਾਸ਼ਟਰ ਦੇ 102 ਕਰਮਚਾਰੀਆਂ ਦੀ ਮੌਤ ਹੋਈ

ਗਾਜ਼ਾ/ਏ.ਟੀ.ਨਿਊਜ਼: ਹਮਾਸ ਨਾਲ ਚੱਲ ਰਹੀ ਜੰਗ ਦਰਮਿਆਨ ਇਜ਼ਰਾਇਲੀ ਫੌਜ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਦਰਅਸਲ, ਇਜ਼ਰਾਇਲੀ ਡਿਫੈਂਸ ਫੋਰਸ ਦੇ ਜਵਾਨਾਂ ਨੇ ਗਾਜ਼ਾ ਵਿੱਚ ਹਮਾਸ ਦੀ ਸੰਸਦ 'ਤੇ ਕਬਜ਼ਾ ਕਰਨ ਦਾ ਦਾਅਵਾ ਕੀਤਾ ਹੈ। ਇਜ਼ਰਾਈਲ ਨੇ ਆਪਣੇ ਤਾਜ਼ਾ ਦਾਅਵੇ ਵਿੱਚ ਕਿਹਾ ਹੈ ਕਿ ਹਮਾਸ ਨੇ ਗਾਜ਼ਾ ਪੱਟੀ 'ਤੇ ਕੰਟਰੋਲ ਗੁਆ ਦਿੱਤਾ ਹੈ। ਇਸ ਤੋਂ ਪਹਿਲਾਂ ਇਜ਼ਰਾਇਲੀ ਫੌਜ ਨੇ ਇਕ ਫੋਟੋ ਸ਼ੇਅਰ ਕੀਤੀ ਸੀ, ਜਿਸ ਵਿੱਚ ਹਮਾਸ ਦੀ ਸੰਸਦ ਵਿਚ ਇਜ਼ਰਾਇਲੀ ਫੌਜੀ ਆਪਣਾ ਝੰਡਾ ਲਹਿਰਾਉਂਦੇ ਨਜ਼ਰ ਆ ਰਹੇ ਹਨ। ਇਜ਼ਰਾਈਲ ਦੇ ਰੱਖਿਆ ਮੰਤਰੀ ਯੋਵ ਗੈਲੈਂਟ ਨੇ ਇਜ਼ਰਾਈਲ ਦੇ ਰਾਸ਼ਟਰੀ ਟੀਵੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਗਾਜ਼ਾ ਪੱਟੀ ਪੂਰੀ ਤਰ੍ਹਾਂ ਸਾਡੇ ਕੰਟਰੋਲ ਵਿਚ ਹੈ।



ਦਿ ਟਾਈਮਜ਼ ਆਫ ਇਜ਼ਰਾਈਲ ਦੀ ਰਿਪੋਰਟ ਮੁਤਾਬਕ, ਫਲਸਤੀਨੀ ਵਿਧਾਨ ਪ੍ਰੀਸ਼ਦ ਦੀ ਇਮਾਰਤ 2007 ਤੋਂ ਹਮਾਸ ਦੇ ਕੰਟਰੋਲ ਹੇਠ ਸੀ, ਜਿਸ ਨੂੰ ਹੁਣ ਇਜ਼ਰਾਈਲੀ ਬਲਾਂ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਇਸ ਤੋਂ ਪਹਿਲਾਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਸਪੱਸ਼ਟ ਕਰ ਚੁੱਕੇ ਹਨ ਕਿ ਹਮਾਸ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਤੋਂ ਬਾਅਦ ਹੀ ਇਹ ਜੰਗ ਰੁਕਣ ਵਾਲੀ ਹੈ, ਅਜਿਹੇ ਵਿੱਚ ਇਜ਼ਰਾਇਲੀ ਫੌਜ ਤੇਜ਼ੀ ਨਾਲ ਹਮਾਸ ਦੇ ਟਿਕਾਣਿਆਂ ਨੂੰ ਤਬਾਹ ਕਰ ਰਹੀ ਹੈ। ਹੁਣ ਹਮਾਸ ਦੇ ਲੜਾਕੇ ਦੱਖਣ ਵੱਲ ਭੱਜ ਰਹੇ ਹਨ।

ਜ਼ਿਕਰਯੋਗ ਹੈ ਕਿ ਇਜ਼ਰਾਈਲ-ਹਮਾਸ ਜੰਗ ਨੂੰ ਇੱਕ ਮਹੀਨੇ ਤੋਂ ਵੱਧ ਸਮਾਂ ਹੋ ਗਿਆ ਹੈ। ਹਾਲਾਂਕਿ ਇਹ ਸੰਘਰਸ਼ ਖ਼ਤਮ ਨਹੀਂ ਹੋ ਰਿਹਾ ਹੈ। ਜੰਗ ਕਾਰਨ ਗਾਜ਼ਾ ਵਿੱਚ ਹੁਣ ਤੱਕ 23 ਲੱਖ ਲੋਕਾਂ ਨੂੰ ਆਪਣਾ ਘਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣਾ ਪਿਆ ਹੈ। 15000 ਦੇ ਕਰੀਬ ਲੋਕ ਮਾਰੇ ਜਾ ਚੁਕੇ ਹਨ। ਗਾਜ਼ਾ ਵਿੱਚ ਹੁਣ ਤੱਕ ਸੰਯੁਕਤ ਰਾਸ਼ਟਰ ਦੇ 102 ਕਰਮਚਾਰੀਆਂ ਦੀ ਮੌਤ ਹੋ ਚੁੱਕੀ ਹੈ, ਯੂ.ਐਨ.ਆਰ.ਡਬਲਯੂ.ਏ. ਦੇ ਇਤਿਹਾਸ ਵਿੱਚ ਸਭ ਤੋਂ ਵੱਧ ਅੰਕੜਾ ਹੈ।

**ਬੰਧਕਾਂ ਦੀ ਰਿਹਾਈ ਬਾਰੇ ਇਜਰਾਈਲ ਤੇ ਹਮਾਸ ਦੀ ਗੱਲਬਾਤ**

ਯੁੱਧ ਦੇ ਵਿਚਕਾਰ, ਇਜ਼ਰਾਈਲ ਅਤੇ ਹਮਾਸ ਬੰਧਕਾਂ ਦੀ ਰਿਹਾਈ 'ਤੇ ਇੱਕ ਸਮਝੌਤੇ ਦੇ ਨੇੜੇ ਹਨ। ਦਰਅਸਲ, ਇਜ਼ਰਾਈਲ ਅਤੇ ਹਮਾਸ ਬੰਧਕਾਂ ਲਈ ਫਲਸਤੀਨੀ ਕੈਦੀਆਂ ਦੀ ਅਦਲਾ-ਬਦਲੀ ਲਈ ਇੱਕ ਸਮਝੌਤੇ 'ਤੇ ਪਹੁੰਚਣ ਦੇ ਨੇੜੇ ਹਨ। ਵਾਸ਼ਿੰਗਟਨ ਪੋਸਟ ਦੇ ਕਾਲਮਨਵੀਸ ਡੇਵਿਡ ਇਗਨੇਟਿਅਸ ਨੇ ਇਜ਼ਰਾਈਲੀ ਅਧਿਕਾਰੀ ਦੇ ਹਵਾਲੇ ਨਾਲ ਇਸ ਦੀ ਪੁਸ਼ਟੀ ਕੀਤੀ।

ਫਲਸਤੀਨੀ ਕੱਟੜਪੰਥੀ ਸਮੂਹ ਹਮਾਸ ਨੇ ਕਿਹਾ ਕਿ ਉਹ ਇਜ਼ਰਾਈਲ ਨਾਲ ਪੰਜ ਦਿਨਾਂ ਦੀ ਜੰਗਬੰਦੀ ਦੇ ਬਦਲੇ ਗਾਜ਼ਾ ਵਿੱਚ ਬੰਦ 70 ਔਰਤਾਂ ਅਤੇ ਬੱਚਿਆਂ ਨੂੰ ਰਿਹਾਅ ਕਰਨ ਲਈ ਤਿਆਰ ਹੈ। ਹਥਿਆਰਬੰਦ ਵਿੰਗ ਦੇ ਬੁਲਾਰੇ ਅਬੂ ਓਬੈਦਾ ਨੇ ਕਿਹਾ ਕਿ ਇਜ਼ਰਾਇਲੀ ਬੰਧਕਾਂ ਦੀ ਰਿਹਾਈ ਸਿਰਫ ਇੱਕ ਸ਼ਰਤ 'ਤੇ ਹੋਵੇਗੀ। ਦਰਅਸਲ, ਬੰਧਕਾਂ ਨੂੰ ਰਿਹਾਅ ਕਰਨ ਲਈ ਹਮਾਸ ਨੇ ਇਜ਼ਰਾਈਲ ਨੂੰ ਉਨ੍ਹਾਂ ਫਲਸਤੀਨੀਆਂ ਨੂੰ ਰਿਹਾਅ ਕਰਨ ਲਈ ਕਿਹਾ ਹੈ ਜੋ ਸਾਲਾਂ ਤੋਂ ਇਜ਼ਰਾਈਲ ਦੀਆਂ ਜੇਲ੍ਹਾਂ ਵਿੱਚ ਬੰਦ ਹਨ। ਹਮਾਸ ਦੇ ਬੁਲਾਰੇ ਨੇ ਕਿਹਾ ਕਿ ਕਤਰ ਦੀ ਵਿਚੋਲਗੀ ਵਿੱਚ ਇਜ਼ਰਾਈਲ ਨਾਲ ਗੱਲਬਾਤ ਚੱਲ ਰਹੀ ਹੈ। ਹਾਲਾਂਕਿ ਹਮਾਸ ਨੇ ਇਹ ਸਪੱਸ਼ਟ ਨਹੀਂ ਕੀਤਾ ਕਿ ਇਜ਼ਰਾਈਲ ਦੀਆਂ ਜੇਲ੍ਹਾਂ ਵਿੱਚ ਕਿੰਨੇ ਫਲਸਤੀਨੀ ਕੈਦ ਹਨ ਅਤੇ ਇਜ਼ਰਾਈਲ ਕਿੰਨੇ ਲੋਕਾਂ ਨੂੰ ਰਿਹਾਅ ਕਰੇਗਾ। ਵਾਸ਼ਿੰਗਟਨ ਪੋਸਟ ਨੇ ਇੱਕ ਇਜ਼ਰਾਈਲੀ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਕਿ ਸੌਦੇ ਦੀ ਆਮ ਰੂਪਰੇਖਾ ਨੂੰ ਸਮਝ ਲਿਆ ਗਿਆ ਹੈ। ਅਸਥਾਈ ਸਮਝੌਤੇ ਵਿੱਚ ਇਜ਼ਰਾਈਲੀ ਔਰਤਾਂ ਅਤੇ ਬੱਚਿਆਂ ਨੂੰ ਰਿਹਾਅ ਕਰਨ ਦੀ ਅਪੀਲ ਕੀਤੀ ਗਈ ਹੈ। ਇਸ ਦੇ ਬਦਲੇ ਇਜ਼ਰਾਈਲ ਦੀਆਂ ਜੇਲ੍ਹਾਂ ਵਿੱਚ ਬੰਦ ਫਲਸਤੀਨੀ ਔਰਤਾਂ ਅਤੇ ਨੌਜਵਾਨਾਂ ਨੂੰ ਵੀ ਰਿਹਾਅ ਕੀਤਾ ਜਾਵੇਗਾ। ਇਸ ਦੇ ਨਾਲ ਹੀ ਇਜ਼ਰਾਈਲ ਤੋਂ ਰਿਹਾਅ ਕੀਤੇ ਜਾਣ ਵਾਲੇ ਫਲਸਤੀਨੀ ਔਰਤਾਂ ਅਤੇ ਨੌਜਵਾਨਾਂ ਦੀ ਗਿਣਤੀ ਸਪੱਸ਼ਟ ਨਹੀਂ ਹੈ।

ਹਮਾਸ ਦੇ ਬੁਲਾਰੇ ਨੇ ਅੱਗੇ ਕਿਹਾ ਕਿ ਇਹ ਜੰਗਬੰਦੀ ਪੂਰੀ ਹੋਣੀ ਚਾਹੀਦੀ ਹੈ ਤਾਂ ਜੋ ਪ੍ਰਭਾਵਿਤ ਲੋਕਾਂ ਤੱਕ ਮਨੁੱਖੀ ਸਹਾਇਤਾ ਪਹੁੰਚਾਈ ਜਾ ਸਕੇ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋ ਬਾਇਡੇਨ ਨੇ ਕਤਰ ਦੇ ਅਮੀਰ ਤਮੀਮ ਬਿਨ ਹਮਦ ਅਲ-ਥਾਨੀ ਨਾਲ ਗੱਲ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਇਜ਼ਰਾਈਲ ਅਤੇ ਹਮਾਸ ਵਿਚਾਲੇ ਵਿਚੋਲਗੀ ਦੀ ਕੋਸ਼ਿਸ਼ ਕਰਨ 'ਤੇ ਵੀ ਉਨ੍ਹਾਂ ਦੀ ਤਾਰੀਫ ਕੀਤੀ। ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਕਰੀਬ 16 ਸਾਲਾਂ ਬਾਅਦ ਗਾਜ਼ਾ ਪੱਟੀ 'ਤੇ ਹਮਾਸ ਦਾ ਕੰਟਰੋਲ ਖਤਮ ਹੋ ਗਿਆ ਹੈ।

## ਫਲੋਰਿਡਾ ਦੇ ਪਾਣੀਆਂ ਵਿੱਚ ਡੁੱਬ ਰਹੀ ਕਿਸ਼ਤੀ 'ਚੋਂ 34 ਪ੍ਰਵਾਸੀਆਂ ਨੂੰ ਅਮਰੀਕੀ ਤੱਟੀ ਜਵਾਨਾਂ ਨੇ ਬਚਾਇਆ

ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਵਿੱਚ ਸਮੁੰਦਰੀ ਰਸਤੇ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ 34 ਪ੍ਰਵਾਸੀਆਂ ਨੂੰ ਯੂ ਐਸ ਕੋਸਟ ਗਾਰਡ ਵੱਲੋਂ ਉਸ ਵੇਲੇ ਤੁਰੰਤ ਕਾਰਵਾਈ ਕਰਕੇ ਬਚਾ ਲਏ ਜਾਣ ਦੀ ਖਬਰ ਹੈ ਜਦੋਂ ਉਨਾਂ ਦੀ ਕਿਸ਼ਤੀ ਫਲੋਰਿਡਾ ਦੇ ਪਾਣੀਆਂ ਵਿੱਚ ਡੁੱਬਣ ਵਾਲੀ ਸੀ। ਯੂ ਐਸ ਕੋਸਟ ਗਾਰਡ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਘਟਨਾ ਪ੍ਰਮੁੱਖ ਕੋਲੋਨੀ ਬੀਚ ਦੇ ਦੱਖਣ ਵਿਚ ਤਕਰੀਬਨ 8 ਮੀਲ ਦੂਰ ਵਾਪਰੀ। ਮੇਨ ਅਟਰੈਕਸ਼ਨ ਸਪੋਰਟਫਿਸ਼ਿੰਗ ਚਾਰਟਰਜ ਦੇ ਸਹਿ ਮਾਲਕ ਕੇਟੀ ਲੇਵਿਸ ਅਨੁਸਾਰ ਕੈਪਟਨ ਮਾਰਟੀ ਲੈਵਿਸ ਨੇ ਤੁਰੰਤ ਇਸ ਦੀ ਸੂਚਨਾ ਅਧਿਕਾਰੀਆਂ ਨੂੰ ਦਿੱਤੀ। ਜਿਸ ਉਪਰੰਤ ਅਮਰੀਕੀ ਤੱਟੀ ਜਵਾਨਾਂ ਨੇ ਸਾਰੇ 34 ਪ੍ਰਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਉਪਰੰਤ ਉਨਾਂ ਨੂੰ ਭੋਜਨ, ਪਾਣੀ ਤੇ ਮੁੱਢਲੀ ਡਾਕਟਰੀ ਸਹਾਇਤਾ ਦਿੱਤੀ ਗਈ।



ਕੋਸਟ ਗਾਰਡ ਅਨੁਸਾਰ ਸਾਰੇ ਪ੍ਰਵਾਸੀ ਠੀਕ ਠਾਕ ਹਨ ਤੇ ਕਿਸੇ ਦੇ ਵੀ ਜ਼ਖਮੀ ਹੋਣ ਦੀ ਰਿਪੋਰਟ ਨਹੀਂ ਹੈ। ਕੋਸਟ ਗਾਰਡ ਅਧਿਕਾਰੀਆਂ ਨੇ ਕਿਹਾ ਹੈ ਕਿ ਪ੍ਰਵਾਸੀਆਂ ਦੀ ਪਛਾਣ ਕੀਤੀ ਜਾ ਰਹੀ ਹੈ ਜਿਸ ਉਪਰੰਤ ਉਨਾਂ ਨੂੰ ਉਨਾਂ ਦੇ ਮੂਲ ਦੇਸ਼ ਵਾਪਿਸ ਭੇਜ ਦਿੱਤਾ ਜਾਵੇਗਾ। ਇਨਾਂ ਪ੍ਰਵਾਸੀਆਂ ਵਿਚ ਕਿਸੇ ਭਾਰਤੀ ਦੇ ਸ਼ਾਮਿਲ ਹੋਣ ਦੀ ਪੁਸ਼ਟੀ ਨਹੀਂ ਹੋ ਸਕੀ।

## ਚੀਨ ਅਤੇ ਪਾਕਿਸਤਾਨ ਦੀਆਂ ਜਲ ਸੈਨਾਵਾਂ ਨੇ ਅਰਬ ਸਾਗਰ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਅਭਿਆਸ ਸ਼ੁਰੂ ਕੀਤਾ

### ਚੀਨ ਦੀ ਚੁਣੌਤੀ ਦਾ ਰਲ ਕੇ ਟਾਕਰਾ ਕਰਨਗੇ ਭਾਰਤ ਤੇ ਅਮਰੀਕਾ

ਬੀਜਿੰਗ/ਏ.ਟੀ.ਨਿਊਜ਼ : ਪਾਕਿਸਤਾਨ ਅਤੇ ਚੀਨ ਦੀਆਂ ਫੌਜਾਂ ਵਿਚਾਲੇ ਬੀਤੇ ਦਿਨੀਂ ਅਰਬ ਸਾਗਰ ਵਿੱਚ ਸਭ ਤੋਂ ਵੱਡਾ ਜਲ ਸੈਨਾ ਅਭਿਆਸ ਸ਼ੁਰੂ ਹੋ ਚੁਕਾ ਹੈ। ਚੀਨ ਮੁਤਾਬਕ ਇਹ ਦੋਵੇਂ ਦੇਸ਼ਾਂ ਵਿਚਾਲੇ ਰਣਨੀਤਕ ਸਮੁੰਦਰੀ ਮਾਰਗਾਂ ਦੀ ਸਾਂਝੀ ਸੁਰੱਖਿਆ ਦੇ ਨਾਲ-ਨਾਲ ਖੇਤਰੀ ਸ਼ਾਂਤੀ ਅਤੇ ਸਥਿਰਤਾ ਨੂੰ ਵਧਾਉਣ ਦਾ ਅਭਿਆਸ ਹੈ। ਪਰ ਮਾਹਿਰਾਂ ਅਨੁਸਾਰ ਇਹ ਜਲ ਸੈਨਾ ਅਭਿਆਸ ਭਾਰਤ ਦੀਆਂ ਸੁਰੱਖਿਆ ਚੁਣੌਤੀਆਂ ਨੂੰ ਵਧਾਉਣ ਵਾਲਾ ਹੈ। ਇਹ ਅਭਿਆਸ ਮੁੰਬਈ ਦੇ ਨੇੜੇ ਕਰਾਚੀ ਵਿੱਚ ਹੋ ਰਿਹਾ ਹੈ। ਚਾਈਨਾ ਸੈਂਟਰਲ ਟੈਲੀਵਿਜ਼ਨ (ਸੀ.ਸੀ.ਟੀ.ਵੀ.) ਮੁਤਾਬਕ ਅਭਿਆਸ ਨੂੰ ਸੀ ਗਾਰਡੀਅਨ-3 ਸੰਯੁਕਤ ਸਮੁੰਦਰੀ ਅਭਿਆਸ ਦਾ ਨਾਮ ਦਿੱਤਾ ਗਿਆ ਹੈ। ਇਸ ਦੀ ਸ਼ੁਰੂਆਤ ਬੀਤੇ ਦਿਨੀਂ ਕਰਾਚੀ ਨੇਵਲ ਡੌਕਯਾਰਡ ਵਿੱਚ ਇੱਕ ਉਦਘਾਟਨ ਸਮਾਰੋਹ ਨਾਲ ਹੋਈ।

ਸੀਸੀਟੀਵੀ ਰਿਪੋਰਟਾਂ ਦੇ ਅਨੁਸਾਰ, ਚੀਨੀ ਪੀਪਲਜ਼ ਲਿਬਰੇਸ਼ਨ ਆਰਮੀ (ਪੀਐਲਏ) ਨੇਵੀ ਦੀਆਂ ਭਾਗ ਲੈਣ ਵਾਲੀਆਂ ਸੈਨਾਵਾਂ ਵਿੱਚ ਟਾਈਪ 052 ਡੀ ਗਾਈਡਡ ਮਿਜ਼ਾਈਲ ਵਿਨਾਸ਼ਕ ਜਿਬੋ, ਟਾਈਪ 054 ਏ ਗਾਈਡਡ ਮਿਜ਼ਾਈਲ ਵਿਨਾਸ਼ਕ ਜਿੰਗਜ਼ੂ ਅਤੇ ਲਿਨੀ ਸ਼ਾਮਲ ਹਨ। ਜਦੋਂ ਕਿ ਪਾਕਿਸਤਾਨੀ ਮੀਡੀਆ ਦੇ ਅਨੁਸਾਰ, ਪੀਐਲਏ ਨੇਵੀ ਦੀ ਮਰੀਨ ਕੋਰ ਟੁਕੜੀ ਦੇ ਨਾਲ ਇੱਕ ਰਵਾਇਤੀ ਹਮਲਾਵਰ ਪਣਡੁੱਬੀ ਅਤੇ ਇੱਕ ਪਣਡੁੱਬੀ ਸਮਰਥਨ ਜਹਾਜ਼ ਪਾਕਿਸਤਾਨੀ ਜਲ ਸੈਨਾ ਵਾਲੇ ਪਾਸੇ ਤੋਂ ਸ਼ਾਮਲ ਹਨ। ਚੀਨ ਮੁਤਾਬਕ ਇਸ ਅਭਿਆਸ ਦਾ ਮਕਸਦ ਸਮੁੰਦਰੀ ਸੁਰੱਖਿਆ ਸੰਬੰਧੀ ਜੁੜੇ ਖਤਰਿਆਂ ਦਾ ਸਾਂਝੇ ਤੌਰ 'ਤੇ ਜਵਾਬ ਦੇਣਾ ਹੈ।

ਇਹ ਅਭਿਆਸ ਨੌਂ ਦਿਨਾਂ ਤੱਕ ਚੱਲੇਗਾ ਜਿਸ ਦੇ ਤਹਿਤ ਉੱਤਰੀ ਅਰਬ ਸਾਗਰ ਦੇ ਜਲ ਅਤੇ ਹਵਾਈ ਖੇਤਰ ਵਿੱਚ ਆਪਸੀ ਸਹਿਯੋਗ ਦੀ ਪਰਖ ਕੀਤੀ ਜਾਵੇਗੀ। ਇਸ ਅਭਿਆਸ ਵਿੱਚ, ਵੀਬੀਐਸਐਸ (ਯਾਤਰਾ, ਬੋਰਡ, ਨਿਗਰਾਨੀ ਅਤੇ ਜ਼ਬਤੀ) ਹੈਲੀਕਾਪਟਰ ਕਰਾਸ-ਡੈਕ ਸਮੇਤ ਸਿਖਲਾਈ ਵਰਗੇ ਕਈ ਮਹੱਤਵਪੂਰਨ ਪੜਾਅ ਆਯੋਜਿਤ ਕੀਤੇ ਜਾਣਗੇ। ਨਾਲ ਹੀ, ਲੈਂਡਿੰਗ, ਸੰਯੁਕਤ ਬਚਾਅ ਅਤੇ ਸਰਚ, ਸੰਯੁਕਤ ਐਂਟੀ-ਪਨਡੁਬੀ ਅਤੇ ਮੁੱਖ ਮਿਜਾਈਲ ਸ਼ੂਟਿੰਗ ਦੇ ਨਾਲ-ਨਾਲ ਪੇਸ਼ੇਵਰ ਅਦਾਨ ਪ੍ਰਦਾਨ ਨੂੰ ਵੀ ਪਰਖਿਆ ਜਾਵੇਗਾ। ਸੀਸੀਟੀਵੀ ਦੁਆਰਾ ਦੱਸਿਆ ਗਿਆ ਹੈ ਕਿ ਇਹ ਸੀ ਗਾਰਡੀਅਨ ਅਭਿਆਸ ਦਾ ਤੀਜਾ ਅਤੇ ਸਭ ਤੋਂ ਵੱਡਾ ਅਭਿਆਸ ਹੈ। ਪਹਿਲਾ ਅਭਿਆਸ 2020 ਵਿੱਚ ਉੱਤਰੀ ਅਰਬ ਸਾਗਰ ਦੇ ਪਾਣੀਆਂ ਵਿੱਚ ਆਯੋਜਿਤ ਕੀਤਾ ਗਿਆ ਸੀ ਅਤੇ ਦੂਜਾ ਅਭਿਆਸ 2022 ਵਿੱਚ ਸ਼ੰਘਾਈ ਦੇ ਪਾਣੀਆਂ ਵਿੱਚ ਆਯੋਜਿਤ ਕੀਤਾ ਗਿਆ ਸੀ।

ਚੀਨੀ ਜਲ ਸੈਨਾ ਦੇ ਕਮਾਂਡਰ ਰਿਅਰ ਐਡਮਿਰਲ ਲਿਆਂਗ ਯਾਂਗ, ਜੋ ਚੀਨੀ ਜਲ ਸੈਨਾ ਅਭਿਆਸ ਦੇ ਇੰਚਾਰਜ ਹਨ, ਨੇ ਕਿਹਾ, ਇਹ ਅਭਿਆਸ ਹਰ ਮੌਸਮ ਵਿੱਚ ਰਣਨੀਤਕ ਸਹਿਯੋਗ ਤੇ ਭਾਈਵਾਲੀ ਨੂੰ ਵਧਾਉਣ, ਰੱਖਿਆ ਸਹਿਯੋਗ ਨੂੰ ਉਤਸ਼ਾਹਿਤ ਕਰਨ ਅਤੇ ਪੇਸ਼ੇਵਰ ਸਹਿਯੋਗ ਨੂੰ ਹੋਰ ਡੂੰਘਾ ਕਰਨ ਲਈ ਸਮਰਪਿਤ ਹੈ। ਲਿਆਂਗ ਦੇ ਅਨੁਸਾਰ, ਇਹ ਉਮੀਦ ਕੀਤੀ ਜਾਂਦੀ ਹੈ ਕਿ ਦੋਵੇਂ ਜਲ ਸੈਨਾ ਸਮੁੰਦਰੀ ਸੁਰੱਖਿਆ ਖਤਰਿਆਂ ਨਾਲ ਨਜਿੱਠਣ ਅਤੇ ਸਮੁੰਦਰੀ ਸ਼ਾਂਤੀ ਦੀ ਰੱਖਿਆ ਕਰਨ ਲਈ ਆਪਣੀਆਂ ਸਾਂਝੀਆਂ ਗਤੀਵਿਧੀਆਂ ਨੂੰ ਹੋਰ ਵਧਾ ਸਕਦੀਆਂ ਹਨ।

**ਹਿੰਦ ਮਹਾਸਾਗਰ 'ਤੇ ਵੀ ਨਜ਼ਰ!**

ਪਾਕਿਸਤਾਨੀ ਮਾਹਿਰਾਂ ਦੇ ਅਨੁਸਾਰ, ਸੀ ਗਾਰਡੀਅਨ ਅਭਿਆਸ ਆਪਸੀ ਸਹਿਯੋਗ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਰਵਾਇਤੀ ਅਤੇ ਵਿਰੋਧੀਆਂ ਨਾਲ ਨਜਿੱਠਣ ਵਿੱਚ ਪੇਸ਼ੇਵਰ ਤਜ਼ਰਬਿਆਂ ਨੂੰ ਸਾਂਝਾ ਕਰਨ ਦੇ ਉਦੇਸ਼ਾਂ ਨੂੰ ਪੂਰਾ ਕਰਦਾ ਹੈ। ਚੀਨੀ ਫੌਜੀ ਮਾਹਿਰ ਵੇਈ ਡੋਂਗਜ਼ੂ ਦੇ ਅਨੁਸਾਰ, ਹਿੰਦ ਮਹਾਸਾਗਰ ਵਰਗੇ ਖੇਤਰਾਂ ਵਿੱਚ ਰਣਨੀਤਕ ਸਮੁੰਦਰੀ ਮਾਰਗਾਂ ਦੀ ਸਾਂਝੇ ਤੌਰ 'ਤੇ ਸੁਰੱਖਿਆ ਵਿੱਚ ਚੀਨ ਅਤੇ ਪਾਕਿਸਤਾਨ ਦੇ ਸਾਂਝੇ ਹਿੱਤ ਹਨ। ਉਨ੍ਹਾਂ ਕਿਹਾ ਕਿ ਇਹ

(ਬਾਕੀ ਸਫ਼ਾ 31 'ਤੇ)

## ਐਫ. ਬੀ. ਆਈ. ਵੱਲੋਂ ਫ਼ੰਡਰੇਜਿੰਗ ਮਾਮਲੇ 'ਚ ਨਿਊਯਾਰਕ ਦੇ ਮੇਅਰ ਏਰਿਕ ਐਡਮਜ ਦੇ ਮੋਬਾਇਲ ਫ਼ੋਨ ਆਈ ਪੈਡ ਜ਼ਬਤ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਇੱਕ ਅਦਾਲਤ ਵੱਲੋਂ ਜਾਰੀ ਤਲਾਸ਼ੀ ਵਾਰੰਟਾਂ 'ਤੇ ਕਾਰਵਾਈ ਕਰਦਿਆਂ ਐਫ. ਬੀ. ਆਈ. ਦੇ ਅਧਿਕਾਰੀਆਂ ਨੇ ਫੰਡ ਰੇਜਿੰਗ ਦੇ ਮਾਮਲੇ ਦੀ ਚੱਲ ਰਹੀ ਸੰਘੀ ਜਾਂਚ ਤਹਿਤ ਨਿਊ ਯਾਰਕ ਦੇ ਮੇਅਰ ਏਰਿਕ ਐਡਮਜ ਦੇ ਸੈੱਲ ਫੋਨ ਤੇ ਆਈ ਪੈਡ ਨੂੰ ਜ਼ਬਤ ਕਰ ਲੈਣ ਦੀ ਖਬਰ ਹੈ। ਇਸ ਮਾਮਲੇ ਨਾਲ ਜੁੜੇ ਇੱਕ ਅਧਿਕਾਰੀ ਨੇ ਇਹ ਜਾਣਕਾਰੀ ਇਕ

ਨਿਊਜ਼ ਚੈਨਲ ਨੂੰ ਦਿੰਦਿਆਂ ਕਿਹਾ ਹੈ ਕਿ ਐਫ. ਬੀ. ਆਈ. ਨੇ ਇਹ ਕਾਰਵਾਈ ਇਸ ਹਫਤੇ ਦੇ ਸ਼ੁਰੂ ਵਿਚ ਕੀਤੀ ਹੈ। ਐਫ. ਬੀ. ਆਈ. ਦੀ ਇਸ ਕਾਰਵਾਈ ਨਾਲ ਜਾਂਚ ਵਿੱਚ ਇੱਕ



ਨਾਟਕੀ ਮੋੜ ਆਇਆ ਹੈ । ਐਫ ਬੀ ਆਈ ਤੇ ਯੂ ਐਸ ਅਟਾਰਨੀ ਦੱਖਣੀ ਜ਼ਿਲ੍ਹਾ ਨਿਊਯਾਰਕ ਦੇ ਦਫਤਰ ਵੱਲੋਂ ਕੀਤੀ ਜਾ ਰਹੀ ਜਾਂਚ ਵਿੱਚ ਇਹ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕੀ ਫੰਡਰੇਜਿੰਗ

ਤਹਿਤ ਵਿਦੇਸ਼ੀ ਪੈਸਾ ਵੀ ਲਿਆ ਗਿਆ ਸੀ। ਹਾਲਾਂ ਕਿ ਅਜੇ ਤੱਕ ਡੈਮੋਕਰੈਟਿਕ ਆਗੂ ਐਡਮਜ ਕਿਸੇ ਵੀ ਤਰਾਂ ਦੇ ਗਲਤ ਕੰਮ ਵਿੱਚ ਦੋਸ਼ੀ ਨਹੀਂ ਪਾਇਆ ਗਿਆ ਹੈ ਪਰੰਤੂ ਉਹ ਵਿਦੇਸ਼ੀ ਸਰਕਾਰਾਂ ਨਾਲ ਸਬੰਧ ਰਖਣ ਦੀ ਹੋ ਰਹੀ ਜਾਂਚ ਦੇ ਘੇਰੇ ਵਿੱਚ ਆਉਣ ਵਾਲਾ ਨਵਾਂ ਰਾਜਸੀ ਆਗੂ ਜਰੂਰ ਬਣ ਗਿਆ ਹੈ। ਐਡਮਜ ਦੇ ਚੀਫ ਫੰਡ ਰੇਜਰ ਦੇ ਘਰ ਵਿੱਚ ਛਾਪਾ ਮਾਰਨ ਦੇ ਕੁਝ ਦਿਨਾਂ ਬਾਅਦ ਐਫ.ਬੀ. ਆਈ. ਨੇ ਉਕਤ ਕਾਰਵਾਈ ਅਮਲ ਵਿੱਚ ਲਿਆਂਦੀ ਹੈ।

# ਸਿੱਖ ਨਸਲਕੁਸ਼ੀ ਬਨਾਮ ਬੀਜੇਪੀ






☛ ਸਿੱਖ ਨਸਲਕੁਸ਼ੀ ਵਿੱਚ ਬੀਜੇਪੀ ਕਾਂਗਰਸ ਜਿੰਨੀ ਬਰਾਬਰ ਦੀ ਭਾਈਵਾਲ
☛ ਸਿੱਖ ਨਸਲਕੁਸ਼ੀ ਵਿੱਚ ਭਾਗੀਦਾਰ ਹੋਣਾ ਕਿਉਂ ਨਹੀਂ ਸਵੀਕਾਰਦੀ ਬੀਜੇਪੀ ?
☛ ਸਿੱਖ ਨਸਲਕੁਸ਼ੀ ਦਾ ਧੱਬਾ ਨਹੀਂ ਮਿਟਾ ਸਕੇਗੀ ਬੀਜੇਪੀ




1947 ਹੋਵੇ ਜਾਂ 1984, ਚਾਹ ਕੇ ਵੀ ਅਸੀਂ ਇਹਨਾਂ ਘਟਨਾਵਾਂ ਨੂੰ ਆਪਣੇ ਦਿਲ ਦਿਮਾਗ ਵਿਚੋਂ ਨਹੀਂ ਕੱਢ ਸਕਦੇ। ਇਹ ਦੋ ਘਟਨਾਵਾਂ ਸਾਨੂੰ ਡੂੰਘੇ ਜ਼ਖ਼ਮ ਦੇ ਕੇ ਗਈਆਂ ਹਨ, ਅਸੀਂ ਇਹਨਾਂ ਵਿੱਚ ਬਹੁਤ ਕੁਝ ਗਵਾਇਆ ਪਰ ਗਵਾਉਣ ਦੇ ਨਾਲ ਨਾਲ ਇਹਨਾਂ ਘਟਨਾਵਾਂ ਨੇ ਸਾਡੇ ਵਿੱਚ ਜਾਗਰੂਕਤਾ ਵੀ ਲਿਆਂਦੀ। ਸਾਨੂੰ ਹੋਰ ਪਕੇਰਾ ਕੀਤਾ, ਸਰਕਾਰਾਂ ਦੀ ਨਿਯਤ ਤੋਂ ਪਰਦਾ ਚੁੱਕਿਆ। ਪਹਿਲਾਂ ਪਹਿਲ ਜੋ ਰੇਡੀਓ ’ਤੇ ਜਾਂ ਟੀ ਵੀ ’ਤੇ ਦਿਖਾਇਆ ਜਾਂਦਾ ਸੀ, ਉਹੀ ਲੋਕ ਸੱਚ ਮੰਨ ਬੈਠਦੇ ਸਨ ਪਰ ਹੁਣ ਸ਼ੋਸ਼ਲ ਮੀਡੀਆ ਦੇ ਨਾਲ-ਨਾਲ ਬੀ.ਬੀ.ਸੀ. ਵਰਗੇ ਕਈ ਚੈਨਲ ਆਏ ਜਿਨ੍ਹਾਂ ਨੇ ਆਮ ਲੋਕਾਂ ਤੱਕ ਪਹੁੰਚ ਕੀਤੀ ਅਤੇ ਲੀਡਰਾਂ ਨੂੰ ਵੇਖ ਕੇ “ਜੀ ਜੀ” ਕਰਨ ਵਾਲੇ ਸਵਾਲ ਕਰਨ ਦੀ ਹਿੰਮਤ ਰੱਖਣ ਲੱਗੇ। ਜਿੱਥੇ ਅਸੀਂ ਇਹਨਾਂ ਘਟਨਾਵਾਂ ਕਰਕੇ ਉੱਜੜੇ, ਉੱਥੇ ਹੀ ਪੰਜਾਬੀਆਂ ਤੇ ਸਿੱਖਾਂ ਦਾ ਨਾਮ ਦੁਨੀਆਂ ਦੇ ਹਰ ਕੋਨੇ ਤੱਕ ਪਹੁੰਚਿਆ। 1984 ਦੀ ਘਟਨਾ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਬਹੁਤ ਵੱਡੀ ਸਿੱਖ ਨਸਲਕੁਸ਼ੀ ਸੀ, ਭਾਵੇਂ ਕਿ ਕਈ ਬੇਬੁੱਧੇ ਲੋਕ ਇਸ ਨੂੰ ਦੰਗੇ ਵੀ ਕਹਿੰਦੇ ਹਨ, ਪਰ ਸਿੱਖਾਂ ਲਈ ਹੀ ਨਹੀਂ ਸਗੋਂ ਮਨੁੱਖਤਾ ਦਾ ਦਰਦ ਰੱਖਣ ਵਾਲੇ ਹਰ ਇਨਸਾਨ ਲਈ ਇਹ ਨਸਲਕੁਸ਼ੀ ਹੀ ਸੀ। ਭਾਵੇਂ ਕਹਿਣ ਨੂੰ ਭਾਰਤ ਆਜ਼ਾਦ ਦੇਸ਼ ਹੈ, ਪਰ ਅਜਿਹੀ ਘਟਨਾ ਦੀ ਕਾਲਖ ਵਾਲਾ ਟਿੱਕਾ ਹਮੇਸ਼ਾ ਚਮਕਦਾ ਰਹੇਗਾ। ਦਿੱਲੀ ਤੋਂ ਸ਼ੁਰੂ ਹੋ ਕੇ ਸਿੱਖ ਨਸਲਕੁਸ਼ੀ ਦੀਆਂ ਲਪਟਾਂ ਦਾ ਸੇਕ ਹੌਲੀ- ਹੌਲੀ ਪੂਰੇ ਦੇਸ਼ ਵਿੱਚ ਪਹੁੰਚਿਆ।



ਲੰਘੇ ਦਿਨਾਂ ਵਿੱਚ ਇੱਕ ਖ਼ਬਰ ਆਉਂਦੀ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਨੂੰ ਨਿਲਾਮ ਕੀਤਾ ਜਾਵੇਗਾ। ਪਤਾ ਨਹੀਂ ਇਹ ਸੱਚ ਹੈ ਜਾਂ ਝੂਠ ਪਰ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ। ਅਮਿਤ ਸ਼ਾਹ ਵੀ ਕੁਝ ਦਿਨ ਪਹਿਲਾਂ 1984 ਦੇ ਉੱਤੇ ਗੱਲ ਕਰਦੇ ਨੇ, ਪਰ ਉਹਨਾਂ ਦੀ ਰਮਜ਼ ਕੋਈ ਦੁੱਖ ਪ੍ਰਗਟਾਉਣ ਵਾਲੀ ਨਹੀਂ ਸਗੋਂ ਕਾਂਗਰਸ ’ਤੇ ਆਰੋਪ ਲਗਾਉਣ ਵਾਲਾ ਲਹਿਜ਼ਾ ਲੱਗਦਾ ਹੈ। ਇਸ ਘਟਨਾ ਤੋਂ ਪਿੱਛੋਂ ਕਾਂਗਰਸ ਨੇ ਆਪਣੀ ਗਲਤੀ ਵੀ ਮੰਨੀ ਪਰ ਉਹ ਵੀ ਰਾਜਨੀਤਿਕ ਲਹਿਜੇ ਵਿੱਚ। ਫਿਰ ਵੀ ਕਾਂਗਰਸ ਤੋਂ ਇਹ ਆਰੋਪ ਹਟਾਇਆ ਤਾਂ ਨਹੀਂ ਜਾ ਸਕਦਾ ਪਰ ਬੀਜੇਪੀ ਨੂੰ ਇਸ ਤੋਂ ਵੱਖ ਕਰਕੇ ਵੀ ਨਹੀਂ ਵੇਖਿਆ ਜਾ ਸਕਦਾ।

ਬੀਜੇਪੀ ਵਿਰੋਧੀ ਧਿਰ ’ਚ ਰਹੀ ਤੇ ਹੁਣ ਸੱਤਾ ਵਿੱਚ ਹੈ, ਉਹ ਹਮੇਸ਼ਾ ਸਿੱਖ ਨਸਲਕੁਸ਼ੀ ਨੂੰ ਦੰਗਿਆਂ ਦਾ ਨਾਮ ਦੇ ਕੇ ਗੱਲ ਕਰਦੀ ਰਹਿੰਦੀ ਹੈ ਤੇ ਦਰਬਾਰ ਸਾਹਿਬ ਦੇ ਹਮਲੇ ਲਈ ਬਰਾਬਰ ਦੀ ਜਿੰਮੇਵਾਰ ਹੈ। ਬੀਜੇਪੀ ਦੀ ਸਿੱਖ ਵਿਰੋਧੀ ਵਿਚਾਰਧਾਰਾ ਪੰਜਾਬੀ ਸੂਬੇ ਦੀ ਉਠੀ ਮੰਗ ਸਮੇਂ ਤੋਂ ਹੀ ਹੈ ਜਦੋਂ ਉਸ ਨੇ ਪੰਜਾਬ ਵਿਰੋਧੀ ਰੋਲ ਅਦਾ ਕੀਤਾ ਸੀ। ਇਤਿਹਾਸ ਵੱਲ ਝਾਤੀ ਮਾਰੀਏ ਤਾਂ ਇਹ ਕਹਾਣੀ ਪੰਜਾਬੀ ਸੂਬੇ ਦੀ ਮੰਗ ਤੋਂ ਸ਼ੁਰੂ ਹੁੰਦੀ ਹੈ। ਉਸ ਸਮੇਂ ਭਾਸ਼ਾ ਦੇ ਆਧਾਰ ’ਤੇ ਦੇਸ਼ ਵਿੱਚ ਰਾਜ ਬਣਾਉਣ ਦੀ ਮੰਗ ਉਠੀ ਸੀ ਤੇ ਕਈ ਰਾਜ ਬਣਾਏ ਵੀ ਗਏ ਸਨ, ਤੇ ਇਸੇ ਤਰਾਂ ਹੀ ਪੰਜਾਬ ਵਿੱਚ ਹੀ ਪੰਜਾਬੀ ਸੂਬੇ ਦੀ ਮੰਗ ਸੀ। ਉਸ ਸਮੇਂ ਇਕ ਮੈਗਜ਼ੀਨ ਵਿੱਚ ਇੱਕ ਆਰਟੀਕਲ ਮਿਲਦਾ ਹੈ, ਜੋ ਕਿ ਗੁਰਜੰਟ ਸਿੰਘ ਦਾ ਲਿਖਿਆ ਆਰਟੀਕਲ ਸੀ, ਵਿਸ਼ਾ ਸੀ “ਆਰ.ਐਸ.ਐਸ. ਕਦੇ ਵੀ ਸਿੱਖਾਂ ਦੀ ਸਾਥੀ ਨਹੀਂ।” ਉਹ ਲਿਖਦੇ ਹਨ ਕਿ “ਪੰਜਾਬ ਵਿੱਚ ਜਦੋਂ ਪੰਜਾਬੀ ਸੂਬਾ ਮੂਵਮੈਂਟ ਦੀ ਗੱਲ ਚੱਲ ਰਹੀ ਸੀ, ਉਸ ਸਮੇਂ ਭਾਰਤੀ ਜਨਸੰਘ ਦੇ ਲੀਡਰ ਦੀਨ ਦਿਆਲ ਉਪਾਧਿਆਏ ਨੇ ਪੰਜ ਸਤੰਬਰ 1965 ਨੂੰ ਇੱਕ ਆਰਟੀਕਲ ਲਿਖਿਆ ਸੀ ਜਿਸਦਾ ਟਾਈਟਲ ਸੀ “ ਦਿਸ ਪੰਜਾਬੀ ਸੂਬਾ ਬਿਜਨਿਸ”। ਉਨਾਂ ਨੇ ਕਿਹਾ ਕਿ ਇਹ ਸੰਪਰਦਾਇਕ ਮੂਵਮੈਂਟ ਹੈ। ਇਸਦਾ ਧਾਰਮਿਕ ਸਥਾਨਾਂ ਤੋਂ ਪ੍ਰਚਾਰ ਕੀਤਾ ਜਾ ਰਿਹਾ ਹੈ। ਸੋ ਨਹਿਰੂ ਦੀ ਗੱਲ ਤਾਂ ਅੱਜ ਵੀ ਕੀਤੀ ਜਾਂਦੀ ਹੈ ਕਿ ਉਹਨਾਂ ਨੇ ਪੰਜਾਬੀ ਸੂਬੇ ਦਾ ਵਿਰੋਧ ਕੀਤਾ ਸੀ ਪਰ ਉਹ ਸਿਧਾਂਤਕ ਵਿਰੋਧ ਸੀ। ਪਰ ਸਵਾਲ ਇਹ ਉਠਦਾ ਹੈ ਕਿ ਬੀਜੇਪੀ ਦੇ ਸੰਪਰਦਾਇਕ ਵਿਰੋਧ ਦੀ ਗੱਲ ਕਿਉਂ ਨਹੀਂ ਹੋਈ ? ਦੂਜੀ ਘਟਨਾ ਵੱਲ ਨਜ਼ਰ ਮਾਰੀਏ ਤਾਂ ਉਨ੍ਹਾਂ ਸਮਿਆਂ ਵਿੱਚ ਸਿੱਖਾਂ ਵੱਲੋਂ ਮੰਗ ਕੀਤੀ ਗਈ ਸੀ ਕਿ ਗੁਰਦੁਆਰਾ ਸਾਹਿਬਾਨ ਦੇ ਆਲੇ ਦੁਆਲੇ ਜਰਦੇ, ਪਾਨ,ਬੀੜੀ ਦੀਆਂ ਦੁਕਾਨਾਂ ਨਹੀਂ ਹੋਣੀਆਂ ਚਾਹੀਦੀਆਂ। ਇਹ ਸਭ ਨੂੰ ਪਤਾ ਹੈ ਕਿ ਸਿੱਖ ਧਰਮ ਵਿੱਚ ਇਹ ਚੀਜ਼ਾਂ ਬੈਨ ਹਨ। ਜਿਵੇਂ ਕਿਸੇ ਮੰਦਰ ਕੋਲ ਮਾਸ ਮੀਟ ਦੀ ਦੁਕਾਨ ਨਹੀਂ ਹੁੰਦੀ। ਪਰ ਉਸ ਸਮੇਂ ਜਨ ਸੰਘ ਨੇ ਇੱਕ ਅੰਦੋਲਨ ਕੀਤਾ ਕਿ ਪਾਨ ਤੇ ਬੀੜੀ ਦੀਆਂ ਦੁਕਾਨਾਂ ਹੋਣੀਆਂ ਚਾਹੀਦੀਆਂ ਹਨ। ਆਰੀਆ ਸਮਾਜ ਨੇ ਇੱਕ ਜਲੂਸ ਕੱਢਿਆ, ਜਿਸ ਵਿੱਚ ਦਸ ਹਜ਼ਾਰ ਹਿੰਦੂ ਸਨ, ਜਿਹਨਾਂ ਦੇ ਹੱਥਾਂ ਵਿੱਚ ਸੁਲਘਦੀ ਸਿਗਰਟ ਸੀ ਤੇ ਨਾਰਾ ਸੀ ‘ਬੀੜੀ ਸਿਗਰਟ ਪੀਂਏਗੇ, ਸ਼ਾਨ ਸੇ ਜੀਂਏਂਗੇ।’ ਉਸ ਸਮੇਂ ਬੀਜੇਪੀ ਹਿੰਦੂ ਅਤੇ ਸਿੱਖਾਂ ਵਿੱਚ ਬਟਵਾਰਾ ਪਾਉਣ ਦਾ ਕੰਮ ਕਰ ਰਹੀ ਸੀ। ਦੱਸੋ ਫਿਰ ਕਿੰਨੀ ਕੁ ਹਮਦਰਦ ਰਹੀ ਹੈ ਬੀਜੇਪੀ ਸਿੱਖਾਂ ਨਾਲ ? ਹਮੇਸ਼ਾ ਹੀ ਬੀਜੇਪੀ ਨੇ ਹਿੰਦੂ ਬਨਾਮ ਸਿੱਖ ਹਰ ਮੌਕੇ ਨੂੰ ਬਣਾਇਆ।





ਤੀਜੀ ਘਟਨਾ 14 ਫਰਵਰੀ 1984 ਦੀ ਹੈ। ਬੀਜੇਪੀ ਦੇ ਨੈਸ਼ਨਲ ਲੀਡਰ ਹਰਬੰਸ ਲਾਲ ਖੰਨਾ ਅਤੇ ਕੁਝ ਹੋਰ ਲੋਕਾਂ ਨੇ ਦਰਬਾਰ ਸਾਹਿਬ ਦਾ ਮਾਡਲ ਬਣਾਇਆ। ਉਸ ਨੂੰ ਜਨਤਾ ਦੇ ਸਾਹਮਣੇ ਤੋੜਿਆ, ਗੁਰੂ ਰਾਮਦਾਸ ਜੀ ਦੀ ਤਸਵੀਰ ਦਾ ਅਪਮਾਨ ਕੀਤਾ। ਕੀ ਤੁਸੀਂ ਇਸ ਨੂੰ ਸਿੱਖਾਂ ਦੀ ਹਮਦਰਦ ਪਾਰਟੀ ਕਹੋਗੇ ?

ਫਿਰ ਦਰਬਾਰ ਸਾਹਿਬ ਉੱਪਰ ਹਮਲੇ ਦਾ ਸਮਾਂ ਆਇਆ, ਭਾਵੇਂ ਕਿ ਸਾਡੇ ਆਪਣੇ ਵੀ ਸਾਡੇ ਵੈਰੀ ਬਣੇ ਸੀ ਪਰ ਦਰਬਾਰ ਸਾਹਿਬ ’ਤੇ ਜੋ ਹਮਲਾ ਕਰਨ ਲਈ ਦਬਾਓ ਬਣਾ ਰਹੇ ਸੀ, ਉਹਨਾਂ ਵਿੱਚ ਬੀਜੇਪੀ ਦੇ ਨਾਮੀ ਚਿਹਰੇ ਸਨ। ਲਾਲ ਕ੍ਰਿਸ਼ਨ ਅਡਵਾਨੀ ਨੂੰ ਹੀ ਲੈ ਲਵੋ, ਉਨ੍ਹਾਂ ਨੇ ਬਕਾਇਦਾ ਇੱਕ ਜਲੂਸ ਕੱਢਿਆ ਸੀ ਦਰਬਾਰ ਸਾਹਿਬ ਵਿੱਚ ਫ਼ੌਜ ਅੰਦਰ ਭੇਜਣ ਲਈ। ਹੁਣ ਵੀ ਉਹ ਇਸ ਗੱਲ ਨੂੰ ਸਵੀਕਾਰ ਕਰਦੇ ਹਨ। ਇੱਥੋਂ ਤੱਕ ਕਿ ਉਹਨਾਂ ਦੀ ਆਤਮ ਕਥਾ ਮਾਈ ਕੰਟਰੀ ਮਾਈ ਲਾਈਫ਼ ਵਿੱਚ ਵੀ ਜ਼ਿਕਰ ਕੀਤਾ ਤੇ ਉਸ ਸਮੇਂ ਦੇ ਅੰਦੋਲਨ ਦੀ ਤਸਵੀਰ ਵੀ ਲਗਾਈ ਹੈ। ਉਨਾਂ ਦੀ ਕਿਤਾਬ ਵਿੱਚ ਚੈਪਟਰ ਹੈ "The trauma and the “triumph of Punjab" ਵਿੱਚ ਉਹ ਲਿਖਦੇ ਹਨ ਕਿ ਬੀਜੇਪੀ ਦੇ ਇਤਿਹਾਸ ਵਿੱਚ ਇੱਕ ਪ੍ਰਮੁੱਖ ਅੰਦੋਲਨ ਭਿੰਡਰਾਂਵਾਲਾ ਅਤੇ ਉਸਦੀ ਨਿੱਜੀ ਸੈਨਾ ਸਾਹਮਣੇ ਸਰਕਾਰ ਦੇ ਆਤਮ ਸਮਰਪਣ ਦੇ ਖ਼ਿਲਾਫ਼ ਸੀ। ਭਿੰਡਰਾਂਵਾਲੇ ਨੇ ਗੋਲਡਨ ਟੈਂਪਲ ਨੂੰ ਆਪਣੀ ਕਾਰਵਾਈ ਦਾ ਕੇਂਦਰ ਬਣਾਇਆ ਸੀ, ਇਸ ਲਈ ਅਸੀਂ ਮੰਗ ਕੀਤੀ ਸੀ ਕਿ ਫ਼ੌਜ ਨੂੰ ਗੋਲਡਨ ਟੈਂਪਲ ਦੇ ਅੰਦਰ ਭੇਜਿਆ ਜਾਵੇ। ਇਸ ਤੋਂ ਸਾਫ ਹੈ ਕਿ ਬੀਜੇਪੀ ਦੀ ਪੂਰੀ ਸਹਿਮਤੀ ਸੀ। ਤੇ ਫਿਰ ਸਿੱਖ ਹਮਦਰਦੀ ਦਾ ਨਾਟਕ ਕਿਉਂ ?

ਰਾਸ਼ਟਰੀ ਸਵੈ ਸੰਘ ਦੇ ਇੱਕ ਵੱਡੇ ਲੀਡਰ ਹੋਏ ਹਨ ਨਾਨਾ ਜੀ ਦੇਸ਼ਮੁੱਖ। ਇਹ ਏਨੇ ਵੱਡੇ ਨੇਤਾ ਨੇ ਕਿ ਨਰਿੰਦਰ ਮੋਦੀ ਨੇ ਇਸ ਨੂੰ ਸਭ ਤੋਂ ਵੱਡਾ ਇਨਾਮ “ਭਾਰਤ ਰਤਨ ਐਵਾਰਡ” ਦਿੱਤਾ।

ਨਾਨਾ ਜੀ ਦੇਸ਼ਮੁੱਖ ਦਾ ਉਸ ਸਮੇਂ ਇੱਕ ਲੇਖ ਛਪਿਆ "Movement of soul searching"। ਇਸ ਲੇਖ ਵਿੱਚ ਉਹਨਾਂ ਨੇ ਦਰਬਾਰ ਸਾਹਿਬ ’ਤੇ ਹਮਲੇ ਲਈ ਇੰਦਰਾ ਗਾਂਧੀ ਦੀ ਤਾਰੀਫ਼ ਕੀਤੀ ਸੀ ਤੇ ਲਿਖਿਆ ਸੀ ਕਿ 1984 ਵਿੱਚ ਸਿੱਖਾਂ ਦਾ ਜੋ ਕਤਲੇਆਮ ਹੋਇਆ, ਉਹ ਸਿੱਖਾਂ ਦੀਆਂ ਭੁੱਲਾਂ ਦਾ ਨਤੀਜ਼ਾ ਹੈ। ਸਿੱਖ ਨਸਲਕੁਸ਼ੀ ਨੂੰ ਭੁੱਲਾਂ ਦਾ ਨਾਮ ਦੇਣਾ ਕਿੰਨਾ ਕੁ ਜਾਇਜ਼ ਸੀ ? ਇਹ ਵੀ ਕਿਹਾ ਕਿ ਇੱਕ ਮਹਾਨ ਨੇਤਾ ਦੇ ਕਤਲ ਹੋਣ ’ਤੇ ਕਤਲੇਆਮ ਨੂੰ ਟਾਲਿਆ ਨਹੀਂ ਜਾ ਸਕਦਾ ਸੀ। ਕੋਈ ਵੀ ਹੋਰ ਨੇਤਾ ਅਜਿਹਾ ਨਹੀਂ ਸੀ ਜਿਸ ਨੇ ਇਸ ਤਰਾਂ ਦਾ ਲੇਖ ਲਿਖਿਆ ਹੋਵੇ। ਤੇ ਫਿਰ 1984 ਦੀ ਨਸਲਕੁਸ਼ੀ ਤੋਂ ਕਿਵੇਂ ਵੱਖ ਕਰ ਸਕਦੇ ਹਾਂ ਬੀਜੇਪੀ ਨੂੰ ?

ਨਵੰਬਰ 1984 ’ਚ ਦਿੱਲੀ ਪੁਲਿਸ ਸਟੇਸ਼ਨ ’ਚ 14 ਐਫ.ਆਈ.ਆਰ. ਦਰਜ਼ ਹੋਈਆਂ, ਜਿਹਨਾਂ ਵਿਚੋਂ 49 ਬੀਜੇਪੀ ਦੇ ਵਰਕਰਾਂ ਖ਼ਿਲਾਫ਼ ਸਨ। ਇਥੋਂ ਤਕ ਕਿ ਬਹੁਤਿਆਂ ’ਤੇ ਹੱਤਿਆ ਅਤੇ ਲੁੱਟ ਦੇ ਮਾਮਲੇ ਦਰਜ਼ ਹਨ ਪਰ ਇਹਨਾਂ ਵਿਚੋਂ ਇੱਕ ਨਾਮ ਬਹੁਤ ਅਹਿਮ ਹੈ, ਉਹ ਨਾਮ ਹੈ ਰਾਮ ਕੁਮਾਰ ਜੈਨ ਦਾ। ਤੁਹਾਡੀ ਜਾਣਕਾਰੀ ਵਿੱਚ ਵਾਧਾ ਕਰ ਦੇਈਏ 1980 ਵਿੱਚ ਜਦੋਂ ਲੋਕ ਸਭਾ ਦੀ ਚੋਣ ਹੋਈ ਸੀ ਤਾਂ ਇਹ ਨਾਮੀ ਸੱਜਣ ਅਟਲ ਬਿਹਾਰੀ ਵਾਜਪਾਈ ਦੇ ਚੋਣ ਏਜੰਟ ਸਨ। ਅਟਲ ਬਿਹਾਰੀ ਦਾ ਚੋਣ ਏਜੰਟ ਹੋਵੇ ਤੇ 84 ਦੀ ਨਸਲਕੁਸ਼ੀ ਵਿੱਚ ਨਾਮ ਹੋਵੇ। ਤੇ ਫਿਰ ਬੀਜੇਪੀ ਸਿੱਖਾਂ ਦੀ ਸੱਜਣ ਕਿਵੇਂ ਹੋਈ ? ਇਸ ਨਾਮ ਦੇ ਬਾਰੇ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਵੀ ਸਵਾਲ ਚੁੱਕਿਆ ਸੀ ਕਿ ਇਸ ’ਤੇ ਕੋਈ ਕਾਰਵਾਈ ਨਾ ਕਿਉਂ ਨਾ ਹੋਈ।

ਗੱਲਾਂ ਤਾਂ ਬਹੁਤ ਨੇ ਜਿਵੇਂ 1991 ਵਿੱਚ ਪੀਲੀਭੀਤ ਵਿੱਚ 10 ਸਿੱਖਾਂ ਦੀ ਹੱਤਿਆ, ਗੁਜਰਾਤ ਦੇ ਮੁੱਖ ਮੰਤਰੀ ਸਮੇਂ ਮੋਦੀ ਵੱਲੋਂ ਕਿਸਾਨਾਂ ਦੀ ਜ਼ਮੀਨ ਹੜੱਪਣ ਦਾ ਕਾਨੂੰਨ ਤੇ ਹੋਰ ਵੀ ਬਹੁਤ ਕੁਝ। ਮੁੱਕਦੀ ਗੱਲ, ਜੇ ਕਾਂਗਰਸ ਨੇ ਘੱਟ ਨਹੀਂ ਕੀਤੀ ਤਾਂ ਘੱਟ ਬੀਜੇਪੀ ਨੇ ਵੀ ਨਹੀਂ ਕੀਤੀ। ਕਾਂਗਰਸ ਸਵੀਕਾਰ ਕਰਦੀ ਹੈ, ਮਾਫ਼ੀ ਮੰਗਦੀ ਹੈ,ਕਈਆਂ ਦਾ ਪੁਲੀਟੀਕਲ ਕੈਰੀਅਰ ਖ਼ਤਮ ਕਰਦੀ ਹੈ, ਕੇਸ ਕਰਦੀ ਹੈ, ਸਜ਼ਾ ਵੀ ਹੁੰਦੀ ਹੈ, ਪਰ ਬੀਜੇਪੀ ਨਾ ਮਾਫ਼ੀ ਮੰਗਦੀ ਹੈ, ਨਾ ਆਪਣੀ ਭੁੱਲ ਦਾ ਜ਼ਿਕਰ ਕਰਦੀ ਹੈ, ਸਗੋਂ ਸੱਤਾ ਵਿੱਚ ਆਉਣ ’ਤੇ 84 ਸਮੇਂ ਦਰਜ਼ ਕੇਸਾਂ ਨੂੰ ਕਮਜੋਰ ਤੇ ਵਾਪਸ ਲੈਣ ਦਾ ਯਤਨ ਕਰਦੀ ਹੈ। ਐਂਵੇਂ ਤਾਂ ਨਹੀਂ, ਗੁਜਰਾਤ ਦੇ ਕਿਸਾਨ ਲੀਡਰ ਸੁਰਿੰਦਰ ਸਿੰਘ ਭੁੱਲਰ ਕਹਿੰਦੇ ਹਨ ਕਿ “ ਬੀਜੇਪੀ ਮੁਸਲਮਾਨਾਂ ਦੀ ਹੀ ਨਹੀਂ ਸਗੋਂ ਹੋਰ ਘੱਟ ਗਿਣਤੀਆਂ ਦੀ ਵੀ ਹਮਦਰਦ ਨਹੀਂ ਹੈ, ਸੰਪਰਦਾਇਕਤਾ ਦੇ ਜੀਨ ਨੇ ਬੀਜੇਪੀ ਵਿੱਚ।”

# ਅਮਰੀਕਾ ਖ਼ਬਰਨਾਮਾ

## ਅਮਰੀਕਾ ਵਿੱਚ ਪਿਛਲੇ 2 ਸਾਲਾਂ ਵਿੱਚ ਸਭ ਤੋਂ ਵੱਧ ਭਾਰਤੀਆਂ ਉੱਪਰ ਨਸਲੀ ਹਮਲੇ ਹੋਏ

### ਨ.ਫਰਤੀ ਹਮਲਿਆਂ ਦੇ 520 ਮਾਮਲੇ ਸਾਹਮਣੇ ਆਏ ਹਨ, ਜੋ ਪਿਛਲੇ ਸਾਲ ਹੋਏ 375 ਹਮਲਿਆਂ ਦੇ ਮੁਕਾਬਲੇ 40% ਵੱਧ

ਵਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਵਿੱਚ ਪਿਛਲੇ 2 ਸਾਲਾਂ ਵਿਚ ਸਭ ਤੋਂ ਵੱਧ ਭਾਰਤੀਆਂ ਨੂੰ ਟਾਰਗੇਟ ਕੀਤਾ ਗਿਆ ਹੈ। ਭਾਰਤੀਆਂ ਖਿਲਾ.ਫ ਨਸਲੀ ਹਮਲੇ, ਨਫਰਤੀ ਅਪਰਾਧ ਅਤੇ ਹੋਰ ਹਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਦੇਖਣ ਨੂੰ ਮਿਲਿਆ ਹੈ। ਪਿਛਲੇ ਚਾਰ ਹ.ਫਤਿਆਂ ਵਿੱਚ ਨਸਲਵਾਦੀ ਹਮਲਿਆਂ ਵਿੱਚ ਚਾਰ ਭਾਰਤੀਆਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ ਦੋ ਦਰਜਨ ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ।

ਪਿਛਲੇ ਇੱਕ ਸਾਲ ਵਿੱਚ ਭਾਰਤੀਆਂ ਵਿਰੁੱਧ ਨ.ਫਰਤੀ ਅਪਰਾਧਾਂ ਅਤੇ ਹਮਲਿਆਂ ਦੇ 520 ਮਾਮਲੇ ਸਾਹਮਣੇ ਆਏ ਹਨ, ਜੋ ਪਿਛਲੇ ਸਾਲ ਹੋਏ 375 ਹਮਲਿਆਂ ਦੇ ਮੁਕਾਬਲੇ ਲਗਭਗ 40% ਵੱਧ ਹਨ। ਹਾਲ ਹੀ ਵਿਚ ਨਿਊਯਾਰਕ 'ਚ ਇਕ ਬਜ਼ੁਰਗ ਵਿਅਕਤੀ ਦੀ ਹੱਤਿਆ ਦਾ ਮਾਮਲਾ ਸਾਹਮਣੇ ਆਇਆ ਹੈ। ਇਸ




ਦੇ ਨਾਲ ਹੀ ਇੰਡੀਆਨਾ ਵਿੱਚ ਇੱਕ ਭਾਰਤੀ ਵਿਦਿਆਰਥੀ ਨੂੰ ਚਾਕੂ ਮਾਰ ਦਿੱਤਾ ਗਿਆ, ਜੋ ਕਿ ਆਈ.ਸੀ.ਯੂ. ਵਿੱਚ ਮੌਤ ਤੇ ਜੀਵਨ ਦੀ ਜੰਗ ਲੜ ਰਿਹਾ ਹੈ।

ਕਾਰਨੇਗੀ ਐਂਡੋਮੈਂਟ ਦੇ ਅਧਿਐਨ ਮੁਤਾਬਕ ਹਰ ਦੋ ਵਿੱਚੋਂ ਇੱਕ ਭਾਰਤੀ ਨੇ ਰੰਗ ਦੇ ਆਧਾਰ 'ਤੇ ਭੇਦਭਾਵ ਦੀ ਗੱਲ ਮੰਨੀ ਹੈ। ਹਾਲ ਹੀ ਵਿੱਚ 23 ਸਾਲ ਦੀ ਭਾਰਤੀ ਕੁੜੀ ਜਾਹਨਵੀ ਨੂੰ ਗੋਰੇ ਪੁਲਿਸ ਵਾਲੇ ਗੱਡੀ ਨਾਲ ਟੱਕਰ ਮਾਰ ਦਿੱਤੀ ਤੇ ਬਾਅਦ ਵਿੱਚ ਉਹ ਅਧਿਕਾਰੀ ਮੁਆਵਜ਼ੇ ਦੀ ਮੰਗ ਨੂੰ ਲੈ ਕੇ ਮਜ਼ਾਕ ਕਰ ਲੱਗ ਪਏ।

**ਭਾਰਤੀਆਂ 'ਤੇ ਹਮਲਿਆਂ ਦਾ ਕਾਰਨ ਗੋਰੇ ਕੱਟੜਪੰਥੀ**

ਅਮਰੀਕੀਆਂ ਦਾ ਮੰਨਣਾ ਹੈ ਕਿ ਭਾਰਤੀ ਉਨ੍ਹਾਂ ਦੇ ਆਰਥਿਕ ਮੌਕਿਆਂ ਨੂੰ ਤਬਾਹ ਕਰ ਰਹੇ ਹਨ। ਕਈ ਪੀੜ੍ਹਤ ਭਾਰਤੀਆਂ ਦਾ ਕਹਿਣਾ ਹੈ ਕਿ ਟਰੰਪ ਦੇ ਦੂਜੇ ਕਾਰਜਕਾਲ ਦੀ ਦਾਅਵੇਦਾਰੀ ਨਾਲ ਹਮਲੇ ਤੇਜ਼ ਹੋ ਗਏ ਹਨ। ਫੌਕਸ ਨਿਊਜ਼ ਭਾਰਤੀਆਂ ਦੇ ਖਿਲਾਫ ਮਹਾਨ ਰਿਪਲੇਸਮੈਂਟ ਥਿਊਰੀ ਫੈਲਾ ਰਹੀ ਹੈ।

(ਬਾਕੀ ਸ.ਫਾ 31 'ਤੇ)

## ਅਮਰੀਕਾ ਦੇ ਵਰਜੀਨੀਆ ਰਾਜ 'ਚ ਪੁਲਿਸ ਅਫਸਰ ਹੱਥੋਂ ਚੱਲੀ ਅਚਨਚੇਤ ਗੋਲੀ ਨਾਲ ਸਾਥੀ ਪੁਲਿਸ ਅਫਸਰ ਦੀ ਮੌਤ

### .ਗੈਰ ਇਰਾਦਾ ਹੱਤਿਆ ਦਾ ਮਾਮਲਾ ਦਰਜ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਵਰਜੀਨੀਆ ਰਾਜ ਦੇ ਮੈਕਲੀਨ ਖੇਤਰ ਵਿੱਚ ਇੱਕ ਯੂ ਐਸ ਪਾਰਕ ਪੁਲਿਸ ਅਫਸਰ ਹੱਥੋਂ ਅਚਾਨਕ ਗੋਲੀ ਚੱਲ ਜਾਣ ਕਾਰਨ ਇੱਕ ਹੋਰ ਪੁਲਿਸ ਅਫਸਰ ਦੀ ਮੌਤ ਹੋ ਜਾਣ ਦੀ ਖਬਰ ਹੈ।



ਪੁਲਿਸ ਅਨੁਸਾਰ ਡਿਊਟੀ ਖਤਮ ਕਰ ਚੁੱਕੇ ਅਲੈਗਜੰਡਰ ਰੋਬਿਨਸਨ ਰਾਇ (25) ਨੇ ਸਮਝਿਆ ਕਿ ਰਾਈਫਲ ਖਾਲੀ ਹੈ ਤੇ ਉਸ ਨੇ ਘੋੜਾ ਨੱਪ ਦਿੱਤਾ ਜਿਸ ਦੇ ਸਿੱਟੇ ਵਜੋਂ ਗੋਲੀ ਵੱਜਣ ਕਾਰਨ ਉਸ ਦੇ 22 ਸਾਲਾ ਸਾਥੀ ਜੈਸ ਬਰਾਊਨ ਹਰਨਾਂਡੇਜ਼ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਅਲੈਗਜੰਡਰ ਰਾਇ ਵਿਰੁੱਧ ਗੈਰ ਇਰਾਦਾ ਹੱਤਿਆ ਦਾ ਮਾਮਲਾ ਦਰਜ ਕੀਤਾ ਗਿਆ ਹੈ ਤੇ ਉਸ ਨੂੰ ਫੇਅਰਫੈਕਸ ਕਾਊਂਟੀ ਅਡਲਟ ਡੀਟੈਨਸ਼ਨ ਸੈਂਟਰ ਵਿੱਚ ਰਖਿਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਜਦੋਂ ਗੋਲੀ ਚੱਲਣ ਦੀ ਘਟਨਾ ਵਾਪਰੀ ਤਾਂ ਉਸ ਸਮੇ 4 ਵਿਅਕਤੀ ਜੋ ਆਪਸ ਵਿਚ ਇਕ ਦੂਸਰੇ ਨੂੰ ਜਾਣਦੇ ਸਨ, ਘਟਨਾ ਸਥਾਨ 'ਤੇ ਮੌਜੂਦ ਸਨ। ਫੇਅਰਫੈਕਸ ਕਾਊਂਟੀ ਪੁਲਿਸ ਵਿਭਾਗ ਨੇ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਵਾਸ਼ਿੰਗਟਨ, ਡੀ ਸੀ ਦੇ ਬਾਹਰਵਾਰ ਤਕਰੀਬਨ 10 ਮੀਲ ਦੂਰ ਮੈਕਲੀਨ ਖੇਤਰ ਵਿਚ ਪੁੱਜੇ ਤਾਂ ਹਰਨਾਂਡੇਜ਼ ਦੀ ਸਰੀਰ ਦੇ ਉਪਰਲੇ ਹਿੱਸੇ ਵਿਚ ਗੋਲੀ ਵੱਜਣ ਕਾਰਨ ਮੌਤ ਹੋ ਚੁੱਕੀ ਸੀ। ਪੁਲਿਸ ਨੇ ਹੋਰ ਕਿਹਾ ਹੈ ਕਿ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਘਟਨਾ ਵਾਪਰਨ ਦਾ ਕਾਰਨ ਸ਼ਰਾਬ ਹੋ ਸਕਦਾ ਹੈ।

## ਕੈਲੀਫੋਰਨੀਆ ਵਿੱਚ ਫਲਸਤੀਨ ਪੱਖੀ ਰੈਲੀ ਦੌਰਾਨ ਹੋਏ ਝਗੜੇ 'ਚ ਯਹੂਦੀ ਵਿਅਕਤੀ ਦੀ ਮੌਤ

### ਸ਼ੱਕੀ ਨੂੰ ਫੜ ਕੇ ਛੱਡਿਆ, ਮਾਮਲਾ ਜਾਂਚ ਅਧੀਨ

ਸੈਕਰਾਮੈਂਟੋ,ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਦੱਖਣੀ ਕੈਲੀਫੋਰਨੀਆ ਵਿੱਚ ਹੋਈ ਰੈਲੀ ਦੌਰਾਨ ਇੱਕ ਫਲਸਤੀਨੀਅਨ ਪੱਖੀ ਪ੍ਰਦਰਸ਼ਨਕਾਰੀ ਨਾਲ ਤਕਰਾਰ ਉਪਰੰਤ ਹੋਏ ਝਗੜੇ ਵਿੱਚ ਇੱਕ 69 ਸਾਲਾ ਯਹੂਦੀ ਦੀ ਮੌਤ ਹੋਣ ਦੀ ਖਬਰ ਹੈ।

ਵੈਨਟੂਰਾ ਕਾਊਂਟੀ ਸ਼ੈਰਿਫ ਨੇ ਕਿਹਾ ਹੈ ਕਿ ਇਸ ਮਾਮਲੇ ਨੂੰ ਸੰਭਾਵੀ ਤੌਰ 'ਤੇ ਨਫਰਤੀ ਅਪਰਾਧ ਵਜੋਂ ਵਿਚਾਰਿਆ ਜਾ ਸਕਦਾ ਹੈ। ਅਧਿਕਾਰੀਆਂ ਅਨੁਸਾਰ ਮ੍ਰਿਤਕ ਵਿਅਕਤੀ ਦੀ ਪਛਾਣ ਪੌਲ ਕੇਸਲਰ ਵਜੋਂ ਹੋਈ ਹੈ ਤੇ ਇਹ ਹੱਤਿਆ ਦਾ ਮਾਮਲਾ ਹੈ। ਸ਼ੈਰਿਫ ਫਰਾਈਹੋਫ ਨੇ ਇੱਕ ਜਾਰੀ ਬਿਆਨ ਵਿੱਚ ਕਿਹਾ ਹੈ ਕਿ 50 ਸਾਲਾ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਗਿਆ ਸੀ ਪਰੰਤੂ ਬਾਅਦ ਵਿਚ ਉਸ ਨੂੰ ਛੱਡ ਦਿੱਤਾ ਗਿਆ ਕਿਉਂਕਿ ਮਾਮਲਾ ਅਜੇ ਜਾਂਚ ਅਧੀਨ ਹੈ। ਮੌਕੇ ਦੇ ਗਵਾਹਾਂ ਅਨੁਸਾਰ ਥਾਊਸੈਂਡ ਓਕਸ ਖੇਤਰ ਵਿੱਚ ਇਸਰਾਈਲ ਤੇ ਫਲਸਤੀਨ ਪੱਖੀ ਹੋਈਆਂ ਦੋ ਰੈਲੀਆਂ ਦੌਰਾਨ ਕੇਸਲਰ ਇਕ ਫਲਸਤੀਨ ਪੱਖੀ ਪ੍ਰਦਰਸ਼ਨਕਾਰੀ ਨਾਲ ਉਲਝ ਗਿਆ ਜਿਸ ਦੌਰਾਨ ਉਹ ਸਿਰ ਵਿੱਚ ਸੱਟ ਵੱਜਣ ਕਾਰਨ ਜ਼ਖਮੀ ਹੋ ਗਿਆ। ਫਰਾਈਹੋਫ ਨੇ ਕਿਹਾ ਹੈ ਕਿ ਇਹ ਸਪੱਸ਼ਟ ਹੈ ਕਿ ਦੋਨਾਂ ਵਿਚਾਲੇ ਤਕਰਾਰ ਹੋਈ ਪਰੰਤੂ ਅਜੇ ਇਹ ਸਪੱਸ਼ਟ ਨਹੀਂ ਹੈ ਕਿ ਕੇਸਲਰ ਦੀ ਮੌਤ ਸ਼ੱਕੀ ਵਿਅਕਤੀ ਵੱਲੋਂ ਸੱਟ ਮਾਰਨ ਕਾਰਨ ਹੋਈ ਹੈ।

ਸ਼ੈਰਿਫ ਨੇ ਆਮ ਲੋਕਾਂ ਜੋ ਮੌਕੇ 'ਤੇ ਮੌਜੂਦ ਸਨ, ਨੂੰ ਜਾਂਚ ਵਿੱਚ ਮੱਦਦ ਕਰਨ ਲਈ ਕਿਹਾ ਹੈ। ਉਨਾਂ ਕਿਹਾ ਹੈ ਕਿ ਜੇ ਕਿਸੇ ਕੋਲ ਵੀਡੀਓ ਹੋਵੇ ਤਾਂ ਉਹ ਅਧਿਕਾਰੀਆਂ ਨਾਲ ਸੰਪਰਕ ਕਰੇ।

## ਕੌਂਸਲੇਟ ਜਨਰਲ ਆਫ਼ ਇੰਡੀਆ ਸਾਨ ਫਰਾਂਸਿਸਕੋ ਨਾਲ ਵੀਜ਼ਾ, ਪਾਸਪੋਰਟ ਅਤੇ ਓਸੀਆਈ ਨੂੰ ਲੈ ਕੇ ਵਿਚਾਰ ਵਟਾਂਦਰਾ ਹੋਇਆ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ : ਕੌਂਸਲੇਟ ਜਨਰਲ ਆਫ਼ ਇੰਡੀਆ ਡਾ.ਕੇ ਸਰੀਕਰ ਰੈਡੀ ਜੋ ਕਿ ਸਾਨ ਫਰਾਂਸਿਸਕੋ ਵਿੱਚ ਤਾਇਨਾਤ ਹਨ, ਨੇ ਪੰਜਾਬੀ ਸਿੱਖ ਕਮਿਊਨਿਟੀ ਨਾਲ ਵੀਜ਼ਾ, ਪਾਸਪੋਰਟ ਅਤੇ ਓਸੀਆਈ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ। ਇਸ ਸਮੇਂ ਭਾਈਚਾਰੇ ਦੇ ਕੁਝ ਲੋਕਾਂ ਵੱਲੋਂ ਸ਼ਿਕਾਇਤਾਂ ਵੀ ਦਰਜ ਕਰਵਾਈਆਂ ਗਈਆਂ। ਉਹਨਾਂ ਦੱਸਿਆ ਕਿ ਵੀਜ਼ਾ ਅਤੇ ਓਸੀਆਈ ਵਿਚ ਕੋਈ ਵੀ ਮੁਸ਼ਕਿਲ ਨਹੀਂ ਆਉਂਦੀ,ਪਰ ਪਾਸਪੋਰਟ ਬਣਨ ਵਿੱਚ ਬਹੁਤ ਮੁਸ਼ਕਿਲਾਂ ਆ ਰਹੀਆਂ ਹਨ। ਕਈ-ਕਈ ਮਹੀਨੇ ਪਾਸਪੋਰਟ ਜਾਰੀ ਨਹੀਂ ਕੀਤੇ ਜਾ ਰਹੇ। ਲੰਬੀ ਵੇਟਿੰਗ ਚੱਲ ਰਹੀ ਹੈ ਅਤੇ ਲੋਕਾਂ ਦੀਆਂ ਇਨਕੁਆਰੀਆਂ ਦੇ ਜਵਾਬ ਵੀ ਨਹੀਂ ਦਿੱਤੇ ਜਾਂਦੇ। ਡਾ.ਕੇ. ਸਰੀਕਰ ਰੈਡੀ ਨੇ ਦੱਸਿਆ ਕਿ ਉਹਨਾਂ ਦੇ ਅਹੁਦਾ ਸੰਭਾਲਣ ਤੋਂ ਬਾਅਦ ਕਾਫੀ ਤਬਦੀਲੀਆਂ ਕੀਤੀਆਂ ਗਈਆਂ ਹਨ। ਪਾਸਪੋਰਟ ਤਤਕਾਲ ਵਿੱਚ ਤਿੰਨ ਦਿਨ ਵਿੱਚ ਅਤੇ ਆਮ ਰੁਟੀਨ ਵਿਚ ਇਕ ਹਫਤੇ ਵਿੱਚ ਜਾਰੀ ਕੀਤਾ ਜਾਵੇਗਾ। ਕਿਸੇ ਨੂੰ ਵੀ ਕਿਸੇ ਤਰਾਂ ਦੀ ਮੁਸ਼ਕਿਲ ਨਹੀਂ ਆਵੇਗੀ। ਵੀਜ਼ਾ



ਅ.ਫਸਰ ਨਿਰੰਜਣ ਪ੍ਰਤਾਪ ਸਿੰਘ ਵੀ ਇਸ ਮੌਕੇ ਹਾਜਰ ਸਨ। ਇਸ ਮੌਕੇ ਉਹਨਾਂ ਦਾ ਅਦਾਰਾ ਸਾਂਝੀ ਸੋਚ ਦੇ ਸੀਈਓ ਬੂਟਾ ਸਿੰਘ ਬਾਸੀ ਅਤੇ ਸਿਕੰਦਰ ਸਿੰਘ ਗਰੇਵਾਲ ਟਰੇਸੀ ਵੱਲੋਂ ਦੁਪਹਿਰ ਦੇ ਖਾਣੇ ਦਾ ਆਯੋਜਨ ਕੀਤਾ ਗਿਆ। ਕੌਂਸਲੇਟ ਜਨਰਲ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਵੀਜ਼ਾ ਅ.ਫਸਰ ਨਿਰੰਜਣ ਪ੍ਰਤਾਪ ਸਿੰਘ ਨੂੰ ਵੀ ਸਨਮਾਨਿਤ ਕੀਤਾ ਗਿਆ। ਯੁਗਾਂਤਰ ਆਸ਼ਰਮ ਜੋਕਿ ਸਾਨ ਫਰਾਂਸਿਸਕੋ ਵਿੱਚ ਗਦਰੀ ਬਾਬਿਆਂ ਦਾ ਹਾਲ ਹੈ, ਉਸਨੂੰ ਦੁਬਾਰਾ ਤਿਆਰ ਕਰਨ

ਲਈ ਭਾਰਤ ਸਰਕਾਰ ਵੱਲੋਂ ਨੌਂ ਮਿਲੀਅਨ ਡਾਲਰ ਦਾ ਫੰਡ ਪ੍ਰਵਾਨ ਕੀਤਾ ਹੋਇਆ ਹੈ। ਭਾਈਚਾਰੇ ਦੇ ਲੋਕਾਂ ਨੇ ਡਾ.ਰੈਡੀ ਨੂੰ ਇਸ ਇਮਾਰਤ ਦੀ ਦੁਬਾਰਾ ਉਸਾਰੀ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਕਿਹਾ ਕਿ ਉਹ ਬਹੁਤ ਜਲਦੀ ਆਰਕੀਟੈਕਟ ਨਾਲ ਮੀਟਿੰਗ ਕਰ ਰਹੇ ਹਨ ਅਤੇ ਜਲਦੀ ਹੀ ਕਰੀਬ ਇਕ ਸਾਲ ਦੇ ਵਿਚ ਇਸ ਬਿਲਡਿੰਗ ਨੂੰ ਤਿਆਰ ਕਰ ਦਿੱਤਾ ਜਾਵੇਗਾ। ਇਸ ਮੌਕੇ ਗੁਰਮੀਤ ਸਿੰਘ ਗਾਜੀਆਣਾ, ਰਾਣਾ ਗਿੱਲ, ਚਰਨ ਗੁਰਮ, ਗੁਰਬਖਸ਼ ਸਿੱਧੂ, ਜਸਵੰਤ ਢਿੱਲੋਂ, ਸੁਰਿੰਦਰ ਮੰਢਾਲੀ, ਮਹਿੰਦਰ ਢਾਹ, ਕਰਨਜੀਤ ਸਿੰਘ, ਮਹਿੰਦਰ ਕੰਡਾ, ਬੂਟਾ ਸਿੰਘ ਖੱਖ, ਸਰਦੂਲ ਬਾਜਵਾ, ਜਸਕਰਨ ਸੰਧੂ, ਸੁੱਖੀ ਚਾਹਲ, ਚਰਨ ਜੱਜ ਤੇ ਬਲਵਿੰਦਰ ਢੁਲਕੂ, ਕੁਲਬੀਰ ਰੰਧਾਵਾ, ਇੰਦਰਜੀਤ ਕੈਲੀਰਾਏ, ਮਨਪ੍ਰੀਤ ਸ਼ਾਹੀ ਆਦਿ ਹਾਜਰ ਸਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਪੋਪ ਵੱਲੋਂ ਸਿੱਖਾਂ ਦੀ ਤਾਰੀਫ਼ ਕਿ ਸਿੱਖ ਸਰਬੱਤ ਦੇ ਭਲੇ ਦੀ ਸੇਵਾ ਜਾਰੀ ਰਖਣ

ਪ੍ਰੋ. ਬਲਵਿੰਦਰ ਪਾਲ ਸਿੰਘ

## ਦੁਬਈ ਦੇ ਗੁਰੂ ਨਾਨਕ ਦਰਬਾਰ ਤੋਂ ਸਿੱਖ ਵ਼ਫਦ ਦੇ ਮੈਂਬਰਾਂ ਦਾ ਪੋਪ ਵਲੋਂ ਸਵਾਗਤ



ਸੰਸਾਰ ਵਿੱਚ ਵੱਡੀਆਂ ਘਟਨਾਵਾਂ ਸਿੱਖ ਪੰਥ ਦੇ ਹੱਕ ਵਿੱਚ ਵਾਪਰ ਰਹੀਆਂ ਹਨ। ਇਸ ਧਰਤੀ ਉੱਪਰ ਸਿੱਖ ਕਿਤੇ ਵੀ ਬੈਠਾ ਨਾਨਕ ਪੰਥ ਦੀ ਅਗਵਾਈ ਕਰ ਰਿਹਾ ਹੈ। ਜਦੋਂ ਪੰਜਾਬ ਦੀ ਰਵਾਇਤੀ ਸਿੱਖ ਲੀਡਰਸ਼ਿਪ ਨਿਘਰ ਚੁਕੀ ਹੈ ਤਾਂ ਇਹਨਾਂ ਕੋਲੋ ਸਿਖੀ ਦੀ ਚੜ੍ਹਦੀ ਕਲਾ ਦੀ ਆਸ ਰਖਣੀ ਫਜ਼ੂਲ ਹੈ। ਸਿਖਾਂ ਕੋਲ ਸਭ ਤੋਂ ਵੱਡਾ ਸ਼ਸਤਰ ਮਨੁੱਖਤਾ ਦੀ ਸੇਵਾ, ਸਾਂਝੀਵਾਲਤਾ ਤੇ ਸਰਬੱਤ ਦਾ ਭਲਾ ਹੈ। ਇਹ ਸਿਧਾਂਤ ਸਤਿਗੁਰੂ ਦੀ ਸੇਵਾ ਹੈ। ਇਸੇ ਸਿਧਾਂਤ ਉਪਰ ਪਹਿਰੇਦਾਰੀ ਕਰਨ ਵਾਲੀ ਸੰਗਤ ਸਿਖ ਲੀਡਰਸ਼ਿਪ ਹੈ। ਸੇਵਾ ਰੂਪੀ ਇਸ ਸ਼ਸਤਰ ਕਾਰਨ ਸਿੱਖ ਵਿਰੋਧੀ ਢਹਿ ਢੇਰੀ ਹੋ ਜਾਂਦੇ ਹਨ। ਸਤਿਗੁਰੂ ਦਾ ਹੁਕਮ ਹੈ

ਕਿਸੁ ਹਉ ਸੇਵੀ ਕਿਆ ਜਪੁ ਕਰੀ ਸਤਿਗੁਰ ਪੂਛਉ ਜਾਇ ॥
ਸਤਿਗੁਰ ਕਾ ਭਾਣਾ ਮਨਿ ਲਈ ਵਿਚਹੁ ਆਪੁ ਗਵਾਇ ॥
ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥
ਨਾਮੈ ਹੀ ਤੇ ਸੁਖੁ ਪਾਈਐ ਸਚੈ ਸਬਦਿ ਸੁਹਾਇ ॥

ਇਸ ਪਾਵਨ ਬਚਨ ਅਨੁਸਾਰ ਸਤਿਗੁਰੂ ਫੁਰਮਾਉਂਦੇ ਹਨ ਕਿ ਮੈ ਆਪਣੇ ਗੁਰੂ ਕੋਲੋਂ ਪੁੱਛਿਆ ਕਿ ਮੈ ਕਿਸਦੀ ਸੇਵਾ ਕਰਾਂ ਤੇ ਕਿਹੜਾ ਜਪ ਕਰਾਂ ਤਾਂ ਗੁਰੂ ਦਾ ਆਦੇਸ਼ ਹੈ ਕਿ ਆਪਣੀ ਮਤ ਨੂੰ ਛਡ ਕੇ ਗੁਰੂ ਦੇ ਹੁਕਮ (ਸਬਦ) ਵਿੱਚ ਚਲ ਤੇ ਮਨੁੱਖਤਾ ਦੇ ਹਿਤ ਵਿੱਚ ਕਾਰਜ ਕਰ। ਏਸੇ ਸੇਵਾ ਤੇ ਚਾਕਰੀ ਦੁਆਰਾ ਨਾਮ ਮਨ ਵਿੱਚ ਆ ਵਸਦਾ ਹੈ। ਨਾਮ ਤੋਂ ਹੀ ਸੁੱਖ ਪ੍ਰਾਪਤ ਹੁੰਦਾ ਹੈ ਤੇ ਆਤਮਕ ਜੀਵਨ ਸੋਹਣਾ ਬਣ ਜਾਂਦਾ ਹੈ। ਗੁਰੂ ਦੀ ਸੇਵਾ ਨਾਲ ਫਲ ਸੇਵਕ ਨੂੰ ਹੀ ਪ੍ਰਾਪਤ ਹੋਣਾ ਹੈ ਤੇ ਗੁਰੂ ਦੇ ਸਬਦ ਦੁਆਰਾ ਉਸਨੇ ਸੇਵਾ ਕਰਨੀ ਹੈ। ਹਉਮੈਂ ਕਾਰਣ ਸੇਵਾ ਵਿਅਰਥ ਚਲੀ ਜਾਵੇਗੀ। ਸਤਿਗੁਰੂ ਇਸ ਗਲ ਤੋਂ ਸੁਚੇਤ ਕਰਦੇ ਹਨ।

**ਪੋਪ ਨੇ ਸਿੱਖਾਂ ਦੀ ਸੇਵਾ ਤੇ ਪਰਉਪਕਾਰ ਦੀ ਕੀਤੀ ਤਾਰੀਫ**

ਪੋਪ ਫਰਾਂਸਿਸ ਦੀ ਦੁਬਈ ਦੀ ਆਗਾਮੀ ਫੇਰੀ ਤੋਂ ਪਹਿਲਾਂ, ਸੰਯੁਕਤ ਅਰਬ ਅਮੀਰਾਤ ਵਿੱਚ ਦੁਬਈ ਦੇ ਗੁਰੂ ਨਾਨਕ ਦਰਬਾਰ ਤੋਂ ਸਿੱਖ ਵ਼ਫਦ ਦੇ ਮੈਂਬਰਾਂ ਦਾ ਸਵਾਗਤ ਕੀਤਾ, ਅਤੇ ਉਨ੍ਹਾਂ ਨੂੰ ਰੱਬ ਤੱਕ ਲੈ ਜਾਣ ਵਾਲੀ ਨਿਰਸਵਾਰਥ ਸੇਵਾ ਨੂੰ ਜਾਰੀ ਰੱਖਣ ਲਈ ਅਪੀਲ ਕੀਤੀ।

ਪੋਪ ਫਰਾਂਸਿਸ ਨੇ ਸੰਯੁਕਤ ਅਰਬ ਅਮੀਰਾਤ ਵਿੱਚ ਦੁਬਈ ਵਿੱਚ ਗੁਰੂ ਨਾਨਕ ਦਰਬਾਰ ਸਿੱਖ ਟੈਂਪਲ ਦੀ ਪਹਿਲਕਦਮੀ ਲਈ ਰੋਮ ਵਿੱਚ ਇਕੱਠੇ ਹੋਏ ਵੱਖ-ਵੱਖ ਦੇਸ਼ਾਂ ਤੋਂ ਆਏ ਸਿੱਖ ਵ਼ਫਦ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਇਹ ਵਿਚਾਰ ਪੇਸ਼ ਕੀਤੇ।

ਪੋਪ ਦਸੰਬਰ ਦੇ ਸ਼ੁਰੂ ਵਿੱਚ ਸੰਯੁਕਤ ਅਰਬ ਅਮੀਰਾਤ ਵਾਪਸ ਪਰਤਣਗੇ, ਇਸ ਵਾਰ ਸੀਓਪੀ 28 ਕਾਨਫਰੰਸ ਦੇ ਮੌਕੇ 'ਤੇ ਦੁਬਈ ਸ਼ਹਿਰ ਵਿੱਚ ਹਨ। ਯੂਏਈ ਦੀ ਇਹ ਉਸਦੀ ਦੂਜੀ ਧਾਰਮਿਕ ਯਾਤਰਾ ਹੈ। ਉਹ ਸੰਯੁਕਤ ਰਾਸ਼ਟਰ ਦੇ ਜਲਵਾਯੂ ਸੰਮੇਲਨ ਵਿੱਚ ਸ਼ਾਮਲ ਹੋਣ ਵਾਲੇ ਪਹਿਲੇ ਪੋਪ ਹੋਣਗੇ।

ਇਹ ਛੋਟੀ ਜਿਹੀ ਘਟਨਾ ਨਹੀਂ। ਈਸਾਈਆਂ ਦਾ ਧਾਰਮਿਕ ਮੁਖੀ ਸਿੱਖਾਂ ਦੇ ਹੱਕ ਵਿਚ ਬੋਲ ਰਿਹਾ ਹੈ। ਵੱਡੀ ਗਲ ਹੈ ਕਿ ਇਹ ਖਬਰ ਵੈਟੀਕਨ ਸਿਟੀ ਵੈਬਸਾਈਟ ਵਿੱਚ ਛਪੀ ਹੈ।

### ਮਾਮਲਾ ਗੁਰੂ ਰਵਿਦਾਸ ਤੇ ਸੰਤ ਕਬੀਰ 'ਤੇ ਇਤਰਾਜ਼ਯੋਗ ਟਿੱਪਣੀ ਕਰਨ ਦਾ

## ਡੇਰਾ ਸਿਰਸਾ ਮੁਖੀ ਨੂੰ ਹਾਈਕੋਰਟ ਤੋਂ ਰਾਹਤ, ਐਫ਼. ਆਈ. ਆਰ. ਨੂੰ ਰੱਦ ਕਰਨ ਦੇ ਦਿੱਤੇ ਹੁਕਮ



ਚੰਡੀਗੜ੍ਹ/ਏ.ਟੀ.ਨਿਊਜ਼ : ਡੇਰਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੰਜਾਬ ਹਰਿਆਣਾ ਹਾਈਕੋਰਟ ਤੋਂ ਰਾਹਤ ਮਿਲੀ ਹੈ। ਹਾਈਕੋਰਟ ਨੇ ਸ੍ਰੀ ਗੁਰੂ ਰਵਿਦਾਸ ਤੇ ਸੰਤ ਕਬੀਰ 'ਤੇ ਇਤਰਾਜ਼ਯੋਗ ਟਿੱਪਣੀ ਕਰਨ ਦੇ ਮਾਮਲੇ 'ਚ ਡੇਰਾ ਸੌਦਾ ਰਾਮ ਰਹੀਮ ਖ਼ਿਲਾਫ਼ ਦਰਜ ਐਫ ਆਈ ਆਰ ਨੂੰ ਰੱਦ ਕਰਨ ਦੇ ਹੁਕਮ ਦਿੱਤੇ ਹਨ। ਤੱਥਾਂ ਦੀ ਘਾਟ ਕਾਰਨ ਇਸ ਕੇਸ ਨੂੰ ਰੱਦ ਕਰਨ ਦੇ ਹੁਕਮ ਦਿੱਤੇ ਗਏ ਹਨ। ਹੁਣ ਜਲੰਧਰ ਦੇਹਾਤ ਪੁਲਿਸ ਜਲਦੀ ਹੀ ਇਸ ਕੇਸ ਨੂੰ ਰੱਦ ਕਰ ਦੇਵੇਗੀ।

ਦੱਸ ਦੇਈਏ ਕਿ ਇਹ ਮਾਮਲਾ 17 ਮਾਰਚ ਨੂੰ ਜਲੰਧਰ ਦੇ ਪਤਾਰਾ ਥਾਣੇ ਵਿੱਚ ਦਰਜ ਹੋਇਆ ਸੀ। ਕੇਸ ਵਿੱਚ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਧਾਰਾ ਜੋੜੀ ਗਈ ਹੈ। ਇਸ ਤੋਂ ਬਾਅਦ ਰਾਮ ਰਹੀਮ ਨੇ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਇੱਕ ਸਤਿਸੰਗ ਨੂੰ ਲੈ ਕੇ ਆਪਣੇ ਖ਼ਿਲਾਫ਼ ਦਰਜ ਐਫ ਆਈ ਆਰ ਨੂੰ ਰੱਦ ਕਰਨ ਦੀ ਅਪੀਲ ਕੀਤੀ ਸੀ। ਕਰੀਬ 7 ਸਾਲ ਪਹਿਲਾਂ ਹੋਏ ਸਤਿਸੰਗ ਦੌਰਾਨ ਰਾਮ ਰਹੀਮ ਨੇ ਸ੍ਰੀ ਗੁਰੂ ਰਵਿਦਾਸ 'ਤੇ ਟਿੱਪਣੀ ਕੀਤੀ ਸੀ। ਜਦੋਂ ਇਸ ਦੀ ਵੀਡੀਓ ਜਲੰਧਰ ਦੇ ਰਵਿਦਾਸ ਸਮਾਜ ਕੋਲ ਪਹੁੰਚੀ ਤਾਂ ਰਵਿਦਾਸ ਟਾਈਗਰ ਫੋਰਸ ਪੰਜਾਬ ਦੇ ਮੁਖੀ ਜੱਸੀ ਤਲਹਣ ਨੇ ਇਸ ਮਾਮਲੇ ਦੀ ਸ਼ਿਕਾਇਤ ਜਲੰਧਰ ਦੇਹਾਤ ਪੁਲਿਸ ਨੂੰ ਕੀਤੀ। ਜਾਂਚ ਤੋਂ ਬਾਅਦ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

ਕੇਸ ਦਰਜ ਹੋਣ ਤੋਂ ਕੁਝ ਦਿਨ ਬਾਅਦ ਸੌਦਾ ਸਾਧ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਹਾਈਕੋਰਟ ਨੇ ਸਾਰੀਆਂ ਧਿਰਾਂ ਨੂੰ ਸੁਣਨ ਤੋਂ ਬਾਅਦ ਕਿਹਾ ਕਿ ਇਸ ਮਾਮਲੇ 'ਚ ਪਟੀਸ਼ਨਕਰਤਾ ਵੱਲੋਂ ਪ੍ਰਚਾਰ ਕਰਦੇ ਸਮੇਂ ਕਿਸੇ ਵਿਅਕਤੀ ਜਾਂ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਇਰਾਦੇ ਜਾਂ ਜਾਣਬੁੱਝ ਕੇ ਕੀਤੀ ਗਈ ਕਾਰਵਾਈ ਦਾ ਕੋਈ ਸਪਸ਼ਟ ਸਬੂਤ ਨਹੀਂ ਹੈ।

## ਐਸ.ਜੀ.ਪੀ.ਸੀ. ਵੋਟਰ ਵਜੋਂ ਨਾਮ ਦਰਜ ਕਰਵਾਉਣ ਦੀ ਆਖ਼ਰੀ ਮਿਤੀ 'ਚ 29 ਫਰਵਰੀ ਤੱਕ ਕੀਤਾ ਵਾਧਾ



ਚੰਡੀਗੜ੍ਹ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕੀ ਕਮੇਟੀ ਦੀਆਂ ਚੋਣਾਂ ਵਿੱਚ ਵੋਟ ਪਾਉਣ ਲਈ ਵੋਟਰ ਵਜੋਂ ਨਾਮ ਰਜਿਸਟਰ ਕਰਵਾਉਣ ਦੀ ਆਖਰੀ ਮਿਤੀ 15 ਨਵੰਬਰ 2023 ਤੋਂ ਵਧਾ ਕੇ 29 ਫਰਵਰੀ, 2024 ਕਰ ਦਿੱਤੀ ਗਈ ਹੈ।

ਅੱਜ ਇੱਥੇ ਸੋਧਿਆ ਹੋਇਆ ਸ਼ਡਿਊਲ ਜਾਰੀ ਕਰਦਿਆਂ ਕਮਿਸ਼ਨਰ ਗੁਰਦੁਆਰਾ ਚੋਣਾਂ, ਪੰਜਾਬ, ਗੁਰਕੀਰਤ ਕ੍ਰਿਪਾਲ ਸਿੰਘ ਨੇ ਦੱਸਿਆ ਕਿ ਜਸਟਿਸ (ਸੇਵਾਮੁਕਤ) ਐਸ.ਐਸ. ਸਾਰੋਂ, ਚੀਫ਼ ਕਮਿਸ਼ਨਰ, ਗੁਰਦੁਆਰਾ ਚੋਣਾਂ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਇਹ ਸ਼ਡਿਊਲ ਜਾਰੀ ਕੀਤਾ ਗਿਆ ਹੈ।

ਸਾਰੇ ਜ਼ਿਲ੍ਹਿਆਂ ਦੇ ਸਬੰਧਤ ਡਿਪਟੀ ਕਮਿਸ਼ਨਰ 21 ਮਾਰਚ, 2024 ਤੱਕ ਮੁਢਲੀ ਸੂਚੀਆਂ ਦੀ ਪ੍ਰਕਾਸ਼ਨਾ ਯਕੀਨੀ ਬਣਾਉਣਗੇ ਜਦਕਿ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਆਖਰੀ ਮਿਤੀ ਅਗਲੇ ਸਾਲ 11 ਅਪ੍ਰੈਲ ਹੈ। ਦਾਅਵਿਆਂ ਤੇ ਇਤਰਾਜ਼ਾਂ ਦੇ ਨਿਪਟਾਰੇ ਅਤੇ ਇਸ ਸਬੰਧੀ ਸੰਸ਼ੋਧਿਤ ਅਥਾਰਟੀ ਵੱਲੋਂ ਡਿਪਟੀ ਕਮਿਸ਼ਨਰਾਂ ਨੂੰ ਫੈਸਲਿਆਂ ਦੇ ਸੰਚਾਰ ਦੀ ਆਖਰੀ ਮਿਤੀ 21 ਅਪ੍ਰੈਲ, 2024 ਹੈ ਅਤੇ ਸਪਲੀਮੈਂਟਰੀ ਵੋਟਰ ਸੂਚੀ ਦੇ ਖਰੜੇ ਦੀਆਂ ਤਿਆਰੀਆਂ ਅਤੇ ਸਪਲੀਮੈਂਟ ਦੀ ਛਪਾਈ ਦੀ ਮਿਤੀ 2 ਮਈ, 2024 ਨੂੰ ਹੋਵੇਗੀ। ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨ 3 ਮਈ, 2024 ਨੂੰ ਹੋਵੇਗੀ ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟਾਂ ਬਣਾਉਣ ਦੇ ਕੰਮ ਵਿੱਚ ਹੀ ਬੋਗਸ ਵੋਟ ਖ਼ਤਮ ਕਰਨ ਅਤੇ ਪਾਰਦਰਸ਼ਤਾ ਲਿਆਉਣ ਲਈ ਜਿਵੇਂ ਕਦਮ ਚੁੱਕੇ ਗਏ ਹਨ ਉਸ ਕਾਰਨ ਸਮਝਿਆ ਜਾਂਦਾ ਰਿਹਾ ਹੈ ਕਿ ਇਸ ਨਾਲ ਵੋਟ ਪ੍ਰਕਿਰਿਆ ਵੀ ਪਾਰਦਰਸ਼ੀ ਢੰਗ ਨਾਲ ਹੋਵੇਗੀ।

## ਸਿੱਖ ਯੂਥ ਆਫ਼ ਪੰਜਾਬ ਵੱਲੋਂ ਦਰਬਾਰ ਸਾਹਿਬ ਨੇੜੇ ਬੰਦੀ ਸਿੰਘਾਂ ਦੀ ਰਿਹਾਈ ਦੇ ਹੱਕ 'ਚ ਪ੍ਰਦਰਸ਼ਨ

**ਕਾਨੂੰਨੀ ਢੰਗ ਨਾਲ ਕੌਮੀ ਲੜਾਈ ਜਾਰੀ ਰੱਖਣ ਦਾ ਅਹਿਦ ਲਿਆ**



ਅੰਮ੍ਰਿਤਸਰ/ਏ.ਟੀ.ਨਿਊਜ਼ : ਦਲ ਖ਼ਾਲਸਾ ਦੇ ਯੂਥ ਵਿੰਗ ਸਿੱਖ ਯੂਥ ਆਫ਼ ਪੰਜਾਬ ਦੇ ਕਾਰਕੁਨਾਂ ਨੇ ਬੰਦੀ ਛੋੜ ਦਿਵਸ ਦੇ ਸਬੰਧ ਵਿੱਚ ਦਰਬਾਰ ਸਾਹਿਬ ਵਿੱਚ ਬੰਦੀ ਸਿੰਘਾਂ ਦੀ ਤੰਦਰੁਸਤੀ ਤੇ ਰਿਹਾਈ ਲਈ ਅਰਦਾਸ ਕੀਤੀ ਅਤੇ ਬਾਅਦ ਵਿੱਚ ਉਨ੍ਹਾਂ ਦੀ ਰਿਹਾਈ ਦੇ ਹੱਕ ਵਿਚ ਪ੍ਰਦਰਸ਼ਨ ਕੀਤਾ।

ਜਥੇਬੰਦੀ ਦੇ ਕਾਰਕੁਨਾਂ ਨੇ ਦਰਬਾਰ ਸਾਹਿਬ ਦੇ ਮੁੱਖ ਦੁਆਰ ਘੰਟਾ ਘਰ ਪਲਾਜ਼ਾ ਨੇੜੇ ਬੰਦੀ ਸਿੰਘਾਂ ਨਾਲ ਸਬੰਧਤ ਬੈਨਰ ਤੇ ਤਖ਼ਤੀਆਂ ਫੜੀਆਂ ਹੋਈਆਂ ਸਨ। ਇਸ ਦੌਰਾਨ ਨੌਜਵਾਨਾਂ ਨੇ ਇਨ੍ਹਾਂ ਨਜ਼ਰਬੰਦੀਆਂ ਖ਼ਿਲਾਫ਼ ਕਾਨੂੰਨੀ ਅਤੇ ਰਾਜਨੀਤਕ ਤਰੀਕਿਆਂ ਨਾਲ ਕੌਮੀ ਲੜਾਈ ਜਾਰੀ ਰੱਖਣ ਦਾ ਅਹਿਦ ਲਿਆ। ਉਨ੍ਹਾਂ ਕਿਹਾ ਕਿ ਸਜ਼ਾ ਪੂਰੀ ਕਰਨ ਤੋਂ ਬਾਅਦ ਰਿਹਾਈ ਹਰ ਕੈਦੀ ਦਾ ਮੌਲਿਕ ਤੇ ਮਨੁੱਖੀ ਅਧਿਕਾਰ ਹੈ। ਭਾਰਤ ਸਰਕਾਰ ਇਨ੍ਹਾਂ ਨੂੰ ਰਿਹਾਅ ਨਾ ਕਰ ਕੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ। ਜਥੇਬੰਦੀ ਦੇ ਪ੍ਰਧਾਨ ਗੁਰਨਾਮ ਸਿੰਘ ਮੂਨਕਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ, ਦਲ ਖ਼ਾਲਸਾ, ਮਾਨ ਦਲ ਸਣੇ ਪੰਥਕ ਜਥੇਬੰਦੀਆਂ ਇਨ੍ਹਾਂ ਕੈਦੀਆਂ ਦੀ ਰਿਹਾਈ ਲਈ ਯਤਨਸ਼ੀਲ ਹਨ ਪਰ ਕੇਂਦਰ ਸਰਕਾਰ ਵਾਅਦੇ ਕਰ ਕੇ ਮੁੱਕਰ ਗਈ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਵਿਚ ਕੇਂਦਰ ਦੀ ਭਾਜਪਾ ਸਰਕਾਰ ਨੂੰ ਅਲਟੀਮੇਟਮ ਦੇਣ ਅਤੇ ਸੰਘਰਸ਼ ਦਾ ਵਿੱਢਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰਾਂ ਬਿਨਾਂ ਲੜਿਆਂ ਇਨ੍ਹਾਂ ਕੈਦੀਆਂ ਨੂੰ ਇਨਸਾਫ਼ ਨਹੀਂ ਦੇਣਗੀਆਂ। ਜਥੇਬੰਦੀ ਦੇ ਮੀਤ ਪ੍ਰਧਾਨ ਮਾਨ ਸਿੰਘ ਨੇ ਕਿਹਾ ਕਿ ਸਰਕਾਰਾਂ ਨੇ ਸਾਰੇ ਨਿਯਮ ਅਤੇ ਅਸੂਲ ਨੂੰ ਛਿੱਕੇ ਟੰਗ ਕੇ ਇਨ੍ਹਾਂ ਨਜ਼ਰਬੰਦਾਂ ਦੀ ਰਿਹਾਈ ਨੂੰ ਰੋਕਿਆ ਹੋਇਆ ਹੈ।

## ਸਿੱਧੂ ਮੂਸੇਵਾਲਾ ਦੇ ਨਵੇਂ ਗੀਤ 'ਵਾਚ ਆਊਟ' ਦੇ ਰਿਲੀਜ਼ ਹੁੰਦੇ ਹੀ ਮਿਲੀਅਨ ਵਿੱਚ ਵਿਊਜ਼ ਹੋਏ

ਜਲੰਧਰ/ਏ.ਟੀ.ਨਿਊਜ਼ : ਮਰਹੂਮ ਪੰਜਾਬੀ ਗਾਇਕ ਸ਼ੁੱਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਨਵਾਂ ਗੀਤ 'ਵਾਚ ਆਊਟ' ਰਿਲੀਜ਼ ਰਿਲੀਜ਼ ਹੁੰਦੇ ਹੀ ਮੂਸੇਵਾਲਾ ਦੇ ਗੀਤ ਦੇ ਮਿਲੀਅਨ ਵਿੱਚ ਵਿਊਜ਼ ਹੋ ਚੁੱਕੇ ਹਨ। 5 ਘੰਟੇ ਦੇ ਵਿੱਚ ਹੀ ਇਹ ਗੀਤ ਦੇ ਦਰਸ਼ਕਾਂ ਦੀ ਗਿਣਤੀ 50 ਲੱਖ ਤੋਂ ਵੀ ਪਾਰ ਹੋ ਚੁਕੀ ਸੀ। ਇਹ ਗੀਤ ਦੀਵਾਲੀ ਵਾਲੇ ਦਿਨ 12 ਵਜੇ ਯੂਟਿਊਬ ਉੱਤੇ ਜਾਰੀ ਹੋਇਆ ਸੀ। ਇਸ ਦੇ ਨਾਲ ਹੀ ਫੈਨਜ਼ ਗੀਤ ਵਿਚ ਰੱਜ ਕੇ ਕੁਮੈਂਟਸ ਕਰ ਰਹੇ ਹਨ। ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਹੁਣ ਤੱਕ 5 ਗਾਣੇ ਰਿਲੀਜ਼ ਹੋ ਚੁਕੇ ਹਨ, ਜਿਨ੍ਹਾਂ ਵਿੱਚ ਐੱਸਵਾਈਐੱਲ, ਵਾਰ-ਸਿੱਖ ਜਰਨੈਲ ਹਰੀ ਸਿੰਘ ਨਲੂਆ, ਮੇਰਾ ਨਾਂ ਤੇ ਚੋਰਨੀ ਵੀ ਸ਼ਾਮਲ ਹਨ। ਜੂਨ 2022 ਵਿੱਚ ਸਿੱਧੂ ਦਾ ਐੱਸਵਾਈਐੱਲ ਗਾਣਾ ਰਿਲੀਜ਼ ਹੋਇਆ ਸੀ ਜਿਸ ਉੱਤੇ ਯੂਟਿਊਬ 'ਤੇ ਭਾਰਤ ਵਿੱਚ ਪਾਬੰਦੀ ਲਗਾ ਦਿੱਤੀ ਸੀ। ਇਹ ਗਾਣਾ ਪੰਜਾਬ ਅਤੇ ਹਰਿਆਣਾ (ਬਾਕੀ ਸਫ਼ਾ 31 'ਤੇ)

## ਦੁਨੀਆਂ ਭਰ ਵਿੱਚ ਚਰਚ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼

# ਚਰਚ ਦੇ ਪਾਦਰੀਆਂ, ਕਰਮਚਾਰੀਆਂ 'ਤੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਲੱਗੇ ਦੋਸ਼

➢ ਵੈਟੀਕਨ ਸਿਟੀ ਜਿਨਸੀ ਸ਼ੋਸ਼ਣ ਨਾਲ ਜੁੜੀਆਂ ਲਗਾਤਾਰ ਸ਼ਿਕਾਇਤਾਂ ਤੋਂ ਤੰਗ ਆਇਆ, ਜਾਂਚ ਦੇ ਦਿੱਤੇ ਆਦੇਸ਼

➢ਆਸਟ੍ਰੇਲੀਆ, ਸਵਿਟਜ਼ਰਲੈਂਡ, ਇਟਲੀ, ਸਪੇਨ, ਯੂ.ਕੇ. ਦੇ ਚਰਚਾਂ ਵਿੱਚ ਸ਼ੋਸ਼ਣ ਦੇ ਮਾਮਲਿਆਂ ਵਿੱਚ ਹੋਇਆ ਵਾਧਾ

ਦੁਨੀਆਂ ਭਰ ਤੋਂ ਸ਼ਿਕਾਇਤਾਂ ਆ ਰਹੀਆਂ ਹਨ ਕਿ ਚਰਚ ਵਿੱਚ ਜਿਨਸੀ ਅਪਰਾਧ ਲਗਾਤਾਰ ਵੱਧ ਰਹੇ ਹਨ। ਚਰਚ ਦੇ ਪਾਦਰੀਆਂ ਤੋਂ ਲੈ ਕੇ ਉੱਥੇ ਕੰਮ ਕਰਨ ਵਾਲੇ ਕਰਮਚਾਰੀਆਂ ਉਪਰ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗੇ ਹਨ।ਹੁਣੇ ਜਿਹੇ ਸਪੇਨ ਵਿੱਚ ਇੱਕ ਸੁਤੰਤਰ ਕਮਿਸ਼ਨ ਦੁਆਰਾ ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਦੇ ਅਨੁਸਾਰ, ਅੰਦਾਜ਼ਾ ਲਗਾਇਆ ਗਿਆ ਹੈ ਕਿ ਸਪੇਨ ਵਿੱਚ 2,00,000 ਤੋਂ ਵੱਧ ਬੱਚੇ ਕੈਥੋਲਿਕ ਪਾਦਰੀਆਂ ਦੁਆਰਾ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਸਨ। ਪਿਛਲੇ ਸਾਲ ਸਪੇਨ ਦੀ ਕਾਂਗਰਸ ਦੁਆਰਾ ਜਾਂਚ ਕਮਿਸ਼ਨ ਦੇ ਗਠਨ ਦਾ ਆਦੇਸ਼ ਦਿੱਤਾ ਗਿਆ ਸੀ ਅਤੇ ਇਹ ਕੈਥੋਲਿਕ ਚਰਚ ਨਾਲ ਜੁੜੇ ਦੁਰ ਵਿਵਹਾਰ ਦੇ ਦੋਸ਼ ਬਾਰੇ ਡੂੰਘਾਈ ਨਾਲ ਜਨਤਕ ਜਾਂਚ ਕੀਤੀ ਗਈ ਸੀ। ਵੈਟੀਕਨ ਵੀ ਸੈਕਸ ਸ਼ੋਸ਼ਣ ਨਾਲ ਜੁੜੀਆਂ ਲਗਾਤਾਰ ਸ਼ਿਕਾਇਤਾਂ ਤੋਂ ਤੰਗ ਆ ਚੁਕਾ ਹੈ ਅਤੇ ਇਸ ਸਮੇਂ ਯੂਰਪ ਦੇ ਕਈ ਦੇਸ਼ਾਂ ਵਿੱਚ ਪਾਦਰੀਆਂ ਦੇ ਖ਼ਿਲਾਫ਼ ਦੋਸ਼ਾਂ ਦੀ ਜਾਂਚ ਕਰ ਰਿਹਾ ਹੈ।




ਇਸ ਸਾਲ ਸਤੰਬਰ 2023 ਵਿੱਚ, ਸਵਿਟਜ਼ਰਲੈਂਡ ਵਿੱਚ ਕੈਥੋਲਿਕ ਪਾਦਰੀਆਂ ਅਤੇ ਹੋਰਾਂ ਦੁਆਰਾ ਜਿਨਸੀ ਸ਼ੋਸ਼ਣ ਬਾਰੇ ਇੱਕ ਰਿਪੋਰਟ ਪ੍ਰਕਾਸ਼ਿਤ ਕੀਤੀ ਗਈ ਸੀ, ਜਿਸ ਵਿੱਚ ਇੱਕ ਸਾਲ ਲੰਬੇ ਅਧਿਐਨ ਵਿੱਚ 20ਵੀਂ ਸਦੀ ਦੇ ਅੱਧ ਤੋਂ ਲੈ ਕੇ ਹੁਣ ਤੱਕ ਜਿਨਸੀ ਸ਼ੋਸ਼ਣ ਦੇ 1,000 ਤੋਂ ਵੱਧ ਮਾਮਲੇ ਸਾਹਮਣੇ ਆਏ ਸਨ। ਜਾਂਚ ਕੀਤੇ ਗਏ ਤਕਰੀਬਨ ਤਿੰਨ-ਚੌਥਾਈ ਦਸਤਾਵੇਜ਼ਾਂ ਤੋਂ ਪਤਾ ਲੱਗਿਆ ਹੈ ਕਿ ਨਾਬਾਲਗ ਨਾਲ ਜਿਨਸੀ ਸ਼ੋਸ਼ਣ ਹੋਇਆ ਸੀ। ਜਾਂਚ ਬਿਸ਼ਪਾਂ ਦੀ ਸਵਿਸ ਕਾਨਫਰੰਸ ਦੁਆਰਾ ਸ਼ੁਰੂ ਕੀਤੀ ਗਈ ਸੀ ਅਤੇ ਇਸ ਦੀ ਅਗਵਾਈ ਜ਼ਿਊਰਿਖ ਯੂਨੀਵਰਸਿਟੀ ਦੇ ਦੋ ਇਤਿਹਾਸਕਾਰਾਂ ਨੇ ਕੀਤੀ ਸੀ।

ਹਾਲੀਆ ਰਿਪੋਰਟਾਂ ਅਨੁਸਾਰ, ਇਟਲੀ ਦੇ ਕਈ ਕੈਥੋਲਿਕ ਚਰਚਾਂ 'ਤੇ ਬੱਚਿਆਂ ਅਤੇ ਕਮਜ਼ੋਰ ਲੋਕਾਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਇਟਾਲੀਅਨ ਬਿਸ਼ਪਜ਼ ਕਾਨਫਰੰਸ ਨੇ ਨਵੰਬਰ 2022 ਵਿੱਚ ਇੱਕ ਰਿਪੋਰਟ ਜਾਰੀ ਕੀਤੀ, ਜਿਸ ਵਿੱਚ ਸਿਰਫ਼ ਦੋ ਸਾਲਾਂ ਦੇ ਸਮੇਂ ਵਿੱਚ ਬੱਚਿਆਂ ਅਤੇ ਕਮਜ਼ੋਰ ਲੋਕਾਂ ਦੇ ਜਿਨਸੀ ਸ਼ੋਸ਼ਣ ਦੀ ਜਾਂਚ ਵਿੱਚ 68 ਕਥਿਤ ਦੁਰ ਵਿਵਹਾਰ ਕਰਨ ਵਾਲੇ ਦੋਸ਼ੀਆਂ ਦੀ ਪਛਾਣ ਕੀਤੀ ਗਈ ਸੀ। ਰਿਪੋਰਟ ਵਿਚ ਪਾਇਆ ਗਿਆ ਕਿ 89 ਸ਼ੋਸ਼ਣ ਦੇ ਸ਼ਿਕਾਰ ਲੋਕਾਂ ਨੇ 68 ਸ਼ੱਕੀ ਦੁਰ ਵਿਵਹਾਰ ਕਰਨ ਵਾਲਿਆਂ 'ਤੇ ਦੋਸ਼ ਲਗਾਏ ਸਨ, ਜਿਨ੍ਹਾਂ ਵਿਚ ਪਾਦਰੀਆਂ ਅਤੇ ਚਰਚ ਦੇ ਕਰਮਚਾਰੀ ਸਨ।89 ਸ਼ਿਕਾਇਤਾਂ ਵਿੱਚੋਂ, 12 ਵਿੱਚ 10 ਸਾਲ ਤੋਂ ਘੱਟ ਉਮਰ ਦੇ ਬੱਚੇ ਸ਼ਾਮਲ ਸਨ, ਅਤੇ 61 ਸ਼ਿਕਾਇਤਾਂ ਵਿੱਚ 10-18 ਸਾਲ ਦੀ ਉਮਰ ਦੇ ਬੱਚੇ ਸ਼ਾਮਲ ਸਨ।ਪੀੜਤਾਂ ਵਿੱਚੋਂ 16 ਦੀ ਉਮਰ 18 ਸਾਲ ਤੋਂ ਵੱਧ ਸੀ।

ਅਮਰੀਕਾ ਵਿੱਚ ਕੈਥੋਲਿਕ ਚਰਚ ਦੇ ਮੈਂਬਰਾਂ ਦੁਆਰਾ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਕਈ ਮਾਮਲੇ ਸਾਹਮਣੇ ਆਏ ਹਨ। ਇਹ ਮੁੱਦਾ ਪਹਿਲੀ ਵਾਰ 1985 ਵਿੱਚ ਉਜਾਗਰ ਹੋਇਆ ਸੀ ਜਦੋਂ ਲੁਈਸਿਆਨਾ ਦੇ ਇੱਕ ਪਾਦਰੀ ਨੂੰ ਲੜਕਿਆਂ ਦੇ ਸ਼ੋਸ਼ਣ ਦੇ 11 ਮਾਮਲਿਆਂ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ।ਇੱਕ ਅਪ੍ਰੈਲ 2023 ਏ.ਬੀ.ਸੀ. ਨਿਊਜ਼ ਦੀ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਅਮਰੀਕਾ ਦੇ ਮੈਰੀਲੈਂਡ ਵਿੱਚ, ਬਾਲਟਿਮੋਰ ਦੇ ਆਰਚਡੀਓਸੀਜ਼, ਧਾਰਮਿਕ ਸੰਗਠਨ ਨਾਲ ਜੁੜੇ 150 ਤੋਂ ਵੱਧ ਪਾਦਰੀ ਅਤੇ ਹੋਰਾਂ ਉੱਤੇ 600 ਤੋਂ ਵੱਧ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਹੈ। ਇਲੀਨੋਇਸ ਅਟਾਰਨੀ ਜਨਰਲ ਨੇ ਇੱਕ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ 1950 ਤੋਂ 2019 ਦਰਮਿਆਨ 451 ਕੈਥੋਲਿਕ ਪਾਦਰੀਆਂ ਦੁਆਰਾ ਲਗਭਗ 2,000 ਬੱਚਿਆਂ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ। 2018 ਵਿੱਚ, ਪੈਨਸਿਲਵੇਨੀਆ ਵਿੱਚ ਇੱਕ ਗ੍ਰੈਂਡ ਜਿਊਰੀ ਦੀ ਰਿਪੋਰਟ ਵਿੱਚ ਪਾਇਆ ਗਿਆ ਕਿ 300 ਤੋਂ ਵੱਧ ਪਾਦਰੀਆਂ ਨੇ 70 ਸਾਲਾਂ ਦੀ ਮਿਆਦ ਵਿੱਚ ਘੱਟੋ-ਘੱਟ 1,000 ਬੱਚਿਆਂ ਦਾ ਜਿਨਸੀ ਸ਼ੋਸ਼ਣ ਕੀਤਾ ਹੈ।ਯੂਨਾਈਟਿਡ ਕਿੰਗਡਮ ਵਿੱਚ ਚਰਚ ਦੇ ਨਾਮ ਉੱਤੇ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਕਈ ਮਾਮਲੇ ਸਾਹਮਣੇ ਆਏ ਹਨ।

ਚਰਚ ਆਫ਼ ਇੰਗਲੈਂਡ ਵਿਚ ਪਾਦਰੀਆਂ ਅਤੇ ਚਰਚ ਦੇ ਅਧਿਕਾਰੀਆਂ ਦੇ ਵਿਰੁੱਧ ਕਮਜ਼ੋਰ ਬਾਲਗਾਂ ਅਤੇ ਬੱਚਿਆਂ ਨਾਲ ਦੁਰ ਵਿਵਹਾਰ ਦੇ ਸੈਂਕੜੇ ਨਵੇਂ ਮਾਮਲੇ ਸਾਹਮਣੇ ਆਏ ਹਨ।ਬੀਬੀਸੀ ਨਿਊਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਸਮੀਖਿਅਕਾਂ ਨੂੰ ਯੂਕੇ ਦੇ ਚਰਚਾਂ ਵਿੱਚ ਬਾਲ ਜਿਨਸੀ ਸ਼ੋਸ਼ਣ ਦੇ 383 ਮਾਮਲੇ ਮਿਲੇ ਹਨ। 383 ਨਵੇਂ ਮਾਮਲਿਆਂ ਵਿੱਚੋਂ, 168 ਬੱਚਿਆਂ ਨਾਲ ਸਬੰਧਤ ਸਨ ਅਤੇ 149 ਕਮਜ਼ੋਰ ਬਾਲਗਾਂ ਨਾਲ ਸਬੰਧਤ ਸਨ। 2020 ਵਿੱਚ, ਬਾਲ ਜਿਨਸੀ ਸ਼ੋਸ਼ਣ ਦੀ ਸੁਤੰਤਰ ਜਾਂਚ ਦੀ ਇੱਕ ਰਿਪੋਰਟ ਵਿੱਚ ਪਾਇਆ ਗਿਆ ਕਿ ਚਰਚ ਆਫ਼ ਇੰਗਲੈਂਡ ਵਿੱਚ ਲਗਭਗ 400 ਲੋਕਾਂ ਨੂੰ ਬੱਚਿਆਂ ਨਾਲ ਜਿਨਸੀ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਸੀ।

ਦਾ ਨਿਊਯਾਰਕ ਟਾਈਮਜ਼ ,ਸੀਐਨਐਨ, ਏ.ਪੀ. ਨਿਊਜ਼ ਅਤੇ ਬੀ.ਬੀ.ਸੀ. ਨਿਊਜ਼ ਦੀਆਂ ਰਿਪੋਰਟਾਂ ਦੇ ਅਨੁਸਾਰ, ਪਿਛਲੇ 70 ਸਾਲਾਂ ਵਿੱਚ ਫਰਾਂਸ ਦੇ ਕੈਥੋਲਿਕ ਚਰਚਾਂ ਵਿੱਚ ਲਗਭਗ 216,000 ਤੋਂ 330,000 ਬੱਚਿਆਂ ਦਾ ਜਿਨਸੀ ਸ਼ੋਸ਼ਣ ਹੋਇਆ ਸੀ।ਇਹ ਅੰਕੜੇ ਫਰਾਂਸ ਦੀ ਆਬਾਦੀ ਵਿੱਚ ਫਰਾਂਸ ਦੇ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ ਐਂਡ ਮੈਡੀਕਲ ਰਿਸਰਚ ਦੁਆਰਾ ਬਾਲ ਜਿਨਸੀ ਸ਼ੋਸ਼ਣ ਬਾਰੇ ਖੋਜ 'ਤੇ ਆਧਾਰਿਤ ਹਨ। ਰਿਪੋਰਟ ਵਿੱਚ ਇਹ ਵੀ ਪਾਇਆ ਗਿਆ ਕਿ ਲਗਭਗ 60 ਪ੍ਰਤੀਸ਼ਤ ਮਰਦ ਅਤੇ ਔਰਤਾਂ ਜਿਨ੍ਹਾਂ ਨਾਲ ਦੁਰ ਵਿਵਹਾਰ ਕੀਤਾ ਗਿਆ ਸੀ, ਉਨ੍ਹਾਂ ਦੇ ਭਾਵਨਾਤਮਕ ਜਾਂ ਜਿਨਸੀ ਜੀਵਨ ਵਿਚ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ।ਬ੍ਰਾਜ਼ੀਲ ਵਿੱਚ ਜਿਨਸੀ ਸ਼ੋਸ਼ਣ ਦੇ ਬਹੁਤ ਸਾਰੇ ਮਾਮਲੇ ਹਨ ਜਿਨ੍ਹਾਂ ਵਿੱਚ ਬੱਚੇ ਅਤੇ ਪਾਦਰੀਆਂ ਦੇ ਮੈਂਬਰ ਸ਼ਾਮਲ ਹਨ।

(ਬਾਕੀ ਸਫ਼ਾ 31 'ਤੇ)

# ਤਾਈਵਾਨ ਨੇ ਭਾਰਤ ਦੇ ਇੱਕ ਲੱਖ ਨੌਜਵਾਨ ਮਜ਼ਦੂਰਾਂ ਨੂੰ ਨੌਕਰੀ ਦੇਣ ਦੀ ਪੇਸ਼ਕਸ਼ ਕੀਤੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਤਾਈਵਾਨ ਆਪਣੀ ਆਬਾਦੀ ਦੀ ਉਮਰ ਵਧਣ ਤੋਂ ਪ੍ਰੇਸ਼ਾਨ ਹੈ। ਅਗਲੇ ਦੋ ਸਾਲਾਂ ਵਿੱਚ, ਯਾਨੀ 2025 ਤੱਕ, ਤਾਈਵਾਨ ਦੀ 20 ਪ੍ਰਤੀਸ਼ਤ ਤੋਂ ਵੱਧ ਆਬਾਦੀ 80 ਸਾਲ ਦੀ ਹੋ ਜਾਵੇਗੀ। ਇਸੇ ਕਰਕੇ ਤਾਈਵਾਨ ਨੇ ਭਾਰਤ ਦੇ ਇੱਕ ਲੱਖ ਨੌਜਵਾਨ ਮਜ਼ਦੂਰਾਂ ਨੂੰ ਨੌਕਰੀ ਦੇਣ ਦੀ ਪੇਸ਼ਕਸ਼ ਕੀਤੀ ਹੈ। ਦਰਅਸਲ, ਤਾਈਵਾਨ ਵਿੱਚ ਬੇਰੁਜ਼ਗਾਰੀ ਦੀ ਦਰ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਇਸ ਨੂੰ ਨਿਰਮਾਣ, ਸਿਹਤ ਅਤੇ ਖੇਤੀਬਾੜੀ ਖੇਤਰਾਂ ਵਿੱਚ ਵੱਡੀ ਗਿਣਤੀ ਵਿੱਚ ਕਾਮਿਆਂ ਦੀ ਲੋੜ ਹੈ, ਜੋ ਇਸ ਨੂੰ ਆਪਣੇ ਦੇਸ਼ ਵਿੱਚ ਨਹੀਂ ਮਿਲ ਰਹੀ। ਅਜਿਹੇ ਵਿਚ ਉਸ ਨੇ ਭਾਰਤ ਵੱਲ ਸਮਝੌਤਾ ਕਰਨ ਦਾ ਹੱਥ ਵਧਾਇਆ ਹੈ। ਤਾਈਵਾਨ ਅਤੇ ਭਾਰਤ ਵਿਚਾਲੇ ਇਸ ਸਮਝੌਤੇ 'ਤੇ ਜਲਦ ਹੀ ਦਸਤਖ਼ਤ ਹੋਣ ਦੀ ਉਮੀਦ ਹੈ, ਜਿਸ ਤੋਂ ਬਾਅਦ ਇਕ ਲੱਖ ਭਾਰਤੀ ਨੌਕਰੀਆਂ ਲਈ ਤਾਈਵਾਨ ਜਾਣਗੇ। ਇਜ਼ਰਾਈਲ ਨੇ ਹਾਲ ਹੀ ਵਿੱਚ ਇੱਕ ਲੱਖ ਭਾਰਤੀਆਂ ਨੂੰ ਨੌਕਰੀਆਂ ਦੀ ਪੇਸ਼ਕਸ਼ ਵੀ ਕੀਤੀ ਹੈ।ਭਾਰਤ ਅਤੇ ਤਾਈਵਾਨ ਵਿਚਾਲੇ ਇਹ ਸਮਝੌਤਾ ਅੰਤਿਮ ਪੜਾਅ 'ਤੇ ਹੈ। ਬਲੂਮਬਰਗ ਦੀ ਰਿਪੋਰਟ ਮੁਤਾਬਕ ਭਾਰਤ ਅਤੇ ਤਾਈਵਾਨ ਵਿਚਾਲੇ ਅਗਲੇ ਮਹੀਨੇ ਨੌਕਰੀਆਂ 'ਤੇ ਸਮਝੌਤਾ ਹੋ ਸਕਦਾ ਹੈ। ਇਸ ਤੋਂ ਬਾਅਦ ਤਾਈਵਾਨ ਵਿੱਚ ਨੌਕਰੀ ਦੇਣ ਦੀ ਪ੍ਰਕਿਰਿਆ ਸ਼ੁਰੂ ਹੋ ਜਾਵੇਗੀ।













## ਸੁੰਦਰਤਾ, ਗਲੈਮਰ ਅਤੇ ਸਿਆਸਤ ਦਾ ਮੇਲ

# ਭਾਰਤ ਦੀਆਂ 5 ਗਲੈਮਰਸ ਮਹਿਲਾ ਸਿਆਸਤਦਾਨ


ਨੁਸਰਤ ਜਹਾਂ


ਦਿਵਿਆ ਸਪੰਦਨਾ


ਅਲਕਾ ਲਾਂਬਾ


ਅੰਗੂਰਲਤਾ ਡੇਕਾ


ਡਿੰਪਲ ਯਾਦਵ

ਭਾਰਤ ਨੇ ਸੁੰਦਰਤਾ ਅਤੇ ਗਲੈਮਰ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਪੱਧਰ ’ਤੇ ਆਪਣੀ ਪਛਾਣ ਬਣਾਈ ਹੈ।ਅਸੀਂ ਕਈ ਵਾਰ ਮਿਸ ਵਰਲਡ ਅਤੇ ਮਿਸ ਯੂਨੀਵਰਸ ਦਾ ਖਿਤਾਬ ਜਿੱਤ ਚੁੱਕੇ ਹਾਂ। ਸਾਡੇ ਦੇਸ਼ ਦੀਆਂ ਔਰਤਾਂ ਦੀ ਖ਼ੂਬਸੂਰਤੀ ਸਿਰਫ਼ ਇਨ੍ਹਾਂ ਖ਼ਿਤਾਬਾਂ ਤੱਕ ਹੀ ਸੀਮਤ ਨਹੀਂ ਹੈ, ਸਗੋਂ ਉਹ ਸਿਆਸਤ ਵਿੱਚ ਵੀ ਚੰਗਾ ਯੋਗਦਾਨ ਪਾ ਰਹੀਆਂ ਹਨ।

ਆਓ ਜਾਣਦੇ ਹਾਂ ਭਾਰਤ ਦੀਆਂ ਅਜਿਹੀਆਂ 5 ਗਲੈਮਰਸ ਮਹਿਲਾ ਸਿਆਸਤਦਾਨਾਂ ਬਾਰੇ:-

**1. ਨੁਸਰਤ ਜਹਾਂ**

ਨੁਸਰਤ ਜਹਾਂ ਇੱਕ ਬਹੁਤ ਹੀ ਗਲੈਮਰਸ ਭਾਰਤੀ ਫਿਲਮ ਅਦਾਕਾਰਾ ਅਤੇ ਰਾਜਨੇਤਾ ਹੈ। ਉਸਨੇ ਬੰਗਾਲੀ ਸਿਨੇਮਾ ਵਿੱਚ ਆਪਣੀ ਖਾਸ ਥਾਂ ਬਣਾਈ ਹੈ। ਉਨ੍ਹਾਂ ਦਾ ਜਨਮ 8 ਜਨਵਰੀ 1990 ਨੂੰ ਕੋਲਕਾਤਾ ’ਚ ਹੋਇਆ ਸੀ।ਉਸ ਨੇ ਆਪਣੀ ਪੜ੍ਹਾਈ ਭਵਾਨੀਪੁਰ ਐਜੂਕੇਸ਼ਨ ਸੁਸਾਇਟੀ ਕਾਲਜ ਤੋਂ ਪੂਰੀ ਕੀਤੀ।2019 ਵਿੱਚ, ਉਸਨੇ ਸਰਗਰਮ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ ਅਤੇ ਤ੍ਰਿਣਮੂਲ ਕਾਂਗਰਸ ਦੇ ਉਮੀਦਵਾਰ ਵਜੋਂ ਬਸੀਰਹਾਟ ਤੋਂ ਚੋਣ ਲੜੀ।ਨੁਸਰਤ ਜਹਾਂ ਨੇ 2011 ਵਿੱਚ ਰਾਜ ਚੱਕਰਵਰਤੀ ਦੀ ਫਿਲਮ ਸ਼ੋਤਰੂ ਨਾਲ ਆਪਣੀ ਸ਼ੁਰੂਆਤ ਕੀਤੀ ਸੀ। ਉਸਦੀ ਅਗਲੀ ਫਿਲਮ ਖੋਕਾ 420 ਸੀ। ਉਸ ਦਾ ਵਿਆਹ 2019 ਵਿੱਚ ਨਿਖਿਲ ਜੈਨ ਨਾਲ ਹੋਇਆ ਸੀ।

**2. ਦਿਵਿਆ ਸਪੰਦਨਾ**

ਬਹੁਤ ਹੀ ਖ਼ੂਬਸੂਰਤ ਦਿਵਿਆ ਸਪੰਦਨਾ ਨੂੰ ਫਿਲਮ ਇੰਡਸਟਰੀ ’ਚ ਰਾਮਿਆ ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਉਹ ਇੱਕ ਮਸ਼ਹੂਰ ਦੱਖਣ ਭਾਰਤੀ ਅਭਿਨੇਤਰੀ ਹੈ ਜਿਸਨੇ ਕੰਨੜ ਫ਼ਿਲਮਾਂ ਦੇ ਨਾਲ-ਨਾਲ ਤਾਮਿਲ ਅਤੇ ਤੇਲਗੂ ਭਾਸ਼ਾ ਦੀਆਂ ਫਿਲਮਾਂ ਵਿੱਚ ਵੀ ਕੰਮ ਕੀਤਾ ਹੈ।ਉਨ੍ਹਾਂ ਦਾ ਜਨਮ 29 ਨਵੰਬਰ 1982 ਨੂੰ ਬੈਂਗਲੁਰੂ ’ਚ ਹੋਇਆ ਸੀ। ਉਨ੍ਹਾਂ ਦੀ ਪਹਿਲੀ ਫ਼ਿਲਮ ਕੰਨੜ ਫਿਲਮ ‘ਮੁਸੰਜਾਇਮਾਤੂ’ ਸੀ ਜੋ 2008 ਵਿੱਚ ਰਿਲੀਜ਼ ਹੋਈ ਸੀ।ਇਹ ਫ਼ਿਲਮ ਕਾਫੀ ਹਿੱਟ ਰਹੀ ਸੀ। ਰਾਮਿਆ ਨੇ 2013 ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਦੇ ਮੈਂਬਰ ਵਜੋਂ ਕਰਨਾਟਕ ਦੇ ਮੰਡਯਾ ਹਲਕੇ ਤੋਂ ਉਪ ਚੋਣ ਜਿੱਤ ਕੇ ਰਾਜਨੀਤੀ ਵਿੱਚ ਪ੍ਰਵੇਸ਼ ਕੀਤਾ।

**3. ਅਲਕਾ ਲਾਂਬਾ**

ਆਪਣੇ ਚਮਕਦਾਰ ਅਕਸ ਦੇ ਨਾਲ ਇੱਕ ਸਿਆਸਤਦਾਨ ਹੋਣ ਤੋਂ ਇਲਾਵਾ, ਅਲਕਾ ਲਾਂਬਾ ਆਪਣੀ ਸੁੰਦਰਤਾ ਲਈ ਵੀ ਜਾਣੀ ਜਾਂਦੀ ਹੈ। ਸਿਰਫ 19 ਸਾਲ ਦੀ ਉਮਰ ਵਿੱਚ, ਉਹ ਕਾਂਗਰਸ ਦੀ ਵਿਦਿਆਰਥੀ ਯੂਨੀਅਨ ਵਿੱਚ ਸ਼ਾਮਲ ਹੋ ਗਈ ਸੀ।ਨੌਜਵਾਨਾਂ ਨੂੰ ਸਸ਼ਕਤ ਬਣਾਉਣ ਦੇ ਉਦੇਸ਼ ਨਾਲ ਉਨ੍ਹਾਂ ਨੇ ‘ਗੋ ਇੰਡੀਆ ਫਾਊਂਡੇਸ਼ਨ’ ਨਾਂ ਦੀ ਐਨਜੀਓ ਸ਼ੁਰੂ ਕੀਤੀ।20 ਸਾਲ ਤੋਂ ਵੱਧ ਸਮੇਂ ਤੱਕ ਕਾਂਗਰਸ ਨਾਲ ਜੁੜੇ ਰਹਿਣ ਤੋਂ ਬਾਅਦ, ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਈ ਅਤੇ ਫਰਵਰੀ 2015 ਵਿੱਚ, ਚਾਂਦਨੀ ਚੌਕ ਤੋਂ ਦਿੱਲੀ ਵਿਧਾਨ ਸਭਾ ਲਈ ਚੁਣੀ ਗਈ।

**4. ਅੰਗੂਰਲਤਾ ਡੇਕਾ**

ਅੰਗੂਰਲਤਾ ਡੇਕਾ, ਇੱਕ ਮਾਡਲ ਅਤੇ ਅਭਿਨੇਤਰੀ ਹੋਣ ਤੋਂ ਇਲਾਵਾ, ਭਾਰਤੀ ਜਨਤਾ ਪਾਰਟੀ ਦੀ ਇੱਕ ਸੁੰਦਰ ਨੇਤਾ ਵੀ ਹੈ।ਉਸਨੇ ਮੁੱਖ ਤੌਰ ’ਤੇ ਬੰਗਾਲੀ ਅਤੇ ਅਸਾਮੀ ਫ਼ਿਲਮਾਂ ਵਿੱਚ ਕੰਮ ਕੀਤਾ ਹੈ। ਉਹ ਇਸ ਫ਼ਿਲਮ ਦਾ ਨਿਰਦੇਸ਼ਨ ਵੀ ਕਰ ਰਹੀ ਹੈ। ਉਹ 2016 ਤੋਂ ਅਸਾਮ ਦੇ ਬਤਰੋਬਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੀ ਵਿਧਾਇਕ ਹੈ।

**5. ਡਿੰਪਲ ਯਾਦਵ**

ਬਹੁਤ ਹੀ ਕੋਮਲ ਅਤੇ ਹਮੇਸ਼ਾ ਸਾੜੀਆਂ ਵਿੱਚ ਨਜ਼ਰ ਆਉਣ ਵਾਲੀ ਡਿੰਪਲ ਯਾਦਵ ਇੱਕ ਖ਼ੂਬਸੂਰਤ ਅਤੇ ਗਲੈਮਰਸ ਸਿਆਸਤਦਾਨ ਹੈ। ਉਹ ਦੋ ਵਾਰ ਕਨੌਜ ਤੋਂ ਸਮਾਜਵਾਦੀ ਪਾਰਟੀ ਦੀ ਸੰਸਦ ਮੈਂਬਰ ਰਹਿ ਚੁੱਕੀ ਹੈ। ਉਹ ਸਿਆਸੀ ਪਰਿਵਾਰ ਨਾਲ ਸਬੰਧ ਰੱਖਦਾ ਹੈ।ਉਨ੍ਹਾਂ ਦੇ ਪਤੀ ਅਖਿਲੇਸ਼ ਯਾਦਵ ਅਤੇ ਸਹੁਰਾ ਮੁਲਾਇਮ ਸਿੰਘ ਯਾਦਵ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ।

## ਰਾਜਸਥਾਨ ਚੋਣਾਂ : ਰਿਸ਼ਤਿਆਂ ’ਤੇ ਸਿਆਸਤ ਭਾਰੀ !

# ਪਿਓ-ਧੀ, ਪਤੀ-ਪਤਨੀ, ਜੀਜਾ-ਸਾਲੀ ਚੋਣ ਮੈਦਾਨ ’ਚ ਆਹਮੋ ਸਾਹਮਣੇ







ਰਾਜਸਥਾਨ ’ਚ ਵਿਧਾਨ ਸਭਾ ਚੋਣਾਂ ਕਾਰਨ ਇਸ ਵਾਰ ਨਵੇਂ ਰੰਗ ਦੇਖਣ ਨੂੰ ਮਿਲ ਰਹੇ ਹਨ। ਇਸ ਵਾਰ ਸੱਤਾ ਦੀ ਤਲਾਸ਼ ਵਿੱਚ ਸਿਆਸਤ ਰਿਸ਼ਤਿਆਂ ਨੂੰ ਢਾਹ ਲਾ ਰਹੀ ਹੈ। ਕਿਤੇ ਪਤੀ-ਪਤਨੀ ਮੈਦਾਨ ਵਿੱਚ ਹਨ ਤਾਂ ਕਿਤੇ ਧੀ ਪਿਤਾ ਦੇ ਖਿਲਾਫ ਚੋਣ ਲੜ ਰਹੀ ਹੈ। ਇਸ ਵਾਰ ਸਿਆਸਤ ਨੂੰ ਲੈ ਕੇ ਕਈ ਥਾਵਾਂ ’ਤੇ ਦਿਲਚਸਪ ਮੁਕਾਬਲੇ ਦੇਖਣ ਨੂੰ ਮਿਲਣਗੇ। ਇਸ ਨੂੰ ਲੈ ਕੇ ਸਿਆਸਤ ਵਿੱਚ ਕਾਫੀ ਚਰਚਾ ਚੱਲ ਰਹੀ ਹੈ। ਚੋਣਾਂ ਦੌਰਾਨ ਰਿਸ਼ਤਿਆਂ ’ਚ ਮੁਕਾਬਲੇ ਨੂੰ ਲੋਕ ਬੇਸਬਰੀ ਨਾਲ ਦੇਖ ਰਹੇ ਹਨ। ਲੋਕਾਂ ਵਿੱਚ ਚਰਚਾ ਹੈ ਕਿ ਇਨ੍ਹਾਂ ਵਿਧਾਨ ਸਭਾ ਸੀਟਾਂ ਦੇ ਚੋਣ ਨਤੀਜੇ ਕੀ ਆਉਣਗੇ ?

**ਅਲਵਰ ’ਚ ਧੀ ਨੇ ਪਿਤਾ ਖ਼ਿਲਾਫ਼ ਖੋਲ੍ਹਿਆ ਮੋਰਚਾ**

ਅਲਵਰ ਦਿਹਾਤੀ ਵਿਧਾਨ ਸਭਾ ਸੀਟ ਇਨ੍ਹੀਂ ਦਿਨੀਂ ਸੁਰਖੀਆਂ ’ਚ ਹੈ। ਇਸ ਚੋਣ ਵਿੱਚ ਉਨ੍ਹਾਂ ਦੀ ਆਪਣੀ ਧੀ ਮੀਨਾ ਕੁਮਾਰੀ ਭਾਜਪਾ ਉਮੀਦਵਾਰ ਜੈ ਰਾਮ ਜਾਟਵ ਵਿਰੁੱਧ ਆਜ਼ਾਦ ਉਮੀਦਵਾਰ ਵਜੋਂ ਚੋਣ ਲੜ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਪਿਓ-ਧੀ ਵਿਚਕਾਰ ਪੁਰਾਣਾ ਝਗੜਾ ਚੱਲ ਰਿਹਾ ਹੈ। ਇਸ ਲਈ ਰਿਸ਼ਤਿਆਂ ਦੀ ਇਹ ਲੜਾਈ ਹੁਣ ਚੋਣ ਅਖਾੜੇ ਵਿੱਚ ਵੀ ਦੇਖਣ ਨੂੰ ਮਿਲੇਗੀ।



**ਧੌਲਪੁਰ ਸੀਟ ਲਈ ਜੀਜਾ- ਸਾਲੀ ਚੋਣ ਮੈਦਾਨ ’ਚ**

ਧੌਲਪੁਰ ਵਿਧਾਨ ਸਭਾ ਸੀਟ ’ਤੇ ਜੀਜਾ-ਸਾਲੀ ਇੱਕ-ਦੂਜੇ ਦੇ ਖ਼ਿਲਾਫ਼ ਦਿਲਚਸਪ ਮੁਕਾਬਲੇ ’ਚ ਹਨ। ਇਸ ’ਚ ਉਮੀਦਵਾਰ ਸ਼ੋਭਾ ਰਾਣੀ ਕੁਸ਼ਵਾਹਾ ਚੋਣ ਮੈਦਾਨ ’ਚ ਆਪਣੇ ਜੀਜੇ ਭਾਜਪਾ ਉਮੀਦਵਾਰ ਸ਼ਿਵਚਰਨ ਕੁਸ਼ਵਾਹਾ ਨੂੰ ਸਖਤ ਟੱਕਰ ਦੇ ਰਹੀ ਹੈ।

**ਖੰਡਰ ’ਚ ਪਿਓ-ਪੁੱਤ ਵਿਚਾਲੇ ਚੋਣ ਮੁਕਾਬਲਾ ਹੋਵੇਗਾ**

ਸਵਾਈ ਮਾਧੋਪੁਰ ਦੀ ਖੰਡਰ ਵਿਧਾਨ ਸਭਾ ਤੋਂ ਇਸ ਵਾਰ ਵੀ ਦਿਲਚਸਪ ਮੁਕਾਬਲਾ ਦੇਖਣ ਨੂੰ ਮਿਲ ਰਿਹਾ ਹੈ। ਇੱਥੇ ਵੀ ਕਾਂਗਰਸੀ ਉਮੀਦਵਾਰ ਅਸ਼ੋਕ ਬੈਰਵਾ ਨੂੰ ਆਪਣੇ ਪਿਤਾ ਦਲਚੰਦ ਦੀ ਆਜ਼ਾਦ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੀਟ ’ਤੇ ਸਿਆਸਤ ਦੀ ਨਜ਼ਰ ਹੈ।

**ਦੰਤਰਾਮਗੜ੍ਹ ’ਚ ਪਤੀ-ਪਤਨੀ ਵਿਚਾਲੇ ਮੁਕਾਬਲਾ**

ਹੁਣ ਤੱਕ ਦਾ ਸਭ ਤੋਂ ਦਿਲਚਸਪ ਮੁਕਾਬਲਾ ਦੰਤਰਾਮਗੜ੍ਹ ਵਿਧਾਨ ਸਭਾ ਸੀਟ ਤੋਂ ਦੇਖਣ ਨੂੰ ਮਿਲ ਰਿਹਾ ਹੈ। ਜਿਸ ਵਿੱਚ ਪਤੀ-ਪਤਨੀ ਚੋਣ ਮੈਦਾਨ ਵਿੱਚ ਇੱਕ ਦੂਜੇ ਦੇ ਖ਼ਿਲਾਫ਼ ਹਨ। ਇੱਥੋਂ ਕਾਂਗਰਸ ਦੇ ਉਮੀਦਵਾਰ ਵਿਜੇਂਦਰ ਸਿੰਘ ਦਾ ਮੁਕਾਬਲਾ ਜਨਨਾਇਕ ਪਾਰਟੀ ਦੀ ਆਪਣੀ ਪਤਨੀ ਰੀਟਾ ਚੌਧਰੀ ਨਾਲ ਹੈ। ਦੱਸਿਆ ਜਾ ਰਿਹਾ ਹੈ ਕਿ ਪਤੀ-ਪਤਨੀ ਵਿਚਾਲੇ ਝਗੜਾ ਚੱਲ ਰਿਹਾ ਹੈ।

**ਭਾਦਰਾ ਵਿਧਾਨ ਸਭਾ ਸੀਟ ’ਤੇ ਚਾਚਾ-ਭਤੀਜੇ ਵਿਚਾਲੇ ਮੁਕਾਬਲਾ**

ਭਾਦਰਾ ਵਿਧਾਨ ਸਭਾ ਸੀਟ ਤੋਂ ਸੰਜੀਵ ਬੈਨੀਵਾਲ ਭਾਜਪਾ ਦੀ ਟਿਕਟ ’ਤੇ ਚੋਣ ਲੜ ਰਹੇ ਹਨ, ਜਦਕਿ ਉਨ੍ਹਾਂ ਦਾ ਭਤੀਜਾ ਅਜੀਤ ਬੈਨੀਵਾਲ ਕਾਂਗਰਸ ਦੀ ਟਿਕਟ ’ਤੇ ਚੋਣ ਲੜ ਰਿਹਾ ਹੈ। ਇਸੇ ਤਰ੍ਹਾਂ ਮਨੀਸ਼ਾ ਗੁਰਜਰ ਖੇੜੀ ਵਿਧਾਨ ਸਭਾ ਸੀਟ ਤੋਂ ਕਾਂਗਰਸ ਦੀ ਟਿਕਟ ’ਤੇ ਚੋਣ ਲੜ ਰਹੀ ਹੈ ਜਦਕਿ ਉਨ੍ਹਾਂ ਨੂੰ ਭਾਜਪਾ ਦੀ ਟਿਕਟ ’ਤੇ ਚਾਚਾ ਧਰਮਪਾਲ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਾਗੌਰ ਸੀਟ ’ਤੇ ਵੀ ਜੋਤੀ ਮਿਰਧਾ ਭਾਜਪਾ ਦੀ ਟਿਕਟ ’ਤੇ ਹਨ ਜਦਕਿ ਕਾਂਗਰਸ ਨੇ ਉਨ੍ਹਾਂ ਦੇ ਚਾਚਾ ਹਰਿੰਦਰ ਮਿਰਧਾ ਨੂੰ ਟਿਕਟ ਦੇ ਕੇ ਮੈਦਾਨ ’ਚ ਉਤਾਰਿਆ ਹੈ।

## ਦਰਪਣ ਝੂਠ ਨਹੀਂ ਬੋਲਦਾ

# ਜੰਗਬਾਜ਼ਾਂ ਵਿਰੁੱਧ ਸਤਿਗੁਰੂ ਨਾਨਕ ਦਾ ਅੰਦੋਲਨ ਪ੍ਰਗਟ ਕਰਨ ਵਾਲੀ ਵਿਸ਼ਵ ਸ਼ਾਂਤੀ ਦੀ ਦੂਤ ਰੂਪੀ ਕੌਰ

## ਵਾਈਟ ਹਾਊਸ ਦਾ ਦੀਵਾਲੀ ਬਾਰੇ ਸੱਦਾ ਠੁਕਰਾ ਕੇ ਦਿੱਤਾ ਵਿਸ਼ਵ ਏਕਤਾ ਦਾ ਸੁਨੇਹਾ

### ਰੂਪੀ ਕੌਰ ਦਾ ਸੰਦੇਸ਼ ਕਾਰਪੋਰੇਟ ਖਪਤਕਾਰੀ ਸਿਸਟਮ ਤੇ ਵਹਿਸ਼ਤ ਨੂੰ ਚੈਲਿੰਜ



ਆਜ਼ਾਦ ਤੇ ਜੁਝਾਰੂ ਸਿੱਖ ਔਰਤਾਂ ਦਾ ਇਤਿਹਾਸ ਬਹੁਤ ਘਟ ਲਿਖਿਆ ਗਿਆ ਹੈ। ਜਦ ਕਿ ਸਿੱਖ ਬੀਬੀਆਂ ਦੀਆਂ ਮਨੁੱਖੀ ਅਧਿਕਾਰਾਂ ,ਸਿੱਖੀ ਪ੍ਰਚਾਰ, ਵਿਦਿਅਕ ਉਸਾਰੀ ਲਈ ਵੱਡੀ ਦੇਣ ਹੈ।ਉਹਨਾਂ ਨੇ ਸਿੱਖ ਪੰਥ ਲਈ ਵੱਡਾ ਇਤਿਹਾਸ ਸਿਰਜਿਆ ਹੈ। ਜੇ ਸਾਡੇ ਪੰਥ ਦੀ ਉਸਾਰੀ ਵਿੱਚ ਮਹਾਨ ਔਰਤਾਂ ਨਾ ਹੁੰਦੀਆਂ ਤਾਂ ਸਿੱਖ ਪੰਥ ਏਨੀਆਂ ਮੱਲਾਂ ਨਾ ਮਾਰ ਸਕਦਾ। ਸਾਡੀ ਪਹਿਲੀ ਪਾਤਸ਼ਾਹੀ ਸਤਿਗੁਰੂ ਨਾਨਕ ਦੀ ਜਦੋ ਜਹਿਦ ਵਿੱਚ ਬੇਬੇ ਨਾਨਕੀ ਦਾ ਰੋਲ ਹੈ ਜਿਸਨੇ ਸਤਿਗੁਰੂ ਨੂੰ ਸਮਝਿਆ ਤੇ ਮਰਦਾਨੇ ਨੂੰ ਸ਼ਬਦ ਸੰਗੀਤ ਲਈ ਰਬਾਬ ਭੇਂਟ ਕੀਤੀ। ਸਿੱਖ ਧਰਮ ਸ਼ਬਦ ਤੇ ਰਬਾਬ ਦਾ ਇਨਕਲਾਬ ਹੈ ਜੋ ਰੱਬੀ ਸੱਤਾ ਬੇਗਮਪੁਰਾ ਨੂੰ ਜਨਮ ਦਿੰਦਾ ਹੈ। ਆਜ਼ਾਦ ਬੰਦਾ ਸਤਿਗੁਰੂ ਨਾਨਕ ਜੀ ਦੇ ਸਿਧਾਂਤ ਅਨੁਸਾਰ ਉਹੀ ਹੈ ਜੋ ਮਨ, ਮਾਇਆ, ਸੰਸਾਰ ਦਾ ਗੁਲਾਮ ਨਹੀਂ, ਸਿਧਾ ਅਕਾਲ ਪੁਰਖ ਅਧੀਨ ਹੈ।ਅਰਥਾਤ ਸੱਚ ਉਪਰ ਖਲੌਣ, ਸੱਚ ਦੇ ਮਾਰਗ ਉਪਰ ਚਲਣ ਵਾਲਾ ਮਨੁੱਖ ਆਜ਼ਾਦ ਹੈ।

ਸਤਿਗੁਰੂ ਨਾਨਕ ਨੇ ਬਾਬਰ ਦੀ ਦਹਿਸ਼ਤ ਨੂੰ ਲਲਕਾਰਿਆ ਤੇ ਉਸ ਦੇ ਹਮਲਿਆਂ ਨੂੰ ਪਾਪ ਦੀ ਜੰਞ ਕਿਹਾ। ਸੰਦੇਸ਼ ਦਿੱਤਾ ਕਿ ਹੇ ਬਾਬਰ ਸੱਤਾ, ਲਸ਼ਕਰਾਂ ਦਾ ਹੰਕਾਰ ਨਾ ਕਰ, ਇਹ ਸਭ ਤਬਾਹ ਹੋ ਜਾਣਾ। ਜ਼ੁਲਮ, ਨਿਤਾਣਿਆਂ ,ਬੇਗੁਨਾਹਾਂ ਦੇ ਕਤਲ ਅਕਾਲ ਪੁਰਖ ਸੱਚੇ ਪਾਤਸ਼ਾਹ ਦੀ ਸ਼ਾਨ ਤੇ ਹੁਕਮ ਵਿਰੁੱਧ ਹਨ।

ਹੁਣੇ ਜਿਹੇ ਕਵਿੱਤਰੀ ਬੀਬੀ ਰੂਪੀ ਕੌਰ ਨੇ ਸਤਿਗੁਰੂ ਨਾਨਕ ਦੇ ਹੁਕਮ ਉੱਪਰ ਚਲਦਿਆਂ ਬਾਬਰ ਦੀ ਪਾਪ ਜੰਞ ਨੂੰ ਲਲਕਾਰਿਆ ਕਿ ਅਸੀਂ ਸਿੱਖ ਹੋਣ ਵਜੋਂ, ਮਨੁੱਖ ਹੋਣ ਵਜੋਂ ਫਿਲਸਤੀਨੀਆਂ ਦੇ ਕਤਲ ਦੇ ਵਿਰੋਧ ਵਿੱਚ ਹਾਂ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਦੀ ਨਿਖੇਧੀ ਕਰਦੇ ਹਾਂ। ਬੱਚਿਆਂ, ਬੇਗੁਨਾਹਾਂ ਦੇ ਕਤਲ ਸਹੀ ਨਹੀਂ ਠਹਿਰਾਏ ਜਾ ਸਕਦੇ।ਪੰਜਾਬ ਦੇ ਹੁਸ਼ਿਆਰਪੁਰ ਵਿੱਚ ਜੰਮੀ ਰੂਪੀ ਕੌਰ ਅੱਜ ਕੱਲ੍ਹ ਕੈਨੇਡਾ ਦੇ ਮਸ਼ਹੂਰ ਕਵਿੱਤਰੀ, ਲੇਖਕਾ ਅਤੇ ਇਲੈਸਟਰੇਟਰ ਹਨ। ਇਸ ਤੋਂ ਪਹਿਲਾਂ ਉਹ ਆਪਣੀ ਕਿਤਾਬ ਨੂੰ ਲੈ ਕੇ ਚਰਚਾ ਵਿੱਚ ਆ ਚੁੱਕੇ ਹਨ, ਜਿਸ ਵਿੱਚ ਉਨ੍ਹਾਂ ਨੇ 1984 ਦੇ ਸਿੱਖ ਕਤਲੇਆਮ ਬਾਰੇ ਗੱਲ ਕੀਤੀ ਹੈ ਰੂਪੀ ਕੌਰ ਕਿਸਾਨ ਅੰਦੋਲਨ ਵੇਲੇ ਵੀ ਕਿਸਾਨਾਂ ਪ੍ਰਤੀ ਆਪਣੇ ਸਮਰਥਨ ਨੂੰ ਲੈ ਕੇ ਚਰਚਾ ਵਿੱਚ ਰਹੀ। ਹੁਣ ਤੱਕ ਉਨ੍ਹਾਂ ਦੀਆਂ ਕਵਿਤਾਵਾਂ ਦੀਆਂ ਚਾਰ ਕਿਤਾਬਾਂ ਆ ਚੁੱਕੀਆਂ ਹਨ ਜੋ ਇੱਕ ਤੋਂ ਬਾਅਦ ਇੱਕ ਬੈਸਟ ਸੇਲਰ ਸਾਬਿਤ ਰਹੀਆਂ ਹਨ।ਉਨ੍ਹਾਂ ਨੇ ਆਪਣੀ ਤੀਜੀ ਕਿਤਾਬ ਹੋਮ ਬੌਡੀ ਵਿੱਚ ਆਪਣੇ ਘਰ ਯਾਨਿ ਭਾਰਤ ਵਿੱਚ 1984 ਦੇ ਸਿੱਖ ਕਤਲੇਆਮ ਤੋਂ ਲੈ ਕੇ ਕੈਨੇਡਾ ਵਿੱਚ ਪਰਵਾਸੀਆਂ ਦੇ ਦਰਦ ਨੂੰ ਬਿਆਨ ਕੀਤਾ ਹੈ।

ਤੁਸੀਂ ਇਨ੍ਹਾਂ ਦੇ ਹਰਮਨ ਪਿਆਰੇ ਹੋਣ ਦਾ ਅੰਦਾਜ਼ਾ ਇਸ ਤੋਂ ਲਗਾ ਸਕਦੇ ਹੋ ਕਿ ਇੰਸਟਾਗ੍ਰਾਮ 'ਤੇ ਉਨ੍ਹਾਂ ਦੇ 4.1 ਮਿਲੀਅਨ ਫੌਲੋਅਰਜ਼ ਹਨ ਰੂਪੀ ਕੌਰ ਨੂੰ ਫਲਸਤੀਨ ਦਾ ਦਰਦ ਆਪਣੇ ਸਿੱਖ ਪੰਥ ਦੇ ਦਰਦ ਨਵੰਬਰ 84 ਦੀ ਨਸਲਕੁਸ਼ੀ ਵਰਗਾ ਜਾਪਦਾ ਹੈ।ਰੂਪੀ ਕੌਰ ਨੇ ਕਿਹਾ, 1984 ਦੇ ਕਤਲੇਆਮ ,ਨਸਲਕੁਸ਼ੀ ਤੋਂ ਬਾਅਦ ਭਾਰਤ ਸਰਕਾਰ ਨੇ ਸਾਡੀ ਪੀੜਾ ਨੂੰ ਮੰਨਣ ਤੋਂ ਇਨਕਾਰ ਕੀਤਾ। ਇਸ ਦਾ ਦਰਦ ਅੱਜ ਵੀ ਅਸੀਂ ਸਹਿ ਰਹੇ ਹਾਂ।ਸੈਂਕੜੇ ਨੌਜਵਾਨ ਅਤੇ ਔਰਤਾਂ ਮਾਰ ਦਿੱਤੀਆਂ ਗਈਆਂ ਅਤੇ ਕਈਆਂ ਦਾ ਅਜੇ ਤੱਕ ਕੋਈ ਪਤਾ ਨਹੀਂ ਲੱਗਾ। ਮੈਨੂੰ ਲਗਦਾ ਹੈ ਕਿ ਇਹ ਦਰਦ ਕਦੇ ਨਹੀਂ ਜਾਵੇਗਾ, ਖ਼ਾਸ ਕਰਕੇ ਉਦੋਂ ਜਦੋਂ ਤੱਕ ਸਰਕਾਰ ਸਾਡੇ ਨਾਲ ਇਨਸਾਫ਼ ਨਹੀਂ ਕਰਦੀ।

ਰੂਪੀ ਕੌਰ ਦਾ ਕਹਿਣਾ ਹੈ ਕਿ ਉਸਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਦੇ ਪ੍ਰਸ਼ਾਸਨ ਦੇ ਦਿਵਾਲੀ ਸੱਦੇ ਨੂੰ ਠੁਕਰਾ ਦਿੱਤਾ ਸੀ,ਕਿਉਂਕਿ ਉਹ ਇਜ਼ਰਾਈਲ-ਗਾਜ਼ਾ ਯੁੱਧ ਲਈ ਉਸ ਦੀ ਸਰਕਾਰ ਦੀ ਪ੍ਰਤੀਕ੍ਰਿਆ ਦਾ ਵਿਰੋਧ ਕਰਦੀ ਹੈ। ਰੂਪੀ ਕੌਰ ਨੇ ਇਲਜ਼ਾਮ ਲਗਾਇਆ ਕਿ ਅਮਰੀਕੀ ਸਰਕਾਰ ਫਲਸਤੀਨੀਆਂ ਵਿਰੁੱਧ ਨਸਲਕੁਸ਼ੀ ਨੂੰ ਜਾਇਜ਼ ਠਹਿਰਾਉਂਦੀ ਹੈ।ਇਸ ਦੇ ਨਾਲ ਹੀ ਰੂਪੀ ਕੌਰ ਨੇ ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਮਾਨਵਤਾਵਾਦੀ ਜੰਗਬੰਦੀ ਦਾ ਸਮਰਥਨ ਕਰਨ ਤੋਂ ਇਨਕਾਰ ਕਰਨ ਦੀ ਵੀ ਆਲੋਚਨਾ ਕੀਤੀ। ਕੌਰ ਨੇ ਐਕਸ 'ਤੇ ਇੱਕ ਬਿਆਨ ਵਿੱਚ ਲਿਖਿਆ, ਮੈਂ ਆਪਣੇ ਦੱਖਣੀ ਏਸ਼ੀਆਈ ਭਾਈਚਾਰੇ ਨੂੰ ਇਸ ਪ੍ਰਸ਼ਾਸਨ ਨੂੰ ਜਵਾਬਦੇਹ ਬਣਾਉਣ ਲਈ ਬੇਨਤੀ ਕਰਦੀ ਹਾਂ। ਉਸ ਨੇ ਅੱਗੇ ਲਿਖਿਆ,ਇੱਕ ਸਿੱਖ ਔਰਤ ਹੋਣ ਦੇ ਨਾਤੇ ਮੈਂ ਪ੍ਰਸ਼ਾਸਨ ਦੀਆਂ ਕਾਰਵਾਈਆਂ 'ਤੇ ਪਰਦਾ ਪਾਉਣ ਲਈ ਆਪਣੇ ਅਕਸ ਦੀ ਵਰਤੋਂ ਨਹੀਂ ਹੋਣ ਦੇਵਾਂਗੀ।ਮੈਂ ਅਜਿਹੀ ਸੰਸਥਾ ਦੇ ਕਿਸੇ ਵੀ ਸੱਦੇ ਤੋਂ ਇਨਕਾਰ ਕਰਦੀ ਹਾਂ ਜੋ ਫਸੇ ਹੋਏ ਨਾਗਰਿਕ ਆਬਾਦੀ ਦੀ ਸਮੂਹਿਕ ਸਜ਼ਾ ਦਾ ਸਮਰਥਨ ਕਰਦੀ ਹੈ – ਜਿਨ੍ਹਾਂ ਵਿੱਚੋਂ 50% ਬੱਚੇ ਹਨ। ਉਹ ਲਿਖਦੀ ਹੈ ਕਿ ਉਹ ਇਸ ਵਿੱਚ ਸ਼ਾਮਲ ਨਹੀਂ ਹੋਵੇਗੀ ਕਿਉਂਕਿ ਯੂ.ਐਸ ਸਰਕਾਰ ਗਾਜ਼ਾ 'ਤੇ ਇਜ਼ਰਾਈਲ ਦੀ ਬੰਬਾਰੀ ਲਈ ਫੰਡਿੰਗ ਕਰ ਰਹੀ ਹੈ। ਇੱਥੇ ਦੱਸ ਦਈਏ ਕਿ ਹਮਾਸ ਦੁਆਰਾ ਚਲਾਏ ਜਾ ਰਹੇ ਸਿਹਤ ਮੰਤਰਾਲੇ ਅਨੁਸਾਰ ਗਾਜ਼ਾ ਵਿੱਚ ਇਜ਼ਰਾਈਲ ਦੇ ਫੌਜੀ ਹਮਲੇ ਵਿੱਚ 12,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ। ਇਜ਼ਰਾਇਲੀ ਫ਼ੌਜ ਨੇ ਬੀਤੀ ਦਿਨੀਂ ਗਾਜ਼ਾ ਪੱਟੀ ਦੇ ਸਭ ਤੋਂ ਵੱਡੇ ਅਲ-ਸ਼ਿਫਾ ਹਸਪਤਾਲ ਤੇ ਕਈ ਹੋਰ ਹਸਪਤਾਲਾਂ 'ਤੇ ਕਾਰਵਾਈ ਕੀਤੀ ਸੀ। ਇਨ੍ਹਾਂ ਕਾਰਵਾਈਆਂ 'ਚ ਇਕ ਵਿਅਕਤੀ ਦੀ ਮੌਤ ਹੋਈ ਹੈ ਤੇ ਕਈ ਜ਼ਖ਼ਮੀ ਹੋਏ ਸਨ। ਇਸ ਨਾਲ ਮਰੀਜ਼ਾਂ, ਉਨ੍ਹਾਂ ਦੇ ਪਰਿਵਾਰਾਂ, ਡਾਕਟਰਾਂ ਤੇ ਹਸਪਤਾਲ ਵਿਚ ਪਨਾਹ ਲੈਣ ਵਾਲੇ ਆਮ ਲੋਕਾਂ ਵਿਚ ਡਰ ਪਾਇਆ ਜਾ ਰਿਹਾ ਹੈ। ਗਾਜ਼ਾ ਪੱਟੀ ਦੇ ਹਸਪਤਾਲਾਂ 'ਚ ਬਿਜਲੀ, ਪਾਣੀ ਤੇ ਦਵਾਈਆਂ ਦੀ ਭਾਰੀ ਕਿੱਲਤ ਹੈ, 35 ਹਸਪਤਾਲਾਂ 'ਚੋਂ 18 'ਚ ਇਲਾਜ ਬੰਦ ਹੋ ਚੁੱਕਾ ਹੈ ਜਦਕਿ 40 ਸਿਹਤ ਕੇਂਦਰ ਵੀ ਬੰਦ ਹੋ ਚੁੱਕੇ ਹਨ।ਰੂਪੀ ਕੌਰ ਦਾ ਸੰਦੇਸ਼ ਕਾਰਪੋਰੇਟ ਖਪਤਕਾਰੀ ਸਿਸਟਮ ਨੂੰ ਚੈਲਿੰਜ ਹੈ ਜੋ ਜੰਗਾਂ ਵਿੱਚ ਵਿਕਾਸ ਦੇਖਦੇ ਹਨ ਤੇ ਅਮੀਰ ਹੋਣ ਦੀ ਲਾਲਸਾ ਵਿੱਚ ਪਾਗਲ ਹੋਈ ਫਿਰਦੇ ਹਨ। ਸਮੁੱਚੇ ਸਿੱਖ ਪੰਥ ਨੂੰ ਸਤਿਗੁਰੂ ਨਾਨਕ ਜੀ ਦੇ ਰੂਪੀ ਕੌਰ ਵਾਲੇ ਸੁਨੇਹੇ ਨੂੰ ਦੁਨੀਆਂ ਤਕ ਪਹੁੰਚਾਉਣਾ ਚਾਹੀਦਾ ਹੈ ਜੋ ਵਿਸ਼ਵ ਸ਼ਾਂਤੀ ਦਾ ਸੁਨੇਹਾ ਹੈ ਕਿ ਸਿਖ ਪੰਥ ਜੰਗਾਂ ਵਿਰੁੱਧ ਵਿਸ਼ਵ ਸ਼ਾਂਤੀ ਦੇ ਹੱਕ ਵਿੱਚ ਹੈ।

# 80 ਕਰੋੜ .ਗਰੀਬ ਭਾਰਤੀਆਂ ਨੂੰ ਮ.ਫਤ ਅਨਾਜ ਦੇਣ ਦੀ ਯੋਜਨਾ ਪੰਜ ਸਾਲ ਵਧਾਈ

### ਭਾਰਤ ਚਾਰ ਅੰਕ ਹੋਰ ਵਧ ਕੇ 125 ਦੇਸ਼ਾਂ 'ਚ 111ਵੇਂ ਸਥਾਨ 'ਤੇ ਪੁੱਜਿਆ

### ਮੋਦੀ ਦੀਆਂ ਕਾਰਪੋਰੇਟ ਨੀਤੀਆਂ ਕਿਰਤੀਆਂ ਨੂੰ ਭਿਖਾਰੀ ਬਣਾਉਣ ਲੱਗੀਆਂ

ਲੰਘੇ ਦਿਨੀਂ ਛੱਤੀਸਗੜ੍ਹ ਵਿੱਚ ਚੋਣ ਰੈਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੱਡਾ ਐਲਾਨ ਕੀਤਾ ਕਿ ਕੋਰੋਨਾ ਮਹਾਂਮਾਰੀ ਦੇ ਅਸਰ ਨੂੰ ਘਟਾਉਣ ਲਈ 80 ਕਰੋੜ ਗਰੀਬ ਭਾਰਤੀਆਂ ਨੂੰ ਮੁਫਤ ਅਨਾਜ ਦੇਣ ਦੀ ਯੋਜਨਾ ਪੰਜ ਸਾਲ ਵਧਾ ਦਿੱਤੀ ਜਾਵੇਗੀ।ਕੀ ਇਸ ਨਾਲ ਭਿਖਾਰੀਆਂ ਦੀ ਗਿਣਤੀ ਵਿੱਚ ਵਾਧਾ ਨਹੀਂ ਹੋਵੇਗਾ। ਆਪਣੀ ਆਦਤ ਮੁਤਾਬਕ ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਕਿ ਇਹ ਭਾਰਤ ਦੇ ਲੋਕਾਂ ਨੂੰ ਮੋਦੀ ਦੀ ਗਰੰਟੀ ਹੈ। ਇੱਥੇ ਸਵਾਲ ਉੱਠਦਾ ਹੈ ਕਿ ਕੀ ਮੋਦੀ ਇਹ ਦੱਸ ਸਕਦੇ ਹਨ ਕਿ ਉਨ੍ਹਾਂ ਦੇ ਦਾਅਵੇ ਮੁਤਾਬਕ ਸਭ ਤੋਂ ਤੇਜ਼ੀ ਨਾਲ ਵਧਦੀ ਅਰਥਵਿਵਸਥਾ ਵਾਲੇ ਦੇਸ਼ ਦੇ 80 ਕਰੋੜ ਲੋਕਾਂ ਨੂੰ ਮੁਫਤ ਅਨਾਜ ਕਿਉਂ ਵੰਡਣਾ ਚਾਹੀਦਾ ਹੈ ? ਕੀ ਪੰਜ ਸਾਲ ਮੁਫਤ ਅਨਾਜ ਇਸ ਕਰਕੇ ਦਿੱਤਾ ਜਾਵੇਗਾ ਕਿ ਭਾਰਤ ਤੇਜ਼ੀ ਨਾਲ ਖੁਸ਼ਹਾਲ ਹੋ ਰਿਹਾ ਹੈ ਤੇ ਅੰਮ੍ਰਿਤਕਾਲ ਵਿੱਚ ਦਾਖਲ ਹੋ ਰਿਹਾ ਹੈ ? ਹਕੀਕਤ ਇਹ ਹੈ ਕਿ 2023 ਦੇ ਸੰਸਾਰ ਭੁੱਖਮਰੀ ਸੂਚਕ ਅੰਕ ਵਿੱਚ ਭਾਰਤ ਚਾਰ ਅੰਕ ਹੋਰ ਵਧ ਕੇ 125 ਦੇਸ਼ਾਂ ਵਿੱਚ 111ਵੇਂ ਸਥਾਨ 'ਤੇ ਪੁੱਜ ਗਿਆ ਹੈ। ਮੋਦੀ ਸਰਕਾਰ ਇਸ ਰਿਪੋਰਟ ਦੀ ਅਲੋਚਨਾ ਕਰਦੀ ਹੈ ਪਰ ਮੁਫਤ ਅਨਾਜ ਯੋਜਨਾ ਪੰਜ ਸਾਲ ਹੋਰ ਵਧਾਉਣ ਤੋਂ ਤਾਂ ਇਹੀ ਝਲਕਦਾ ਹੈ ਕਿ ਉਹ ਅਸਿੱਧੇ ਤੌਰ 'ਤੇ ਮੰਨ ਰਹੀ ਹੈ ਕਿ ਲੋਕਾਂ ਦੀ ਗਰੀਬੀ ਘਟੀ ਨਹੀਂ।



ਸੱਤਾ ਵਿੱਚ ਆਉਂਦਿਆਂ ਹੀ ਮੋਦੀ ਨੇ ਮਨਰੇਗਾ (ਪੇਂਡੂ ਰੁਜ਼ਗਾਰ ਗਰੰਟੀ ਯੋਜਨਾ) ਨੂੰ ਅਸਲ ਆਰਥਕ ਵਿਕਾਸ, ਰੁਜ਼ਗਾਰ ਤੇ ਆਮਦਨ ਪੈਦਾ ਕਰਨ ਵਿੱਚ ਕਾਂਗਰਸ ਦੀ ਨਾਕਾਮੀ ਦੀ ਯਾਦਗਾਰ ਦੱਸ ਕੇ ਖਾਰਜ ਕਰ ਦਿੱਤਾ ਸੀ ।ਅੱਜ ਦੀ ਤਰੀਕ ਵਿੱਚ ਵਿਡੰਬਨਾ ਇਹ ਹੈ ਕਿ ਮੋਦੀ ਨੇ ਮਨਰੇਗਾ ਲਈ ਜਿੰਨਾ ਬਜਟ ਇਸ ਵਾਰ ਰੱਖਿਆ ਸੀ, ਉਸ ਦਾ 93 ਫੀਸਦੀ ਵਿੱਤੀ ਸਾਲ ਦੇ ਪਹਿਲੇ ਛੇ ਮਹੀਨਿਆਂ ਵਿੱਚ ਖਰਚ ਹੋ ਚੁੱਕਾ ਹੈ । ਇਹ ਮੰਗ ਨਾਲ ਚੱਲਣ ਵਾਲੀ ਯੋਜਨਾ ਹੈ, ਇਸ ਲਈ ਖਰਚ 60 ਹਜ਼ਾਰ ਕਰੋੜ ਰੁਪਏ ਦੇ ਬਜਟ ਨਾਲੋਂ ਕਿਤੇ ਵੱਧ ਹੋਵੇਗਾ। ਪੁੱਛਿਆ ਜਾ ਸਕਦਾ ਹੈ ਕਿ ਕੀ ਮੋਦੀ ਰਾਜ ਦੇ 10 ਸਾਲ ਦੀ ਇਹੀ ਪ੍ਰਾਪਤੀ ਹੈ ਕਿ ਲੋਕ ਮਨਰੇਗਾ ਦੀ ਨਿਗੂਣੀ ਉਜਰਤ 'ਤੇ ਵੀ ਕੰਮ ਕਰਨ ਲਈ ਮਜਬੂਰ ਹਨ ?ਮੋਦੀ ਸਰਕਾਰ ਦੀਆਂ ਆਰਥਕ ਨੀਤੀਆਂ ਦਾ ਸਭ ਤੋਂ ਵਿਨਾਸ਼ਕਾਰੀ ਸਬੂਤ ਪਿਛਲੇ ਮਹੀਨੇ ਅੰਕੜਾ ਵਿਭਾਗ ਵੱਲੋਂ ਜਾਰੀ ਜੁਲਾਈ 2022 ਤੋਂ ਜੁਲਾਈ 2023 ਦੇ ਕਿਰਤ ਬਲ ਸਰਵੇਖਣ (ਪੀਰੀਆਡਿਕ ਲੇਬਰ ਫੋਰਸ ਸਰਵੇ) ਤੋਂ ਸਾਹਮਣੇ ਆਇਆ, ਜਿਸ ਮੁਤਾਬਕ ਸਵੈ-ਰੁਜ਼ਗਾਰ ਦੇ ਅੰਕੜਿਆਂ ਵਿੱਚ ਭਾਰੀ ਵਾਧਾ ਹੋਇਆ ਹੈ, ਜੋ 2022-23 ਵਿੱਚ ਕੁਲ ਕੰਮ ਵਿੱਚ ਲੱਗੇ ਲੋਕਾਂ ਦਾ 58 ਫੀਸਦੀ ਹੈ .ਗ 2017-18 ਵਿੱਚ ਸਵੈ-ਰੁਜ਼ਗਾਰ ਸ਼੍ਰੇਣੀ (ਮੁੱਖ ਤੌਰ 'ਤੇ ਪੇਂਡੂ ਭਾਰਤ ਵਿੱਚ ਨਿੱਕੇ ਵਿਕਰੇਤਾ ਤੇ ਨਿੱਜੀ ਸੇਵਾ ਦੇਣ ਵਾਲੇ ਲੋਕ) ਵਿੱਚ 52 ਫੀਸਦੀ ਆਉਂਦੇ ਸਨ ।ਸਵੈ-ਰੁਜ਼ਗਾਰ ਵਿੱਚ ਵੱਡਾ ਵਾਧਾ ਗੈਰ-ਮੈਨੂਫੈਕਚਰਿੰਗ ਖੇਤਰ ਵਿੱਚ ਨਿਮਨ ਗੁਣਵੱਤਾ ਵਾਲੇ ਰੁਜ਼ਗਾਰ ਵਿੱਚ ਵਾਧੇ ਦਾ ਸੰਕੇਤ ਹੈ। ਸਾਫ ਹੈ ਕਿ ਲੋਕਾਂ ਨੂੰ ਨੌਕਰੀਆਂ ਨਹੀਂ ਮਿਲੀਆਂ, ਜਦਕਿ ਮੋਦੀ ਦਾ ਹਰ ਸਾਲ ਦੋ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਸੀ।ਕੌਮਾਂਤਰੀ ਕਿਰਤ ਜਥੇਬੰਦੀ (ਆਈ ਐੱਲ ਓ) ਤਨਖਾਹ-ਵਿਹੂਣੇ ਅਜਿਹੇ ਲੋਕਾਂ ਨੂੰ ਰੁਜ਼ਗਾਰ ਕਰਦੇ ਵਿਅਕਤੀਆਂ ਵਜੋਂ ਪ੍ਰੀਭਾਸ਼ਤ ਨਹੀਂ ਕਰਦੀ ਅਤੇ 92 ਦੇਸ਼ਾਂ ਵਿੱਚ ਇਸ ਪ੍ਰਣਾਲੀ ਦੀ ਪਾਲਣਾ ਕੀਤੀ ਜਾਂਦੀ ਹੈ ।ਭਾਰਤ ਵਿੱਚ ਅਜਿਹੇ ਵਰਕਰਾਂ ਦੀ ਗਿਣਤੀ ਕੁੱਲ ਵਰਕਰਾਂ ਦਾ ਇਕ-ਤਿਹਾਈ ਹੈ! ਕੋਈ ਵੀ ਮੋਦੀ ਨੂੰ ਇਹ ਸਰਲ ਤੇ ਸਧਾਰਨ ਸਵਾਲ ਪੁੱਛ ਸਕਦਾ ਹੈ ਕਿ ਅੰਮ੍ਰਿਤਕਾਲ ਵਿੱਚ 80 ਕਰੋੜ ਲੋਕ ਅਨਾਜ ਕਿਵੇਂ ਨਹੀਂ ਖਰੀਦ ਪਾ ਰਹੇ ਕਿ ਉਨ੍ਹਾਂ ਨੂੰ ਮੁਫਤ ਅਨਾਜ 'ਤੇ ਗੁਜ਼ਾਰਾ ਕਰਨਾ ਪੈ ਰਿਹਾ ਹੈ ? ਕੀ ਮੋਦੀ ਲੋਕਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਭਿਖਾਰੀ ਨਹੀਂ ਬਣਾ ਰਹੇ।ਮੋਦੀ ਦੀਆਂ ਕਾਰਪੋਰੇਟ ਨੀਤੀਆਂ ਨੇ ਭਾਰਤ ਵਿੱਚ ਭੁੱਖਮਰੀ ਵਰਗੇ ਹਾਲਾਤ ਪੈਦਾ ਕਰਕੇ ਲੋਕਾਂ ਨੂੰ ਭਿਖਾਰੀ ਬਣਾ ਦਿਤਾ ਹੈ।

## ਜ਼ਮਾਨਤ 'ਤੇ ਰਿਹਾਅ ਹੋਏ ਜਿਹਾਦੀਆਂ 'ਤੇ ਨਜ਼ਰ ਰੱਖਣ ਲਈ ਹੁਣ ਭਾਰਤ ਵਿੱਚ ਵੀ ਜੀ.ਪੀ.ਐਸ. ਟਰੈਕਰ ਦੀ ਵਰਤੋਂ

### ਜੰਮੂ-ਕਸ਼ਮੀਰ ਪੁਲਿਸ ਨੇ ਇਹ ਟਰੈਕਰ ਗੁਲਾਮ ਮੁਹੰਮਦ ਭੱਟ ਦੇ ਗਿੱਟੇ 'ਤੇ ਲਗਾਇਆ



ਜ਼ਮਾਨਤ 'ਤੇ ਰਿਹਾਅ ਹੋਏ ਅੱਤਵਾਦ ਦੇ ਦੋਸ਼ੀਆਂ 'ਤੇ ਨਜ਼ਰ ਰੱਖਣ ਲਈ ਹੁਣ ਭਾਰਤ ਵਿੱਚ ਵੀ ਜੀਪੀਐਸ ਟਰੈਕਰ ਐਂਕਲੇਟ ਦੀ ਵਰਤੋਂ ਕੀਤੀ ਜਾ ਰਹੀ ਹੈ। ਜੰਮੂ-ਕਸ਼ਮੀਰ ਪੁਲਿਸ ਦੀ ਇਸ ਪਹਿਲ 'ਤੇ ਕਈ ਸਵਾਲ ਖੜ੍ਹੇ ਹੋ ਰਹੇ ਹਨ। ਜੰਮੂ-ਕਸ਼ਮੀਰ ਪੁਲਿਸ ਨੇ ਇਹ ਟਰੈਕਰ ਗੁਲਾਮ ਮੁਹੰਮਦ ਭੱਟ ਦੇ ਗਿੱਟੇ 'ਤੇ ਲਗਾਇਆ ਹੈ, ਜੋ ਅੱਤਵਾਦ ਦੇ ਇੱਕ ਮਾਮਲੇ ਵਿਚ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।ਉਸ 'ਤੇ ਅੱਤਵਾਦੀ ਸੰਗਠਨ ਹਿਜ਼ਬੁਲ ਮੁਜਾਹਿਦੀਨ ਨਾਲ ਜੁੜੇ ਹੋਣ ਅਤੇ ਅੱਤਵਾਦੀ ਗਤੀਵਿਧੀਆਂ ਲਈ ਪੈਸੇ ਦਾ ਪ੍ਰਬੰਧ ਕਰਨ ਦੇ ਦੋਸ਼ ਵਿੱਚ ਮਾਮਲਾ ਚੱਲ ਰਿਹਾ ਹੈ। ਭੱਟ ਵਿਰੁੱਧ ਯੂ.ਏ.ਪੀ.ਏ. ਦੀਆਂ ਕਈ ਧਾਰਾਵਾਂ ਤਹਿਤ ਦੋਸ਼ ਲਾਏ ਗਏ ਹਨ। ਉਸ ਨੇ ਜ਼ਮਾਨਤ ਲਈ ਅਰਜ਼ੀ ਦਿੱਤੀ ਸੀ ਪਰ ਕਿਉਂਕਿ ਇਹ ਪੈਂਡਿੰਗ ਸੀ, ਇਸ ਦੌਰਾਨ ਉਸ ਨੇ ਅੰਤਰਿਮ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ। ਇਸ ਅਰਜ਼ੀ ਨੂੰ ਸਵੀਕਾਰ ਕਰਦਿਆਂ, ਜੰਮੂ ਦੀ ਵਿਸ਼ੇਸ਼ ਐਨਆਈਏ ਅਦਾਲਤ ਨੇ ਉਸ ਨੂੰ ਅੰਤਰਿਮ ਜ਼ਮਾਨਤ ਦੇ ਦਿੱਤੀ ਪਰ ਨਾਲ ਹੀ ਉਸ ਦੀ ਨਿਗਰਾਨੀ 'ਤੇ ਵੀ ਜ਼ੋਰ ਦਿੱਤਾ।



# ਕਚਹਿਰੀਆਂ 'ਚ ਨਹੀਂ ਲੱਗਦੇ ਮੇਲੇ !

*** ਕੌਣ ਸੁਣੂੰ ਅਦਾਲਤਾਂ 'ਚ ਰੁਲਦੇ ਲੋਕਾਂ ਦਾ ਦਰਦ?**

*** ਝੂਠੇ ਕੇਸਾਂ ਵਿੱਚ ਬਰਬਾਦ ਹੋ ਰਹੀ ਜ਼ਿੰਦਗੀ**

*** ਕਾਨੂੰਨ ਲੋਕਾਂ ਦੀ ਮਦਦ ਲਈ ਹਨ, ਕਿਸੇ ਨੂੰ ਤੰਗ ਕਰਨ ਲਈ ਨਹੀਂ**



ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਤੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਪੁੱਛੇ ਗਏ ਸਵਾਲ ਦੇ ਜਵਾਬ ਦੇ ਹਵਾਲੇ ਨਾਲ ਇੱਕ ਖ਼ਬਰ ਆਈ ਹੈ। ਇਹ ਖੁਲਾਸਾ ਹੋਇਆ ਕਿ ਇੱਕ ਸਾਲ ਵਿੱਚ ਕਰੀਬ 1.25 ਲੱਖ ਕੇਸ ਝੂਠੇ ਪਾਏ ਗਏ। ਇਹ ਕੇਸ ਦੂਜਿਆਂ ਨੂੰ ਫਸਾਉਣ ਲਈ ਦਰਜ ਕੀਤੇ ਗਏ ਸਨ। ਜਿਨ੍ਹਾਂ ਵਿਰੁੱਧ ਮੁਕੱਦਮਾ ਚਲਾਇਆ ਗਿਆ ਸੀ, ਉਨ੍ਹਾਂ ਦੇ ਦੋਸ਼ਾਂ ਦੀ ਪੁਸ਼ਟੀ ਨਹੀਂ ਹੋ ਸਕੀ ਭਾਵ ਉਹ ਝੂਠੇ ਸਨ। ਕਿਤੇ ਸੜਕ ਦੇ ਝਗੜੇ ਨੂੰ ਲੈ ਕੇ ਬਲਾਤਕਾਰ ਦਾ ਮਾਮਲਾ ਦਰਜ ਹੋਇਆ ਹੈ। ਕੁਝ ਥਾਂਵਾਂ 'ਤੇ ਵਿਰੋਧੀ 'ਤੇ ਦਬਾਅ ਬਣਾਉਣ ਲਈ ਛੇੜ-ਛਾੜ ਦਾ ਮਾਮਲਾ ਦਰਜ ਕੀਤਾ ਗਿਆ ਅਤੇ ਕੁਝ ਥਾਂਵਾਂ 'ਤੇ ਦੁਸ਼ਮਣੀ ਕੱਢਣ ਲਈ ਕੁੱਟਮਾਰ ਦਾ ਮਾਮਲਾ ਦਰਜ ਕੀਤਾ ਗਿਆ।

ਪੰਜਾਬ ਦੀ ਕਿਸੇ ਵੀ ਅਦਾਲਤ 'ਚ ਜਾ ਕੇ ਵੇਖ ਲਵੋ, ਇਹਨਾਂ ਅਦਾਲਤਾਂ ਅਤੇ ਅਦਾਲਤਾਂ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਭਾਰੀ ਭੀੜ ਨਜ਼ਰ ਆਵੇਗੀ। ਇਹਨਾਂ ਵਿਚੋਂ ਵੱਡੀ ਗਿਣਤੀ ਲੋਕ ਕਿਸੇ ਨਾ ਕਿਸੇ ਮੁਕਦਮੇ 'ਚ ਤਰੀਕ ਭੁਗਤਣ ਆਏ ਹੁੰਦੇ ਹਨ। ਭਾਵੇਂ ਕਿ ਕਿਸੇ ਗਾਇਕ ਨੇ ਗਾਣਾ ਗਾਇਆ ਹੈ ਕਿ ਕਚਹਿਰੀਆਂ 'ਚ ਮੇਲੇ ਲੱਗਦੇ ਹਨ, ਪਰ ਇਹ ਗਾਣਾ ਹਕੀਕਤ ਤੋਂ ਕੋਹਾਂ ਦੂਰ ਹੈ, ਕਿਉਂਕਿ ਪੰਜਾਬ ਦੀਆਂ ਕਚਹਿਰੀਆਂ 'ਚ ਮੇਲੇ ਨਹੀਂ ਲੱਗਦੇ ਸਗੋਂ ਤਰੀਕਾਂ ਭੁਗਤਣ ਆਏ ਅਤੇ ਤਰੀਕਾਂ ਭੁਗਤਣ ਵਾਲਿਆਂ ਨਾਲ ਆਏ ਪਰਿਵਾਰਕ ਮੈਂਬਰ ਪਰੇਸ਼ਾਨ ਹੁੰਦੇ ਵੇਖੇ ਜਾਂਦੇ ਹਨ। ਅਦਾਲਤ ਵਿੱਚ ਕਈ ਵਾਰ ਬਜ਼ੁਰਗ ਅਤੇ ਤੁਰਨ ਤੋਂ ਅਸਮਰਥ ਬਜ਼ੁਰਗ ਵੀ ਵੀਲ੍ਹ ਚੇਅਰ 'ਤੇ ਤਰੀਕਾਂ ਭੁਗਤਦੇ ਵੇਖੇ ਜਾਂਦੇ ਹਨ। ਕਈ ਬਜ਼ੁਰਗ ਵਿਧਵਾ ਔਰਤਾਂ ਵੀ ਕਿਸੇ ਝੂਠੇ ਮੁਕਦਮੇ ਵਿੱਚ ਤਰੀਕਾਂ ਭੁਗਤਦੀਆਂ ਵੇਖੀਆਂ ਜਾਂਦੀਆਂ ਹਨ। ਜੇ ਅਦਾਲਤ ਦਾ ਕਮਰਾ ਕਿਸੇ ਉੱਪਰਲੀ ਮੰਜ਼ਿਲ 'ਤੇ ਹੋਵੇ ਤਾਂ ਤੁਰਨ ਤੋਂ ਅਸਮਰਥ ਬਜ਼ੁਰਗ ਔਰਤ ਨੂੰ ਕਾਰ/ਜਾਂ ਕਿਰਾਏ 'ਤੇ ਲਿਆਂਦੀ ਕਾਰ 'ਚੋਂ ਉਤਾਰ ਕੇ ਵੀਲ੍ਹ ਚੇਅਰ 'ਤੇ ਬੈਠਾਉਣਾ ਅਤੇ ਫਿਰ ਉੱਪਰਲੀ ਮੰਜ਼ਿਲ 'ਤੇ ਅਦਾਲਤ ਤੱਕ ਲੈ ਕੇ ਜਾਣਾ ਬਹੁਤ ਮੁਸ਼ਕਿਲ ਹੁੰਦਾ ਹੈ। ਅਜਿਹਾ ਕਰਦੇ ਸਮੇਂ ਜਿਥੇ ਬਜ਼ੁਰਗਾਂ ਦੀ ਹਾਲਤ ਖ਼ਰਾਬ ਹੋ ਜਾਂਦੀ ਹੈ, ਉਥੇ ਇਹਨਾਂ ਬਜ਼ੁਰਗਾਂ ਨੂੰ ਲੈ ਕੇ ਜਾਣ ਵਾਲਿਆਂ ਦੀ ਵੀ ਬੱਸ ਹੋ ਜਾਂਦੀ ਹੈ। ਜਦੋਂ ਅਦਾਲਤਾਂ ਵਿੱਚ ਅਜਿਹੇ ਦ੍ਰਿਸ਼ ਨਜ਼ਰ ਆਉਂਦੇ ਹੋਣ ਤਾਂ ਫਿਰ ਕਚਹਿਰੀਆਂ 'ਚ ਮੇਲੇ ਲੱਗਦੇ ਹੋਣ ਵਾਲੀ ਗੱਲ ਕਿਸ ਤਰਾਂ ਕਹੀ ਜਾ ਸਕਦੀ ਹੈ।

ਵੱਡੀ ਗਿਣਤੀ ਲੋਕਾਂ ਨੂੰ ਉਹਨਾਂ ਦੇ ਸ਼ਰੀਕਾਂ ਜਾਂ ਦੁਸ਼ਮਣਾਂ ਨੇ ਝੂਠੇ ਕੇਸਾਂ ਵਿੱਚ ਫਸਾਇਆ ਹੁੰਦਾ ਹੈ। ਇਹ ਸ਼ਰੀਫ਼ ਲੋਕ ਭਾਵੇਂ ਮੁਕਦਮਿਆਂ ਵਿਚੋਂ ਕੋਈ ਸਬੂਤ ਨਾ ਹੋਣ ਕਾਰਨ ਬਰੀ ਹੋ ਜਾਂਦੇ ਹਨ ਪਰ ਕਈ ਸਾਲ ਮੁਕੱਦਮੇ ਚਲਦੇ ਰਹਿਣ ਕਰਕੇ ਇਹ ਲੋਕ ਕੱਖੋਂ ਹੋਲੇ ਹੋ ਜਾਂਦੇ ਹਨ, ਜਿਸ ਕਰਕੇ ਇਹਨਾਂ ਨੂੰ ਮੁਕੱਦਮਾ ਜਿੱਤਣ ਦੀ ਵੀ ਕੋਈ ਖੁਸ਼ੀ ਨਹੀਂ ਹੁੰਦੀ। ਦੂਜੇ ਪਾਸੇ ਇਹਨਾਂ ਦੇ ਸ਼ਰੀਕ ਜਾਂ ਇਹਨਾਂ ਨਾਲ ਸਾੜ ਰਖਦੇ ਲੋਕ ਇਸ ਗੱਲ ਤੋਂ ਖੁਸ਼ ਹੁੰਦੇ ਰਹਿੰਦੇ ਹਨ ਕਿ ਉਹਨਾਂ ਨੇ ਇਹਨਾਂ ਸ਼ਰੀਫ਼ ਲੋਕਾਂ ਨੂੰ ਕਈ ਸਾਲ ਝੂਠੇ ਮੁਕੱਦਮੇ ਵਿੱਚ ਹੀ ਉਲਝਾਈ ਰੱਖਿਆ।

ਇਸ ਤੋਂ ਇਲਾਵਾ ਅਦਾਲਤਾਂ ਵਿੱਚ ਤਰੀਕ ਭੁਗਤਣ ਆਏ ਲੋਕਾਂ ਨੂੰ ਕਈ ਤਰਾਂ ਦੇ ਭ੍ਰਿਸ਼ਟਾਚਾਰ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਪਹਿਲਾਂ ਤਾਂ ਉਹਨਾਂ ਦੇ ਵਕੀਲ ਦਾ ਮੁਨਸ਼ੀ, ਸੇਵਾਦਾਰ ਹੀ ਚਾਹ ਪਾਣੀ ਦੇ ਪੈਸੇ ਲੈ ਲੈਂਦਾ ਹੈ। ਫਿਰ ਅਸ਼ਟਾਮ ਵੇਚਣ ਵਾਲਾ ਮਹਿੰਗੇ ਭਾਅ ਅਸ਼ਟਾਮ ਵੇਚਦਾ ਹੈ। ਅਦਾਲਤਾਂ 'ਚ ਤਰੀਕਾਂ ਭੁਗਤਣ ਵਾਲੇ ਦੱਸਦੇ ਹਨ ਕਿ ਇਸ ਤੋਂ ਇਲਾਵਾ ਇਮਾਨਦਾਰ ਜੱਜ ਹੋਣ ਦੇ ਬਾਵਜੂਦ ਕਈ ਵਾਰ ਅਦਾਲਤ ਦੇ ਕੁਝ ਮੁਲਾਜ਼ਮ ਵੀ ਤਰੀਕਾਂ ਭੁਗਤਣ ਆਏ ਲੋਕਾਂ ਤੋਂ ਚਾਹ ਪਾਣੀ ਮੰਗ ਲੈਂਦੇ ਹਨ। ਕਈ ਵਾਰ ਨਾਇਬ ਕੋਰਟ, ਕਲਰਕ ਅਤੇ ਹੋਰ ਮੁਲਾਜ਼ਮ ਵੀ ਇਮਾਨਦਾਰ ਨਾ ਹੋ ਕੇ ਭ੍ਰਿਸ਼ਟ ਹੁੰਦੇ ਹਨ ਅਤੇ ਉਹ ਵੀ ਤਰੀਕ ਭੁਗਤਣ ਵਾਲਿਆਂ ਤੋਂ ਜੱਜ ਸਾਹਿਬ ਦੀ ਅੱਖ ਬਚਾ ਕੇ ਜਾਂ ਅਦਾਲਤ ਦੇ ਕਮਰੇ ਵਿਚੋਂ ਬਾਹਰ ਆ ਕੇ ਚਾਹ ਪਾਣੀ ਮੰਗਦੇ ਰਹਿੰਦੇ ਹਨ। ਇਥੋਂ ਤੱਕ ਕਿ '.........ਹਾਜ਼ਰ ਹੋ' ਦੀਆਂ ਆਵਾਜ਼ਾਂ ਮਾਰਨ ਵਾਲੇ ਵੱਲੋਂ ਵੀ ਕਈ ਵਾਰ ਤਰੀਕ ਭੁਗਤਣ ਵਾਲਿਆਂ ਤੋਂ ਚਾਹ ਪਾਣੀ ਵਸੂਲ ਲੈਣ ਦੀ ਚਰਚਾ ਅਕਸਰ ਹੁੰਦੀ ਰਹਿੰਦੀ ਹੈ। ਕਈ ਵਾਰ ਮੁਕੱਦਮਾ ਕਿਸੇ ਦੂਜੇ ਸ਼ਹਿਰ ਦੀ ਅਦਾਲਤ ਵਿੱਚ ਹੋਣ ਕਾਰਨ ਤਰੀਕ ਭੁਗਤਣ ਵਾਲੇ ਨੂੰ ਤਾਂ ਆਉਣ ਜਾਣ ਦਾ ਸਫ਼ਰ ਪਰੇਸ਼ਾਨ ਕਰ ਜਾਂਦਾ ਹੈ।

ਪੰਜਾਬ ਵਿੱਚ ਇਹ ਰਿਵਾਜ ਜਿਹਾ ਹੀ ਪੈ ਗਿਆ ਹੈ ਕਿ ਜੇ ਕਿਸੇ ਵਿਅਕਤੀ ਨੇ ਕਿਸੇ ਹੋਰ ਵਿਅਕਤੀ ਤੋਂ ਬਦਲਾ ਲੈਣਾ ਹੈ ਤਾਂ ਉਸ ਨੂੰ ਕਿਸੇ ਝੂਠੇ ਮੁਕੱਦਮੇ ਵਿੱਚ ਫਸਾਉਣ ਦਾ ਯਤਨ ਕਰਦਾ ਹੈ। ਇਸੇ ਕਾਰਨ ਕਈ ਲੋਕ ਬਦਲਾ ਲੈਣ ਲਈ ਆਪਣੀਆਂ ਲੜਕੀਆਂ ਜਾਂ ਔਰਤਾਂ ਨੂੰ ਹਥਿਆਰ ਬਣਾ ਲੈਂਦੇ ਹਨ। ਅਦਾਲਤਾਂ ਵਿੱਚ ਅਕਸਰ ਲੜਕੀਆਂ ਜਾਂ ਔਰਤਾਂ ਨਾਲ ਛੇੜਖ਼ਾਨੀ ਕਰਨ ਦੇ ਅਨੇਕਾਂ ਝੂਠੇ ਮਾਮਲੇ ਵੀ ਪਹੁੰਚਦੇ ਹਨ। ਇਹ ਮੁਕੱਦਮੇ ਝੂਠੇ ਹੋਣ ਕਰਕੇ ਭਾਵੇਂ ਤਰੀਕਾਂ ਭੁਗਤਣ ਵਾਲਿਆਂ ਨੂੰ ਸਜ਼ਾ ਨਹੀਂ ਹੁੰਦੀ ਪਰ ਉਹਨਾਂ ਦੀ ਬਦਨਾਮੀ ਅਤੇ ਖੱਜਲ ਖੁਆਰੀ ਬਹੁਤ ਹੋ ਜਾਂਦੀ ਹੈ। ਇਸੇ ਕਰਕੇ ਅਕਸਰ ਆਮ ਲੋਕ ਮੁਕਦਮਾ ਭੁਗਤਣ ਦੀ ਥਾਂ ਅਦਾਲਤ ਦੇ ਬਾਹਰ ਹੀ ਵਿਰੋਧੀ ਧਿਰ ਨਾਲ ਸਮਝੌਤਾ ਜਾਂ ਸੈਟਲਮੈਂਟ ਕਰਨ ਨੂੰ ਤਰਜੀਹ ਦਿੰਦੇ ਹਨ।

ਕਾਨੂੰਨ ਲੋਕਾਂ ਨੂੰ ਨਿਆਂ ਦੇਣ ਲਈ ਬਣਾਏ ਹੋਏ ਹਨ, ਹੋਰਨਾਂ ਲੋਕਾਂ ਨੂੰ ਪਰੇਸ਼ਾਨ ਕਰਨ ਲਈ ਨਹੀਂ। ਇਸ ਦੇ ਬਾਵਜੂਦ ਕਈ ਲੋਕ ਦੂਜੇ ਲੋਕਾਂ ਨੂੰ ਪਰੇਸ਼ਾਨ ਕਰਨ ਲਈ ਝੂਠੀਆਂ ਸ਼ਿਕਾਇਤਾਂ ਅਤੇ ਝੂਠੇ ਮੁਕੱਦਮੇ ਦਰਜ ਕਰਵਾਉਂਦੇ ਰਹਿੰਦੇ ਹਨ ਤਾਂ ਕਿ ਉਹ ਹੋਰਨਾਂ ਲੋਕਾਂ ਨੂੰ ਪਰੇਸ਼ਾਨ ਕਰ ਸਕਣ। ਭਾਵੇਂ ਕਿ ਝੂਠੇ ਮੁਕੱਦਮੇ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਹੋ ਸਕਦੀ ਹੈ ਅਤੇ ਉਹਨਾਂ ਨੂੰ ਸਜ਼ਾ ਮਿਲ ਸਕਦੀ ਹੈ, ਪਰ ਅਕਸਰ ਇਹ ਲੋਕ ਕਾਨੂੰਨ ਦੀਆਂ ਚੋਰ ਮੋਰੀਆਂ ਰਾਹੀਂ ਜਾਂ ਚੁਸਤੀ ਚਲਾਕੀ ਰਾਹੀਂ ਬੱਚ ਜਾਂਦੇ ਹਨ।

---

**ਨਟਵਰ ਲਾਲ ਦਾ ਮਾਇਆ ਜਾਲ**

# ਬੀਮੇ ਦੇ ਪੈਸੇ ਲਈ ਕੀਤਾ ਭਿਖਾਰੀ ਦਾ ਕਤਲ, ਦੋਸ਼ੀ ਨੇ ਆਪਣੀ ਹੀ ਬਣਾਈ 'ਲਾਸ਼'

## 17 ਸਾਲਾਂ ਬਾਅਦ ਹੋਇਆ ਪਰਦਾਫਾਸ਼, ਨੋਇਡਾ ਦਾ ਨਟਵਰ ਲਾਲ ਗੁਜਰਾਤ 'ਚ ਗ੍ਰਿਫਤਾਰ



ਅਹਿਮਦਾਬਾਦ/ਏ.ਟੀ.ਨਿਊਜ਼: ਗੁਜਰਾਤ ਵਿੱਚ ਇੱਕ ਹੈਰਾਨੀਜਨਕ ਘਟਨਾ ਸਾਹਮਣੇ ਆਈ ਹੈ। ਇੱਥੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਨੇ ਬੀਮੇ ਦੇ ਪੈਸੇ ਹੜੱਪਣ ਲਈ ਆਪਣੀ ਮੌਤ ਦੀ ਝੂਠੀ ਕਹਾਣੀ ਘੜੀ। ਮੌਤ ਦੀ ਅਸਲੀਅਤ ਦਿਖਾਉਣ ਲਈ ਉਸ ਨੇ ਇੱਕ ਭਿਖਾਰੀ ਨੂੰ ਵੀ ਮਾਰ ਦਿੱਤਾ। ਆਖਰਕਾਰ ਬੀਮੇ ਦੇ ਪੈਸਿਆਂ ਲਈ ਹੋਏ ਇਸ ਕਤਲ ਅਤੇ ਆਪਣੀ ਹੀ ਮੌਤ ਦੀ ਝੂਠੀ ਕਹਾਣੀ ਦਾ ਪਰਦਾਫਾਸ਼ ਹੋਇਆ ਅਤੇ 17 ਸਾਲਾਂ ਬਾਅਦ ਪੁਲਿਸ ਨੇ ਦੋਸ਼ੀ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ। ਹੈਰਾਨੀ ਦੀ ਗੱਲ ਇਹ ਹੈ ਕਿ ਉਸਦੀ ਪਤਨੀ ਨੂੰ ਵੀ ਉਸਦੀ ਹਰਕਤ ਦਾ ਪਤਾ ਨਹੀਂ ਸੀ। ਉਹ 17 ਸਾਲਾਂ ਤੋਂ ਆਪਣੇ ਆਪ ਨੂੰ ਵਿਧਵਾ ਵੀ ਸਮਝ ਰਹੀ ਸੀ। ਉਸਦਾ ਪਤੀ ਨੋਇਡਾ ਤੋਂ ਭੱਜ ਗਿਆ ਸੀ ਅਤੇ ਅਹਿਮਦਾਬਾਦ ਵਿੱਚ ਰਹਿਣ ਲੱਗਾ ਸੀ, ਜਿੱਥੇ ਉਸਨੇ ਆਪਣਾ ਨਾਮ ਅਤੇ ਪਛਾਣ ਬਦਲ ਲਈ ਸੀ। ਅਖੀਰ ਸੂਹ ਮਿਲਣ 'ਤੇ ਉਹ ਫੜਿਆ ਗਿਆ ਅਤੇ ਪੁਲਿਸ ਨੂੰ ਉਸ ਦੇ ਰਾਜ਼ ਬਾਰੇ ਪਤਾ ਲੱਗਾ। ਗ੍ਰਿਫਤਾਰ ਵਿਅਕਤੀ ਉੱਤਰ ਪ੍ਰਦੇਸ਼ ਦੇ ਨੋਇਡਾ ਦਾ ਰਹਿਣ ਵਾਲਾ ਦੱਸਿਆ ਜਾ ਰਿਹਾ ਹੈ ਮੁਲਜ਼ਮ ਅਨਿਲ ਸਿੰਘ ਮਲਕ (39) ਵਾਸੀ ਗੌਤਮ ਬੁੱਧ ਨਗਰ, ਉੱਤਰ ਪ੍ਰਦੇਸ਼, ਰਾਜਕੁਮਾਰ ਚੌਧਰੀ ਦੇ ਨਾਂ 'ਤੇ ਗੁਜਰਾਤ ਵਿੱਚ ਰਹਿ ਰਿਹਾ ਸੀ। ਉਸ ਨੂੰ ਅਹਿਮਦਾਬਾਦ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ਪੁਲਿਸ ਨੇ ਦੱਸਿਆ ਕਿ 80 ਲੱਖ ਰੁਪਏ ਦੀ ਬੀਮਾ ਰਾਸ਼ੀ ਹਾਸਲ ਕਰਨ ਲਈ ਮੌਤ ਦੀ ਇਹ ਝੂਠੀ ਕਹਾਣੀ ਘੜੀ ਗਈ ਸੀ।

**ਭਰਾ ਤੇ ਪਿਤਾ ਨਾਲ ਰਚੀ ਸਾਜ਼ਿਸ਼**

ਪੁਲਿਸ ਨੇ ਦੱਸਿਆ ਕਿ ਇਹ ਮਾਮਲਾ 2004 ਦਾ ਹੈ ਜਦੋਂ ਅਨਿਲ ਦੇ ਪਿਤਾ ਵਿਜੇਪਾਲ, ਉਸਦੇ ਭਰਾ ਅਭਿਆ ਅਤੇ ਅਨਿਲ ਨੇ ਧੋਖੇ ਨਾਲ ਬੀਮਾ ਰਾਸ਼ੀ ਦਾ ਦਾਅਵਾ ਕਰਨ ਦੀ ਸਾਜ਼ਿਸ਼ ਰਚੀ ਸੀ। ਇਸ ਸਕੀਮ ਦੇ ਤਹਿਤ ਉਸ ਨੇ 20 ਲੱਖ ਰੁਪਏ 'ਚ ਅਨਿਲ ਦੇ ਨਾਂ 'ਤੇ ਨਵੀਂ ਹੈਚਬੈਕ ਕਾਰ ਅਤੇ ਜੀਵਨ ਮਿੱਤਰ ਪਾਲਿਸੀ ਖਰੀਦੀ। ਪਾਲਿਸੀ ਦੀ ਇੱਕ ਧਾਰਾ ਦੇ ਅਨੁਸਾਰ, ਕਿਸੇ ਦੁਰਘਟਨਾ ਵਿੱਚ ਪਾਲਿਸੀ ਧਾਰਕ ਦੀ ਮੌਤ ਹੋਣ 'ਤੇ ਬੀਮਾ ਭੁਗਤਾਨ ਰਕਮ ਦਾ ਚਾਰ ਗੁਣਾ ਹੋਵੇਗਾ।

**ਟੀਚੇ ਦੀ ਖੋਜ ਕੀਤੀ**

ਮਲਕ ਪਰਿਵਾਰ ਨੇ ਦੋ ਸਾਥੀਆਂ ਮਹੀਪਾਲ ਗਡਰੀਆ ਅਤੇ ਰਾਕੇਸ਼ ਖਟੀਕ ਨਾਲ ਮਿਲ ਕੇ ਕਿਸੇ ਕਮਜ਼ੋਰ ਨਿਸ਼ਾਨੇ ਦੀ ਤਲਾਸ਼ ਸ਼ੁਰੂ ਕਰ ਦਿੱਤੀ। ਜੁਲਾਈ 2006 ਵਿੱਚ, ਅਨਿਲ, ਗਡਰੀਆ ਅਤੇ ਖਟਿਕ ਨੇ ਆਗਰਾ ਟੋਲ ਬੂਥ ਦੇ ਨੇੜੇ ਇੱਕ ਭਿਖਾਰੀ ਨੂੰ ਦੇਖਿਆ ਅਤੇ ਉਸਨੂੰ ਆਪਣੇ ਨਿਸ਼ਾਨੇ ਵਜੋਂ ਚੁਣਿਆ। ਤਿੰਨੇ ਭਿਖਾਰੀ ਨੂੰ ਇੱਕ ਹੋਟਲ ਵਿਚ ਲੈ ਗਏ ਜਿੱਥੇ ਉਨ੍ਹਾਂ ਨੇ ਉਸ ਨੂੰ ਖਾਣਾ ਖੁਆਇਆ। ਭਿਖਾਰੀ ਨੂੰ ਭੋਜਨ ਦੌਰਾਨ ਬੇਹੋਸ਼ੀ ਦੀ ਦਵਾਈ ਦਿੱਤੀ ਗਈ।

**ਭਿਖਾਰੀ ਨੂੰ ਇਸ ਤਰ੍ਹਾਂ ਮਾਰਿਆ**

ਖਾਣਾ ਖਾਣ ਤੋਂ ਕੁਝ ਦੇਰ ਬਾਅਦ ਭਿਖਾਰੀ ਬੇਹੋਸ਼ ਹੋਣ ਲੱਗਾ ਤਾਂ ਮਹੀਪਾਲ ਅਤੇ ਰਾਕੇਸ਼ ਨੇ ਉਸ ਨੂੰ ਕਾਰ ਦੀ ਅਗਲੀ ਸੀਟ 'ਤੇ ਬਿਠਾ ਦਿੱਤਾ। ਕਾਰ ਬਿਜਲੀ ਦੇ ਖੰਭੇ ਵਿੱਚ ਜਾ ਵੱਜੀ, ਜਿਸ ਕਾਰਨ ਕਾਰ ਨੂੰ ਅੱਗ ਲੱਗ ਗਈ। ਲਾਸ਼ ਨੂੰ ਪਛਾਣਨ ਤੋਂ ਪਰੇ ਕਰਨ ਲਈ ਤਿੰਨਾਂ ਨੇ ਉਸ 'ਤੇ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ। ਕਾਰ ਦੇ ਰਜਿਸਟ੍ਰੇਸ਼ਨ ਨੰਬਰ ਨੇ ਆਗਰਾ ਪੁਲਿਸ ਨੂੰ ਵਿਜੇਪਾਲ ਦੀ ਅਚਾਨਕ ਹੋਈ ਮੌਤ ਦੇ ਇਸ ਮਾਮਲੇ ਦੀ ਜਾਂਚ ਕਰਨ ਲਈ ਪ੍ਰੇਰਿਆ, ਜਿਸ ਨੇ ਸਾਜ਼ਿਸ਼ ਵਿੱਚ ਆਪਣੀ ਭੂਮਿਕਾ ਨਿਭਾਉਂਦੇ ਹੋਏ, ਲਾਸ਼ ਦੀ ਪਛਾਣ ਅਨਿਲ ਵਜੋਂ ਕੀਤੀ ਅਤੇ ਇਸਨੂੰ ਯੂਪੀ ਦੇ ਦਨਕੌਰ ਬਲਾਕ ਵਿੱਚ ਸਥਿਤ ਉਸਦੇ ਜੱਦੀ ਪਿੰਡ ਭੱਟਾ ਪਰਸੌਲ ਵਿੱਚ ਲੈ ਜਾ ਕੇ ਉਸਦਾ ਅੰਤਿਮ ਸੰਸਕਾਰ ਕੀਤਾ।

**ਗੁਜਰਾਤ ਵਿੱਚ ਆਟੋ ਚਲਾਉਣ ਲੱਗਿਆ**

ਪਰਿਵਾਰ ਨੂੰ ਮੌਤ ਦੇ ਦਾਅਵੇ ਤੋਂ ਇਲਾਵਾ ਕਾਰ ਬੀਮੇ ਵਿੱਚ 4 ਲੱਖ ਰੁਪਏ ਮਿਲੇ ਹਨ। ਇਸ ਤੋਂ ਬਾਅਦ ਅਨਿਲ ਅਹਿਮਦਾਬਾਦ ਭੱਜ ਗਿਆ ਅਤੇ ਆਟੋਰਿਕਸ਼ਾ ਡਰਾਈਵਰ ਵਜੋਂ ਰੋਜ਼ੀ-ਰੋਟੀ ਕਮਾਉਣ ਲੱਗਾ। ਉਸਨੇ ਨਿਕੋਲ ਵਿੱਚ ਇੱਕ ਮਕਾਨ ਕਿਰਾਏ 'ਤੇ ਲਿਆ ਅਤੇ 2008 ਵਿੱਚ ਰਾਜਕੁਮਾਰ ਚੌਧਰੀ ਦੇ ਨਾਮ 'ਤੇ ਆਪਣਾ ਵੋਟਰ ਆਈਡੀ ਕਾਰਡ ਬਣਵਾਇਆ। (ਬਾਕੀ ਸਫ਼ਾ 31 'ਤੇ)

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ 23ਵੀਂ ਦੋ ਰੋਜ਼ਾ ਪੰਜਾਬੀ ਸਾਹਿਤਕ ਕਾਨਫ਼ਰੰਸ ਸਫ਼ਲ ਰਹੀ

## ਲੇਖਕਾਂ, ਵਿਦਵਾਨਾਂ ਅਤੇ ਸ਼ਾਇਰਾਂ ਵਲੋਂ ਭਰਵੀਂ ਸ਼ਿਰਕਤ

ਵਿਸ਼ਵ ਪੰਜਾਬੀ ਸਾਹਿਤਕ ਅਕਾਦਮੀ (ਵਿਪਸਾਅ) ਕੈਲੀਫ਼ੋਰਨੀਆ ਵੱਲੋਂ ਹੇਅਵਰਡ ਸ਼ਹਿਰ 'ਚ ਆਯੋਜਿਤ ਦੋ ਰੋਜ਼ਾ 23ਵੀਂ ਪੰਜਾਬੀ ਸਾਹਿਤਕ ਕਾਨਫਰੰਸ ਵਿੱਚ ਪੰਜਾਬੀ ਜ਼ੁਬਾਨ, ਭਾਸ਼ਾ, ਸਾਹਿਤ, ਸਭਿਆਚਾਰ ਅਤੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਸਫਲਤਾ ਨਾਲ ਇੱਕ ਨਵਾਂ ਇਤਿਹਾਸ ਸਿਰਜਦਿਆਂ ਉੱਤਰੀ ਅਮਰੀਕਾ 'ਚ ਆਉਣ ਵਾਲੇ ਸਮੇਂ 'ਚ ਇਸ ਦੀ ਚੜ੍ਹਦੀ ਕਲਾ ਲਈ ਨਵਾਂ ਮੰਚ ਵੀ ਪ੍ਰਦਾਨ ਕੀਤਾ ਗਿਆ। ਇਸ ਕਾਨਫਰੰਸ ਵਿੱਚ ਜਿੱਥੇ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ, ਨਵ-ਪ੍ਰਕਾਸ਼ਿਤ ਪੁਸਤਕਾਂ ਦਾ ਲੋਕ ਅਰਪਣ, ਕਵਿਤਾ ਪਾਠ, ਗੀਤ ਸੰਗੀਤ ਹੋਇਆ ਉਥੇ ਭਾਰਤੀ ਸਾਹਿਤ ਅਕਾਦਮੀ ਅਵਾਰਡ ਹਾਸਲ ਕਰਨ ਵਾਲੇ ਵਰਿਆਮ ਸਿੰਘ ਸੰਧੂ, ਜਸਵਿੰਦਰ, ਦਰਸ਼ਨ ਬੁੱਟਰ ਅਤੇ ਡਾ: ਆਤਮਜੀਤ ਸਮੇਤ ਜਸਵੰਤ ਜ਼ਫ਼ਰ, ਡਾ. ਆਤਮ ਰੰਧਾਵਾ, ਡਾ. ਰਾਜੇਸ਼ ਸ਼ਰਮਾ, ਦਲਵੀਰ ਕੌਰ, ਡਾ. ਮੋਨੋਜੀਤ, ਸੁਸ਼ੀਲ ਦੁਸਾਂਝ, ਰਵਿੰਦਰ ਸਹਿਰਾਅ, ਸਤੀਸ਼ ਗੁਲਾਟੀ, ਸੁਹਿੰਦਰਬੀਰ, ਸੁਰਿੰਦਰ ਸੋਹਲ, ਪ੍ਰੀਤ ਮਨਪ੍ਰੀਤ, ਹਰਦਮ ਸਿੰਘ ਮਾਨ, ਮਨਜੀਤ ਕੌਰ ਗਿੱਲ ਅਤੇ ਰਾਕਿੰਦ ਕੌਰ ਵਰਗੇ ਪੰਜਾਬੀ ਲੇਖਕ ਅਤੇ ਬੁੱਧੀਜੀਵੀ ਉਚੇਚੇ ਤੌਰ 'ਤੇ ਸ਼ਾਮਿਲ ਹੋਣ ਲਈ ਪਹੁੰਚੇ।



ਸੁਰੀਲੇ ਗਾਇਕ ਸੁਖਦੇਵ ਸਾਹਿਲ ਦੇ ਸ਼ਬਦ ਗਾਇਨ ਨਾਲ ਕਾਨਫਰੰਸ ਦੀ ਸ਼ੁਰੂਆਤ ਹੋਈ। ਸਵਾਗਤੀ ਸੈਸ਼ਨ ਦੀ ਪ੍ਰਧਾਨਗੀ ਵਿਪਸਾਅ ਦੇ ਸਪਾਂਸਰ ਉੱਘੇ ਕਾਰੋਬਾਰੀ ਜਸਵੀਰ ਗਿੱਲ, ਬਲਵਿੰਦਰ ਸਿੰਘ ਧਨੋਆ, ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਕੁਲਵਿੰਦਰ ਅਤੇ ਕਵੀ ਐਸ਼ ਨੇ ਕੀਤੀ। ਪ੍ਰਧਾਨ ਕੁਲਵਿੰਦਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਕਾਨਫਰੰਸ ਦੇ ਮਨੋਰਥ ਬਾਰੇ ਬੋਲਦਿਆਂ ਇਸ ਮਸ਼ੀਨੀ ਯੁੱਗ ਵਿੱਚ ਸਾਹਿਤ ਨਾਲ ਜੁੜਨ ਨੂੰ ਹੋਰ ਵੀ ਜ਼ਰੂਰੀ ਦੱਸਿਆ। ਉਹਨਾਂ ਨੇ ਇਹ ਕਾਨਫ਼ਰੰਸ ਵਿਪਸਾਅ ਦੇ ਸੰਸਥਾਪਕ ਮੈਂਬਰ ਸਵ: ਡਾ: ਗੁਰੂਮੇਲ ਸਿੱਧੂ ਦੀ ਯਾਦ ਨੂੰ ਸਮਰਪਿਤ ਕਰਦਿਆਂ ਡਾ: ਸਿੱਧੂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਭਾ ਦੀ ਸਲਾਨਾ ਰਿਪੋਰਟ ਸਾਹਿਤ ਸਕੱਤਰ ਲਾਜ ਨੀਲਮ ਸੈਣੀ ਨੇ ਪੜ੍ਹੀ ਅਤੇ ਕਰੋਨਾ ਕਾਲ ਤੋਂ ਬਾਅਦ ਹੋਏ ਸਾਹਿਤਕ ਸਮਾਗਮਾਂ ਦਾ ਵੇਰਵੇ ਸਹਿਤ ਜ਼ਿਕਰ ਕੀਤਾ।

'ਅਮਰੀਕੀ ਪੰਜਾਬੀ ਕਵਿਤਾ ਸਮਕਾਲ ਦੇ ਸੰਦਰਭ' ਵਿੱਚ ਵਾਚਦਿਆਂ ਡਾ. ਆਤਮ ਸਿੰਘ ਰੰਧਾਵਾ ਨੇ ਆਪਣੇ ਪਰਚੇ ਵਿੱਚ ਕਵਿਤਾ ਰਾਹੀਂ ਵਿਸ਼ਵ ਵਿੱਚ ਵਸਦੇ ਪੰਜਾਬੀਆਂ ਦੀ ਰੂਹ ਨੂੰ ਪੰਜਾਬ ਨਾਲ ਜੁੜੇ ਹੋਣ ਦੀ ਗੱਲ ਕਰਦਿਆਂ ਕਵਿਤਾ ਪ੍ਰਤੀ ਸ਼ਾਇਰਾਂ ਦੀ ਸੁਹਿਰਦਤਾ, ਵਿਸ਼ਿਆਂ ਤੇ ਹਾਲਾਤਾਂ ਦਾ ਚਿਤਰਣ ਬਿਆਨਦਿਆਂ ਚੰਗੀਆਂ ਪ੍ਰਾਪਤੀਆਂ ਦੱਸਿਆ। ਉਹਨਾਂ ਨਵੀਂ ਦ੍ਰਿਸ਼ਟੀ ਤੋਂ ਪਰਵਾਸ ਤੇ ਪਰਵਾਸੀ ਕਵਿਤਾ ਨੂੰ ਪਰਿਭਾਸ਼ਿਤ ਕਰਨ ਉਪਰੰਤ ਅਮਰੀਕਾ ਵਿਚ ਲਿਖੀ ਜਾ ਰਹੀ ਸਮੁੱਚੀ ਪੰਜਾਬੀ ਕਵਿਤਾ ਦੇ ਮੁੱਖ ਪਛਾਣ-ਚਿੰਨ੍ਹ ਅਤੇ ਉਨ੍ਹਾਂ ਦੇ ਵਿਚਾਰਧਾਰਾਈ ਆਧਾਰ ਨਿਰਧਾਰਤ ਕੀਤੇ। ਉਹਨਾਂ ਕਿਹਾ ਕਿ ਅਮਰੀਕਾ ਤੇ ਮੂਲ-ਦੇਸ ਵਿੱਚ ਸਮੇਂ ਸਮੇਂ ਚੱਲੀਆਂ ਲਹਿਰਾਂ, ਪਰਵਾਸ ਦਾ ਕਠੋਰ ਯਥਾਰਥ ਤੇ ਵਿਸ਼ਵ ਪੱਧਰ ਤੇ 1990 ਤੋਂ ਬਾਅਦ ਵਾਪਰੇ ਬਦਲਾਅ ਚੋਂ ਲੰਘਦਿਆਂ ਇਹ ਕਵਿਤਾ ਚੇਤਨਤਾ, ਭਾਵੁਕਤਾ ਅਤੇ ਸਮਕਾਲ ਤਕ ਪਹੁੰਚਦਿਆਂ ਦਾਰਸ਼ਨਿਕਤਾ ਦੇ ਪੱਧਰ ਵੱਲ ਰੁਖ਼ ਕਰਦੀ ਹੈ।

ਇਸ ਚਰਚਾ ਸੈਸ਼ਨ ਦੇ ਮੁੱਖ ਮਹਿਮਾਨ ਰਹੇ ਵਰਿਆਮ ਸਿੰਘ ਸੰਧੂ ਅਤੇ ਪ੍ਰਧਾਨਗੀ ਦਰਸ਼ਨ ਬੁੱਟਰ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸੁਸ਼ੀਲ ਦੁਸਾਂਝ, ਜਸਵਿੰਦਰ ਅਤੇ ਡਾ: ਰਾਜੇਸ਼ ਸ਼ਰਮਾ ਨੇ ਵੀ ਇਸ ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ।

'ਅਮਰੀਕੀ ਪੰਜਾਬੀ ਕਹਾਣੀ ਸਮਕਾਲ ਦੇ ਸੰਦਰਭ ਵਿੱਚ' ਸੈਸ਼ਨ ਦੇ ਮੁੱਖ ਮਹਿਮਾਨ ਡਾ; ਮੋਨੋਜੀਤ ਅਤੇ ਪ੍ਰਧਾਨ ਵਰਿਆਮ ਸਿੰਘ ਸੰਧੂ ਸਨ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਨ ਸੁਰਿੰਦਰ ਸੋਹਲ, ਚਰਨਜੀਤ ਪੰਨੂ, ਸੁਖਵਿੰਦਰ ਕੰਬੋਜ ਅਤੇ ਅਮਰਜੀਤ ਕੌਰ ਪੰਨੂੰ। ਅਜਮੇਰ ਸਿੱਧੂ ਨੇ ਅਮਰੀਕੀ ਪੰਜਾਬੀ ਕਹਾਣੀ ਉੱਪਰ ਖੁੱਲ ਕੇ ਗੱਲ ਕਰਦਿਆਂ ਕਿਹਾ ਕਿ ਉਸ ਨੇ ਅਮਰੀਕਾ ਦੇ ਕਹਾਣੀਕਾਰਾਂ ਦੀਆਂ 35 ਕਹਾਣੀਆਂ ਪੜ੍ਹਦਿਆਂ ਖੁਸ਼ੀ ਮਹਿਸੂਸ ਕੀਤੀ ਹੈ ਕਿ ਪਰਵਾਸ 'ਚ ਰਹਿ ਕੇ ਵੀ ਪੰਜਾਬੀ ਕਹਾਣੀਕਾਰ ਆਪਣੀ ਮਿੱਟੀ ਤੇ ਸਾਹਿਤ ਨਾਲ ਗਹਿ ਗੱਚ ਜੁੜੇ ਹੋਏ ਹਨ। ਸਿੱਧੂ ਦੀ ਵਿਚਾਰ ਲੜੀ ਨੂੰ ਅੱਗੇ ਤੋਰਦਿਆਂ ਸੁਰਿੰਦਰ ਸੋਹਲ ਅਤੇ ਵਰਿਆਮ ਸਿੰਘ ਸੰਧੂ ਨੇ ਕਹਾਣੀ ਦੇ ਰੂਪ/ਵਿਸ਼ਾ ਵਸਤੂ ਬਾਰੇ ਅਮਰੀਕੀ ਪੰਜਾਬੀ ਕਹਾਣੀਆਂ ਵਿਚੋਂ ਮਿਸਾਲਾਂ ਸਹਿਤ ਬਹੁਤ ਵਿਸਥਾਰ ਵਿੱਚ ਚਾਨਣਾ ਪਾਇਆ। ਇਸ ਚਰਚਾ ਦਾ ਸੰਚਾਲਨ ਲੇਖਕਾ ਗੁਲਸ਼ਨ ਦਿਆਲ ਨੇ ਕੀਤਾ।

ਕਾਨਫ਼ਰੰਸ ਵਿੱਚ ਹਾਜ਼ਰ ਲੇਖਕਾਂ ਦੀਆਂ ਦਰਜਨ ਦੇ ਕਰੀਬ ਨਵ-ਪ੍ਰਕਾਸ਼ਿਤ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਜਿੰਨਾਂ ਵਿੱਚ ਸ਼ਾਮਲ ਹਨ: ਕੁਲਵਿੰਦਰ ਅਤੇ ਸਤੀਸ਼ ਗੁਲਾਟੀ ਸੰਪਾਦਿਤ ਪਾਕਿਸਤਾਨ ਤੋਂ ਪੰਜਾਬੀ ਦੇ ਨਾਮਵਰ ਸ਼ਾਇਰ ਅਬਦੁਲ ਕਰੀਮ ਕੁਦਸੀ ਦੇ ਸ਼ਾਇਰੀ ਸੰਗ੍ਰਹਿ "ਆਪਣੇ ਘਰੀਂ ਪ੍ਰਾਉਣੇ"ਅਤੇ ਬਿਰਹੋਂ ਦੀ ਰੜਕ , ਜਸਵੰਤ ਜ਼ਫ਼ਰ ਦੀ ਵਿਚਾਰ ਲੜੀ ਪੁਸਤਕ ਚਮੇਲੀ ਦੇ ਫੁੱਲ , ਡਾ: ਮੋਨੋਜੀਤ ਦਾ ਕਵਿਤਾ ਸੰਗ੍ਰਹਿ "ਕਿਤਾਬ ਮੂਰਤੀ ਨਹੀਂ ਹੁੰਦੀ , ਡਾ: ਸ਼ਮਸ਼ੇਰ ਮੋਹੀ ਸੰਪਾਦਿਤ "ਸੁਰਜੀਤ ਸਖੀ ਕਾਵਿ ਵਸਤੂ, ਵਿਧੀ ਤੇ ਵਿਚਾਰਧਾਰਾ , ਅਮਰਜੀਤ ਕੌਰ ਪੰਨੂੰ ਦਾ ਕਹਾਣੀ ਸੰਗ੍ਰਹਿ ਸੁੱਚਾ ਗੁਲਾਬ , ਐਸ਼ ਦੀਆਂ ਦੋ ਜੀਵਨੀ ਕਾਵਿ ਪੁਸਤਕਾਂ। ਸਵ: ਗੁਰੂਮੇਲ ਸਿੱਧੂ ਦੀ "ਗ਼ਦਰ ਲਹਿਰ ਦਾ ਦੂਜਾ ਪੱਖ' ਦਾ ਦੂਜਾ ਐਡੀਸ਼ਨ, ਸੁਖਵਿੰਦਰ ਕੰਬੋਜ ਦੀ "ਜੰਗ ਜਸ਼ਨ ਤੇ ਜੁਗਨੂੰ"ਦਾ ਨਵਾਂ ਐਡੀਸ਼ਨ, ਜਸਵਿੰਦਰ ਦੀ "ਅਗਰਬੱਤੀ"ਦਾ ਚੌਥਾ ਐਡੀਸ਼ਨ ਅਤੇ ਮੈਗਜ਼ੀਨ "ਹੁਣ', ਜੰਮੂ ਤੋਂ ਨਿਕਲਦੇ ਮੈਗਜ਼ੀਨ "ਆਬਰੂ"ਅਤੇ "ਏਕਮ"ਦੇ ਨਵੇਂ ਐਡੀਸ਼ਨ ਵੀ ਰਿਲੀਜ਼ ਕੀਤੇ ਗਏ। ਹਰਪ੍ਰੀਤ ਕੌਰ ਧੂਤ ਅਤੇ ਜਗਜੀਤ ਨੇ ਇਹਨਾਂ ਕਿਤਾਬਾਂ ਦੀ ਜਾਣ-ਪਛਾਣ ਦਰਸ਼ਕਾਂ ਨਾਲ ਕਰਾਈ।

ਕਾਨਫਰੰਸ ਦੇ ਪਹਿਲੇ ਦਿਨ ਵਿਸ਼ਾਲ ਕਵੀ ਦਰਬਾਰ ਆਯੋਜਨ ਕੀਤਾ ਗਿਆ ਜਿਸ ਵਿੱਚ 20 ਤੋਂ ਵੱਧ ਕਵੀਆਂ/ਕਵਿਤਰੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਹਾਜ਼ਰ ਸਰੋਤਿਆਂ ਨੂੰ ਸਾਹਿਤ ਦੇ ਲੜ ਬੰਨੀਂ ਰੱਖਿਆ। ਇਸ ਕਵੀ ਦਰਬਾਰ ਦੇ ਮੁੱਖ ਮਹਿਮਾਨ ਜਸਵੰਤ ਜ਼ਫ਼ਰ ਸਨ ਅਤੇ ਪ੍ਰਧਾਨਗੀ ਰਵਿੰਦਰ ਸਹਿਰਾਅ ਨੇ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਉਹਨਾਂ ਦਾ ਸਾਥ ਦਿੱਤਾ ਸੁਰਜੀਤ ਸਖੀ, ਸੁਹਿੰਦਰਬੀਰ, ਪ੍ਰੀਤ ਮਨਪ੍ਰੀਤ, ਗੁਲਸ਼ਨ ਦਿਆਲ, ਅਤੇ ਮਨਜੀਤ ਕੌਰ ਗਿੱਲ ਨੇ। ਕਵੀ ਦਰਬਾਰ ਦਾ ਆਗਾਜ਼ ਰਾਕਿੰਦ ਕੌਰ ਵੱਲੋਂ ਸ਼ਮਾ ਰੋਸ਼ਨ ਕਰਕੇ ਕੀਤਾ ਗਿਆ। ਸਭ ਤੋਂ ਪਹਿਲਾਂ ਅਮਰਜੀਤ ਜੌਹਲ ਨੇ ਮਾਂ ਬੋਲੀ ਅਤੇ ਪੰਜਾਬ ਨੂੰ ਸਮਰਪਿਤ ਗੀਤ ਤਰੰਨਮ ਵਿੱਚ ਗਾਇਆ ਅਤੇ ਸਮਾਪਤੀ ਰਵਿੰਦਰ ਸਹਿਰਾਅ ਦੀਆਂ ਨਜ਼ਮਾਂ "ਫ਼ਲਸਤੀਨੀ ਕੁੜੀ ਦੀ ਚੱਪਲ" ਅਤੇ "ਲਾਹੌਰ ਸ਼ਹਿਰ ਦੀਓ ਕੁੜੀਓ" ਨਾਲ ਹੋਈ। ਪ੍ਰਭਸ਼ਰਨਬੀਰ ਸਿੰਘ, ਸਤੀਸ਼ ਗੁਲਾਟੀ, ਕਵੀ ਐਸ਼, ਸੁਹਿੰਦਰਬੀਰ, ਹਰਜਿੰਦਰ ਕੰਗ, ਹਰਜਿੰਦਰ ਢੇਸੀ, ਸੰਤੋਖ ਮਿਨਹਾਸ, ਰਾਕਿੰਦ ਕੌਰ, ਸੁਰਿੰਦਰ ਸੋਹਲ ਅਤੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਕਵੀਆਂ ਨੇ ਆਪਣਾ ਕਲਾਮ ਸੁਣਾ ਕੇ ਸਰੋਤਿਆਂ ਵਲੋਂ ਪ੍ਰਸੰਸਾ ਹਾਸਲ ਕੀਤੀ। ਕਵੀ ਦਰਬਾਰ ਦੇ ਸੰਚਾਲਨ ਦੀ ਜ਼ਿੰਮੇਵਾਰੀ ਲਾਜ ਨੀਲਮ ਸੈਣੀ ਅਤੇ ਜਗਜੀਤ ਨੌਸ਼ਹਿਰਵੀ ਨੇ ਨਿਭਾਈ।

ਪਹਿਲੀ ਸ਼ਾਮ ਦਾ ਅੰਤ ਸੁਖਦੇਵ ਸਾਹਿਲ ਦੀ ਮੁਗਧ ਅਵਾਜ਼ ਵਿੱਚ ਸੂਫ਼ੀ ਅਤੇ ਆਧੁਨਿਕ ਸ਼ਾਇਰੀ ਦੇ ਜਾਦੂ-ਮਈ ਗਾਇਨ ਨਾਲ ਹੋਇਆ। ਸਾਹਿਲ ਨੇ ਹੀਰ ਵਾਰਿਸ, ਸ਼ਿਵ ਬਟਾਲਵੀ, ਜਸਵਿੰਦਰ, ਹਰਜਿੰਦਰ ਕੰਗ, ਕੁਲਵਿੰਦਰ ਅਤੇ ਹੋਰ ਸਮਕਾਲੀ ਸ਼ਾਇਰਾਂ ਦਾ ਕਲਾਮ ਗਾ ਕੇ ਹਾਜ਼ਰ ਰੂਹਾਂ ਨੂੰ ਅਨੰਦਿਤ ਕੀਤਾ।

ਕਾਨਫ਼ਰੰਸ ਦੇ ਦੂਜੇ ਤੇ ਆਖਰੀ ਦਿਨ ਪੰਜਾਬੀ ਯੂਨੀਵਰਸਿਟੀ ਦੇ ਡਾ. ਰਾਜੇਸ਼ ਸ਼ਰਮਾ ਨੇ ਪੰਜਾਬੀ ਸਾਹਿਤ ਦੇ ਵਿਸ਼ਵ ਸਾਹਿਤ ਵਿੱਚ ਸਥਾਨ, ਰੁਤਬਾ, ਅਨੁਵਾਦ ਅਤੇ ਅਦਾਨ ਪ੍ਰਦਾਨ ਦੇ ਵਿਸ਼ੇ ਉੱਤੇ ਏਨੀਆਂ ਭਾਵਪੂਰਤ ਟਿੱਪਣੀਆਂ ਕੀਤੀਆਂ ਕਿ ਕਾਨਫ਼ਰੰਸ ਦਾ ਇਹ ਇੱਕ ਵਡਮੁੱਲਾ ਭਾਗ ਸਾਬਤ ਹੋਇਆ। ਡਾ. ਸ਼ਰਮਾ ਦੀਆਂ ਟਿੱਪਣੀਆਂ ਉੱਤਰੀ ਅਮਰੀਕਾ 'ਚ ਸਾਹਿਤਕਾਰਾਂ ਲਈ ਸਾਹਿਤ ਨੂੰ ਹੋਰ ਵੀ ਗੰਭੀਰਤਾ ਨਾਲ ਰਚਣ ਵਿੱਚ ਮਦਦਗਾਰ ਸਾਬਤ ਹੋਣਗੀਆਂ। ਉਹਨਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪੰਜਾਬੀ ਸਾਹਿਤ ਦਾ ਦੂਜੀਆਂ ਭਾਸ਼ਾਵਾਂ ਵਿੱਚ ਅਨੁਵਾਦ ਹੋਣਾ ਚਾਹੀਦਾ ਹੈ ਤਾਂ ਕਿ ਅਸੀਂ ਕੌਮਾਂਤਰੀ ਸਾਹਿਤ ਵਿੱਚ ਆਪਣੀ ਚੰਗੀ ਥਾਂ ਬਣਾ ਸਕੀਏ। ਡਾ: ਸ਼ਰਮਾ ਨੇ ਕਿਹਾ ਕਿ ਪਰਵਾਸੀ ਇੱਕ ਤੀਰਥ ਯਾਤਰੀ ਹੈ, ਤੁਸੀਂ ਇੱਕ ਤੋਂ ਦੂਸਰੀ ਧਰਤੀ ਦਾ ਹੀ ਨਹੀਂ, ਇੱਕ ਤੋਂ ਦੂਸਰੇ ਪੱਧਰ ਦਾ, ਇੱਕ ਤੋਂ ਦੂਸਰੀ ਜ਼ਿੰਦਗੀ ਦਾ, ਇੱਕ ਤੋਂ ਦੂਸਰੀ ਚੇਤਨਾ ਧਾਰਾ ਦਾ ਸਫਰ ਤਹਿ ਕਰਨ ਦਾ ਮੌਕਾ ਲੈਂਦੇ ਹੋ । ਇਸ ਸੈਸ਼ਨ ਦੇ ਮੁੱਖ ਮਹਿਮਾਨ ਸਨ ਡਾ: ਆਤਮਜੀਤ ਅਤੇ ਪ੍ਰਧਾਨਗੀ ਡਾ: ਆਤਮ ਸਿੰਘ ਰੰਧਾਵਾ ਨੇ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਉਹਨਾਂ ਦਾ ਸਾਥ ਦਿੱਤਾ ਸੁਰਿੰਦਰ ਸੀਰਤ, ਹਰਦਮ ਮਾਨ, ਹਰਜਿੰਦਰ ਕੰਗ ਅਤੇ ਡਾ: ਕੁਲਬੀਰ ਸਿੰਘ ਥਿੰਦ ਨੇ। ਸਾਰੀ ਵਿਚਾਰ ਚਰਚਾ ਨੂੰ ਸੁਖਵਿੰਦਰ ਕੰਬੋਜ ਨੇ ਸੰਚਾਲਕ ਵਜੋਂ ਬਾਖ਼ੂਬੀ ਪਰੋਇਆ।

ਕਾਨਫਰੰਸ ਦਾ ਇੱਕ ਖ਼ਾਸ ਸੈਸ਼ਨ ਸੀ ਡਾ: ਗੁਰਪ੍ਰੀਤ ਧੁੱਗਾ ਦੇ ਬਹੁਚਰਚਿਤ ਨਾਵਲ 'ਚਾਲ਼ੀਦਿਨ' ਉੱਪਰ ਵਿਚਾਰ ਚਰਚਾ ਦਾ ਹੋਣਾ। ਇਸ ਚਰਚਾ ਦਾ ਸੰਚਾਲਨ ਅਸ਼ੋਕ ਭੌਰਾ ਨੇ ਕੀਤਾ। ਡਾ: ਵਰਿਆਮ ਸਿੰਘ ਸੰਧੂ, ਡਾ: ਆਤਮਜੀਤ, ਸੁਰਿੰਦਰ ਸੋਹਲ, ਜਸਵੰਤ ਜ਼ਫ਼ਰ, ਦਰਸ਼ਨ ਬੁੱਟਰ ਤੇ ਡਾ. ਰਾਜੇਸ਼ ਸ਼ਰਮਾ ਨੇ ਡਾ. ਧੁੱਗਾ ਦੀ ਨਿਵੇਕਲੀ ਸਾਹਿਤਕ ਕਿਰਤ 'ਚਾਲ਼ੀ ਦਿਨ' ਨੂੰ ਡਾ: ਗੁਰਪ੍ਰੀਤ ਧੁੱਗਾ ਦੀ ਇਕ ਵੱਡੀ ਸਾਹਿਤਕ ਪ੍ਰਾਪਤੀ ਦੱਸਿਆ। ਸੁਰਿੰਦਰ ਸੋਹਲ ਨੇ ਡਾ: ਧੁੱਗਾ ਤੋਂ ਆਉਣ ਵਾਲੀਆਂ ਕਿਰਤਾਂ ਵਿੱਚ ਹੋਰ ਵੀ ਨਿਖਰਨ ਦੀ ਆਸ ਪ੍ਰਗਟਾਈ। ਡਾ: ਸੰਧੂ ਨੇ ਇਸ ਲਿਖਤ ਦਾ ਰੂਪ ਬਾਬੇ ਨਾਨਕ ਦੀਆਂ ਉਦਾਸੀਆਂ ਦੌਰਾਨ ਵਾਪਰਦੀਆਂ ਸਾਖੀਆਂ ਨਾਲ ਮਿਲਦਾ ਦੱਸਿਆ। ਡਾ: ਰਾਜੇਸ਼ ਸ਼ਰਮਾ ਨੇ ਕਿਹਾ ਕਿ ਹੋਰ ਭਾਸ਼ਾਵਾਂ ਵਿੱਚ ਵੀ ਨਵੀਂ ਪੀੜ੍ਹੀ ਦੇ ਲੇਖਕ ਪ੍ਰਵਾਨਤ ਸਾਹਿਤ ਰੂਪਾਂ ਤੋਂ ਅੱਗੇ ਨਵੀਂਆਂ ਸਾਹਿਤਕ ਵੰਨਗੀਆਂ ਸਿਰਜ ਰਹੇ ਹਨ। "ਚਾਲ਼ੀ ਦਿਨ"ਵੀ 'ਪੋਸਟ-ਯੌਨਰ' ਹੈ ਅਤੇ ਪੰਜਾਬੀ ਸਾਹਿਤ ਵਿੱਚ ਚੰਗਾ ਵਾਧਾ ਹੈ। 'ਚਾਲ਼ੀਦਿਨ' ਬਾਰੇ ਇਸ ਦੇ ਲੇਖਕ ਡਾ: ਧੁੱਗਾ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਸ ਨੂੰ ਆਪਣੀ ਪ੍ਰਾਪਤੀ 'ਤੇ ਮਾਣ ਹੀ ਨਹੀਂ ਖ਼ੁਸ਼ੀ ਵੀ ਹੈ ਪਰ ਇਸ ਨਾਲ ਉਸ ਦੀਆਂ ਸਾਹਿਤਕ ਜ਼ਿੰਮੇਵਾਰੀਆਂ ਵੱਡੀਆਂ ਹੋ ਗਈਆਂ ਹਨ।

ਦੂਜੇ ਦਿਨ ਦਾ ਕਵੀ ਦਰਬਾਰ ਹੋਰ ਵੀ ਆਹਲਾ ਹੋ ਨਿਬੜਿਆ ਜਿਸਦੀ ਸੰਚਾਲਨ ਉੱਘੇ ਕਵੀ ਸੁਰਿੰਦਰ ਸੀਰਤ ਅਤੇ ਸ਼ਾਇਰਾ ਸੁਰਜੀਤ ਸਖੀ ਨੇ ਕੀਤੀ। ਕਵੀ ਦਰਬਾਰ ਦੀ ਸਦਾਰਤ ਜਸਵਿੰਦਰ ਨੇ ਕੀਤੀ ਅਤੇ ਮੁੱਖ ਮਹਿਮਾਨ ਸਨ ਦਰਸ਼ਨ ਬੁੱਟਰ। ਪ੍ਰਧਾਨਗੀ ਮੰਡਲ ਵਿੱਚ ਇਹਨਾਂ ਦੇ ਸਾਥੀ ਸਨ ਕੁਲਵਿੰਦਰ, ਦਲਵੀਰ ਕੌਰ, ਭੁਪਿੰਦਰ ਦਲੇਰ, ਗੁਲਸ਼ਨ ਦਿਆਲ, ਸਤੀਸ਼ ਗੁਲਾਟੀ, ਦਿਲ ਨਿੱਝਰ ਅਤੇ ਅਸ਼ੋਕ ਭੌਰਾ। ਹੋਰਨਾਂ ਤੋਂ ਇਲਾਵਾ ਇਸ ਕਵੀ ਦਰਬਾਰ ਵਿੱਚ ਦਰਸ਼ਨ ਬੁੱਟਰ, ਡਾ: ਗੁਰਪ੍ਰੀਤ ਧੁੱਗਾ, ਜਸਵਿੰਦਰ, ਲਖਵਿੰਦਰ ਲੱਕੀ, ਲਾਜ ਨੀਲਮ ਸੈਣੀ, ਡਾ: ਬਿਕਰਮ ਸੋਹੀ, ਪ੍ਰਿੰ ਹਜ਼ੂਰਾ ਸਿੰਘ, ਤਾਰਾ ਸਾਗਰ, ਸੁਖਪਾਲ ਸੰਘੇੜਾ, ਲਾਜ ਨੀਲਮ ਸੈਣੀ, ਗਗਨਦੀਪ ਮਾਹਲ, ਤਰਲੋਚਨ ਸਿੰਘ ਦੁਪਾਲਪੁਰੀ, ਦਲਵੀਰ ਕੌਰ, ਜਸਵੰਤ ਸ਼ਾਦ, ਹਰਜਿੰਦਰ ਕੰਗ, ਹਰਭਜਨ ਢਿੱਲੋਂ, ਕੁਲਵੰਤ ਸੇਖੋਂ ਨੇ ਆਪਣਾ ਕਲਾਮ ਪੇਸ਼ ਕੀਤਾ।

ਰੰਗ ਮੰਚ ਨੂੰ ਆਪਣੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਪ੍ਰਦਾਨ ਕਰ ਕੇ ਇਸ ਖੇਤਰ ਦੀਆਂ ਨਵੀਆਂ ਸਿਖਰਾਂ ਸਿਰਜਣ ਵਾਲੇ ਡਾ: ਆਤਮਜੀਤ ਨੇ ਜਦੋਂ ਦੀਵਾਨ ਸਿੰਘ ਕਾਲੇਪਾਣੀ ਦੀ ਜ਼ਿੰਦਗੀ 'ਤੇ ਅਧਾਰਿਤ ਨਾਟਕ 'ਕਿਸ਼ਤੀਆਂ ਵਿੱਚ ਜਹਾਜ਼' ਦਾ ਨਾਟਕੀ ਪਾਠ ਦੇਰ ਰਾਤ ਦਰਸ਼ਕਾਂ ਨਾਲ ਸਾਂਝਾ ਕੀਤਾ ਤਾਂ ਇਸ ਚੁੱਪ 'ਚ ਹਰ ਅੱਖ ਜਜ਼ਬਾਤੀ, ਸਿੱਲੀ ਤੇ ਭਾਵਪੂਰਤ ਸੀ। ਇਹ ਪੇਸ਼ਕਾਰੀ ਦੋ ਦਿਨਾਂ ਕਾਨਫਰੰਸ ਦੀ ਇਕ ਤਰਾਂ ਨਾਲ ਇਤਿਹਾਸਕ ਸਿਖਰ ਮੰਨੀ ਜਾ ਸਕਦੀ ਹੈ। ਡਾ: ਕਾਲੇਪਾਣੀ ਦੀ ਪੋਤਰੀ ਅਨੁਰੰਜਨ ਕੌਰ ਆਪਣੇ ਪਰਵਾਰ ਨਾਲ ਹਾਜ਼ਰ ਸੀ। ਵਿਪਸਾਅ ਵਲੋਂ ਉਹਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਦੋਵੇਂ ਦਿਨ ਕਾਨਫਰੰਸ ਦਾ ਸਟੇਜ ਸੰਚਾਲਨ ਜਗਜੀਤ ਨੌਸ਼ਹਿਰਵੀ, ਲਾਜ ਨੀਲਮ ਸੈਣੀ, ਸੁਰਿੰਦਰ ਸੀਰਤ, ਗੁਲਸ਼ਨ ਦਿਆਲ, ਸੁਖਵਿੰਦਰ ਕੰਬੋਜ, ਅਸ਼ੋਕ ਭੌਰਾ ਅਤੇ ਹਰਪ੍ਰੀਤ ਕੌਰ ਧੂਤ ਨੇ ਕੀਤਾ। ਵਿਪਸਾਅ ਕਮੇਟੀ ਵਲੋਂ ਜਸਵੀਰ ਗਿੱਲ, ਡਾ: ਗੁਰਪ੍ਰੀਤ ਧੁੱਗਾ, ਡਾ: ਸਰਬਜੀਤ ਹੁੰਦਲ, ਬਲਵਿੰਦਰ ਧਨੋਆ, ਸੁਰਿੰਦਰ ਧਨੋਆ, ਡਾ: ਦਲਬੀਰ ਪੰਨੂੰ, ਪ੍ਰੋ ਸੁਖਦੇਵ ਸਿੰਘ, ਬਲਜਿੰਦਰ ਸਵੈਚ, ਸਤਵੰਤ ਸਿੰਘ,ਅਤੇ ਵਿਪਸਾਅ ਦੀ ਸਮੁੱਚੀ ਕਾਰਜਕਰਨੀ ਵਲੋਂ ਮਾਇਕ ਮਦਦ ਇਕੱਠੀ ਕਰਨ ਵਿੱਚ ਖ਼ਾਸ ਭੂਮਿਕਾ ਨਿਭਾਉਣ ਲਈ ਧੰਨਵਾਦ ਕੀਤਾ ਗਿਆ। ਪੰਜਾਬੀ ਰੇਡੀਓ ਯੂ ਐਸ ਏ ਦੇ ਹਰਜੋਤ ਸਿੰਘ ਖਾਲਸਾ ਅਤੇ ਰਾਜਕਰਨ ਸਿੰਘ ਨੇ ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਕੀਤਾ। ਵਿਪਸਾਅ ਦੇ ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਪ੍ਰਧਾਨ ਕੁਲਵਿੰਦਰ, ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ, ਗੁਲਸ਼ਨ ਦਿਆਲ, ਅਮਰਜੀਤ ਕੌਰ ਪੰਨੂੰ, ਚਰਨਜੀਤ ਸਿੰਘ ਪੰਨੂ, ਸੁਰਜੀਤ ਸਖੀ, ਲਾਜ ਨੀਲਮ ਸੈਣੀ, ਹਰਭਜਨ ਢਿੱਲੋਂ, ਸੁਖਦੇਵ ਸਾਹਿਲ, ਕਵੀ ਐਸ਼, ਹਰਜਿੰਦਰ ਕੰਗ, ਡਾ. ਗੁਰਪ੍ਰੀਤ ਧੁੱਗਾ, ਗਗਨਦੀਪ ਮਾਹਲ, ਤਾਰਾ ਸਾਗਰ, ਪ੍ਰਿੰ ਹਜ਼ੂਰਾ ਸਿੰਘ ਅਤੇ ਮੁਕੇਸ਼ ਸ਼ਰਮਾ ਦੇ ਖਾਤੇ 'ਚ ਇਸ ਕਾਨਫਰੰਸ ਦੀ ਸਫ਼ਲਤਾ ਦਾ ਮਾਣ ਪਾਇਆ ਜਾ ਸਕਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

15 ਤੋਂ 21 ਨਵੰਬਰ, 2023

## ਜੋੜ ਮੇਲਿਆਂ ਦੀ ਪ੍ਰੰਪਰਾ ਅਤੇ ਬੰਦੀ ਛੋੜ ਦਿਵਸ

ਦੀਵਾਲੀ ਬਾਰੇ ਸਿੱਖ ਇਤਿਹਾਸ ਵਿੱਚ ਜਿਕਰ ਆਉਂਦਾ ਹੈ ਕਿ ਇਸ ਦਿਨ ਹੀ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਦੀ ਕੈਦ ਵਿਚੋਂ ਮੁਗਲ ਬਾਦਸ਼ਾਹ ਵੱਲੋਂ ਹਿੰਦੁਸਤਾਨ ਦੇ ਦੂਰ-ਦੂਰ ਦੇ ਇਲਾਕਿਆਂ ਵਿਚੋਂ ਬੰਦੀ ਬਣਾਏ ਰਾਜਿਆਂ ਸਮੇਤ ਸ੍ਰੀ ਅੰਮ੍ਰਿਤਸਰ ਪਹੁੰਚੇ ਸਨ। ਇਸ ਤੋਂ ਬਾਅਦ ਪਾਤਸ਼ਾਹ ਜੀ 'ਬੰਦੀ ਛੋੜ ਸਤਿਗੁਰੂ' ਅਖਵਾਏ। ਦੀਵਾਲੀ ਦੇ ਦਿਨ ਸਿੱਖ ਸੰਗਤ ਦੂਰ ਦੁਰਾਡੇ ਤੋਂ ਦਰਬਾਰ ਸਾਹਿਬ ਹਾਜ਼ਰੀ ਭਰਦੀ ਰਹੀ ਹੈ, ਸਿੱਖ ਮਿਸਲਾਂ ਇਸ ਦਿਨ ਉਪਰ ਇਕੱਤਰਤਾ ਕਰਕੇ ਗੁਰਮਤੇ ਸੋਧਿਆ ਕਰਦੀਆਂ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਖ਼ਾਲਸੇ ਨੂੰ ਚੱਕਰਵਰਤੀ, ਸਦਾ ਚੱਲਦੇ ਰਹਿਣ ਦੀ ਬਿਰਤੀ ਵਿੱਚ ਪਾਇਆ ਹੈ। ਭਾਵ ਕਦੇ ਵੀ ਟਿਕ ਕੇ ਨਾ ਬੈਠਣਾ ਅਤੇ ਧਰਮ ਹਿੱਤ ਕਾਰਜਾਂ ਲਈ ਸਦਾ ਯਤਨਸ਼ੀਲ ਅਤੇ ਗਤੀਸ਼ੀਲ ਰਹਿਣਾ। ਗੁਰੂ ਖਾਲਸਾ ਪੰਥ ਉਨ੍ਹਾਂ ਪੁਰਾਣੇ ਵੇਲਿਆਂ ਤੋਂ ਹੀ ਸਦਾ ਸੰਘਰਸ਼ਾਂ/ਮੁਹਿੰਮਾਂ ਵਿੱਚ ਰਿਹਾ। ਵੱਖੋ-ਵੱਖਰੀਆਂ ਮਿਸਲਾਂ ਆਪਣੇ ਇਲਾਕਿਆਂ ਵਿੱਚ ਸਰਗਰਮ ਰਹਿੰਦੀਆਂ ਪਰ ਮਿਸਲਾਂ ਨੇ ਇਕੱਠੇ ਬੈਠਣ ਲਈ ਸਾਲ ਵਿੱਚ ਕੁਝ ਦਿਨ ਅਤੇ ਸਥਾਨ ਮੁੱਕਰਰ ਕੀਤੇ ਹੁੰਦੇ ਸਨ ਜਿਥੇ ਮੌਜੂਦਾ ਹਲਾਤਾਂ ਉੱਪਰ ਵਿਚਾਰ ਚਰਚਾਵਾਂ ਹੁੰਦੀਆਂ ਸਨ ਤੇ ਗੁਰੂ ਖਾਲਸਾ ਪੰਥ ਦੇ ਸਾਂਝੇ ਫੈਸਲੇ (ਗੁਰਮਤੇ) ਸੋਧੇ ਜਾਂਦੇ ਸਨ। ਪੁਰਾਣੇ ਸਮਿਆਂ ਦੇ ਜਿਕਰ ਵਿੱਚ ਮਿਲਦਾ ਹੈ ਕਿ ਹੋਲੇ-ਮਹੱਲੇ ਵੇਲੇ ਅਨੰਦਪੁਰ ਸਾਹਿਬ, ਵਿਸਾਖੀ ਵੇਲੇ ਦਮਦਮਾ ਸਾਹਿਬ, ਦੁਸਹਿਰੇ ਵੇਲੇ ਹਜ਼ੂਰ ਸਾਹਿਬ, ਮਾਘੀ ਵੇਲੇ ਸ੍ਰੀ ਮੁਕਤਸਰ ਸਾਹਿਬ ਅਤੇ ਦੀਵਾਲੀ ਵੇਲੇ ਗੁਰੂ ਖਾਲਸਾ ਪੰਥ ਸ੍ਰੀ ਅੰਮ੍ਰਿਤਸਰ ਸਾਹਿਬ ਇਕੱਠਾ ਹੁੰਦਾ ਸੀ। ਹੁਣ ਵੀ ਸਿੱਖ ਸੰਗਤ ਇਨ੍ਹਾਂ ਅਸਥਾਨਾਂ ਉੱਪਰ ਇਸੇ ਦਿਨ ਹਾਜ਼ਰੀ ਭਰਦੀਆਂ ਅਤੇ ਵੱਡੀ ਗਿਣਤੀ ਵਿੱਚ ਜੁੜਦੀਆਂ ਹਨ, ਪਰ ਇਨ੍ਹਾਂ ਜੋੜ ਮੇਲਿਆਂ ਵਿੱਚ ਰਵਾਇਤ ਮੁਤਾਬਿਕ ਜੁੜਨ ਵਿੱਚ ਵੱਡਾ ਫਰਕ ਪਿਆ ਹੈ। ਇਨ੍ਹਾਂ ਜੋੜ ਮੇਲਿਆਂ ਵਿੱਚ ਰਵਾਇਤ ਮੁਤਾਬਿਕ ਧਾਰਮਿਕ ਦੀਵਾਨ ਵੀ ਸਜਦੇ ਸਨ ਅਤੇ ਸਿੱਖਾਂ ਦੇ ਜਥੇ ਇਕੱਠੇ ਹੋ ਕੇ ਰਾਜਨੀਤਕ ਅਤੇ ਕੂਟਨੀਤਕ ਪੱਖ ਤੋਂ 'ਗੁਰਮਤੇ' ਵੀ ਸੋਧਦੇ ਸਨ। ਇਹਨਾਂ ਫੈਸਲਿਆਂ ਕਰਕੇ ਹੀ ਸਿੱਖ ਮਿਸਲਾਂ ਜਾਲਮ ਮੁਗਲ ਹਕੂਮਤ ਅਤੇ ਨਾਦਰ ਸ਼ਾਹ/ਅਬਦਾਲੀ ਵਰਗੇ ਧਾੜਵੀਆਂ ਦੇ ਪੈਰ ਉਖੇੜ ਸਕੀਆਂ ਸਨ। ਹੁਣ ਵੀ ਲੋੜ ਹੈ ਕਿ ਸਿੱਖ ਜਥੇ ਗੁਰੂ ਖ਼ਾਲਸਾ ਪੰਥ ਨੂੰ ਦਰਪੇਸ਼ ਤਮਾਮ ਚੁਨੌਤੀਆਂ ਦੇ ਹੱਲ ਲਈ ਇਨ੍ਹਾਂ ਜੋੜ ਮੇਲਿਆਂ ਉਪਰ ਗੁਰਮਤੇ ਕਰਨ ਦੀ ਰਵਾਇਤ ਨੂੰ ਮੁੜ ਸੁਰਜੀਤ ਕਰਨ ਵੱਲ ਕਦਮ ਵਧਾਉਣ।

## ਨਸਲਕੁਸ਼ੀ ਦੇ 39 ਸਾਲ ਬਾਅਦ ਸਿੱਖ ਕਿਥੇ ਖੜੇ ?

ਬੀਤੇ ਸਮੇਂ ਵਿੱਚ ਨਵੰਬਰ ਬਾਰੇ ਬਹੁਤ ਸਾਰੀਆਂ ਕਿਤਾਬਾਂ ਅਤੇ ਦਸਤਾਵੇਜ਼ ਸਾਹਮਣੇ ਆਏ ਹਨ। ਜਿਸ ਵਿੱਚ ਇੰਡੀਆ ਪੱਧਰ 'ਤੇ ਸਿੱਖ ਨਸਲਕੁਸ਼ੀ ਦੀ ਵਿਆਪਕਤਾ ਦਾ ਪਤਾ ਚੱਲਦਾ ਹੈ। ਪਿਛਲੇ ਦਹਾਕਿਆਂ ਤੋਂ ਇੰਡੀਆ ਦੇ ਪ੍ਰਮੁੱਖ ਵੱਡੇ ਨਗਰਾਂ ਦਿੱਲੀ, ਕਾਨਪੁਰ ਅਤੇ ਬੋਕਾਰੋ ਵਿੱਚ ਹੀ ਸਿੱਖਾਂ ਦੇ ਕਤਲੇਆਮ ਬਾਰੇ ਲੋਕਾਂ ਨੂੰ ਪਤਾ ਸੀ। ਮੀਡੀਆ ਵੀ ਆਪਣੀ ਗੱਲ ਨੂੰ ਇਹਨਾਂ ਨਗਰਾਂ ਤੱਕ ਘਟਾ ਕੇ ਹੀ ਦਰਸਾਉਂਦਾ ਸੀ। ਸਿੱਖ ਹਮੇਸ਼ਾ ਤੋਂ ਹੀ ਟੁੱਟਵੇਂ ਤੌਰ 'ਤੇ ਭਾਰਤ ਦੇ ਹਰ ਹਿੱਸੇ ਵਿਚ ਕਤਲੇਆਮ ਦੀ ਗੱਲ ਸੁਣਾਉਂਦੇ ਰਹਿੰਦੇ ਸਨ ਪਰ ਹੁਣ ਇਹ ਗੱਲ ਗਵਾਹਾਂ ਅਤੇ ਸਬੂਤਾਂ ਸਮੇਤ ਸਿੱਖਾਂ ਵੱਲੋਂ ਲਿਆਂਦੀ ਗਈ ਹੈ ਕਿ ਇਹ ਨਸਲਕੁਸ਼ੀ ਭਾਰਤ ਦੇ ਹਰ ਸੂਬੇ ਵਿੱਚ ਕਰਨ ਦੀ ਕੋਸ਼ਿਸ਼ ਕੀਤੀ ਗਈ, ਉਹ ਗੱਲ ਵੱਖਰੀ ਹੈ ਕਿ ਬਿਪਰ ਕਿਤੇ ਵੱਧ ਅਤੇ ਕਿਤੇ ਘੱਟ ਨੁਕਸਾਨ ਕਰਨ ਵਿਚ ਸਫਲ ਹੋਇਆ।

ਬੀਤੇ ਦਿਨੀਂ ਨਵੰਬਰ 1984 ਦੀ ਸਿੱਖ ਨਸਲਕੁਸ਼ੀ ਨਾਲ ਸਬੰਧਿਤ ਕੁਝ ਪਰਿਵਾਰ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਮਿਲੇ ਜਿਸ ਦੌਰਾਨ ਉਨ੍ਹਾਂ ਨੇ ਸਰਕਾਰੀ ਨੌਕਰੀਆਂ ਵਿੱਚ ਕੁਝ ਹਿੱਸਾ ਰਾਖਵਾਂਕਰਨ, ਪੈਨਸ਼ਨਾਂ ਅਤੇ ਦੋਸ਼ੀਆਂ ਨੂੰ ਸਜਾਵਾਂ ਦੇਣ ਲਈ ਸਰਕਾਰ ਨੂੰ ਕਹਿਣ ਸਬੰਧੀ ਮੰਗ ਪੱਤਰ ਦਿੱਤਾ। ਪਿਛਲੇ ਦਹਾਕਿਆਂ ਤੋਂ ਸਿੱਖਾਂ ਦਾ ਇੱਕ ਹਿੱਸਾ ਇਸ ਨਸਲਕੁਸ਼ੀ ਨੂੰ ਜ਼ਖ਼ਮ ਦੇ ਤੌਰ 'ਤੇ ਗਿਣਦਾ ਰਿਹਾ ਹੈ ਅਤੇ ਖੁਦ ਨੂੰ ਪੀੜਤ ਵਜੋਂ ਜਣਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਤਾਂ ਕਿ ਭਾਰਤੀ ਅਦਾਲਤਾਂ ਰਾਹੀਂ ਇਨਸਾਫ ਹਾਸਲ ਕੀਤਾ ਜਾ ਸਕੇ। ਸਿੱਖਾਂ ਦਾ ਇਹ ਭਰਮ ਵੀ ਹੁਣ ਦੂਰ ਹੋ ਜਾਣਾ ਚਾਹੀਦਾ ਹੈ ਕਿ ਇਥੇ ਸਿੱਖਾਂ ਨੂੰ ਇਨਸਾਫ਼ ਮਿਲ ਸਕੇਗਾ, ਬਹੁਤੀਆਂ ਦਾ ਇਹ ਭੁਲੇਖਾ ਦੂਰ ਹੋਇਆ ਵੀ ਹੈ, ਇਸ ਲਈ ਵੱਡਾ ਹਿੱਸਾ ਹੁਣ ਸਿੱਖ ਨਸਲਕੁਸ਼ੀ ਦੇ ਇਨਸਾਫ ਦੀ ਗੱਲ ਕਰਦਾ ਹੀ ਨਹੀਂ। ਨਿਆਂ ਦੇ ਨੁਕਤੇ ਤੋਂ ਬੁਨਿਆਦੀ ਤੌਰ 'ਤੇ ਹੀ ਇਹ ਗੱਲ ਗ਼ਲਤ ਸੀ ਕਿ ਜਿਸ ਧਿਰ ਨੇ ਕਤਲੇਆਮ ਕੀਤਾ ਹੋਵੇ, ਉਸੇ ਤੋਂ ਹੀ ਇਨਸਾਫ ਦੀ ਆਸ ਰੱਖੀ ਜਾਵੇ। ਜਿੱਥੇ ਬਹੁਤ ਸਿੱਖਾਂ ਵੱਲੋਂ ਇਹ ਗੱਲ ਸਾਹਮਣੇ ਆਈ ਹੈ ਕਿ ਨਵੰਬਰ 1984 ਦੇ ਬਾਅਦ ਉਨ੍ਹਾਂ ਦਾ ਦਿੱਲੀ ਵਿੱਚ ਬਾਹਰ ਨਿਕਲਣਾ ਮੁਸ਼ਕਿਲ ਹੋ ਗਿਆ ਸੀ, ਉਨ੍ਹਾਂ ਨੂੰ ਆਪਣੇ ਘਰ ਦੇ ਜੀਅ ਗਵਾ ਕੇ ਵੀ ਨਿੱਤ ਲੋਕਾਂ ਵਲੋਂ ਮਿਹਣੇ ਸੁਣਨ ਨੂੰ ਮਿਲਦੇ ਸਨ, ਸਿੱਖਾਂ ਦੀ ਬਹਾਦਰੀ ਅਤੇ ਇਤਿਹਾਸ ਉਪਰ ਹਿੰਦੂ ਉਂਗਲਾਂ ਉਠਾਉਣ ਲੱਗੇ ਸਨ। ਇਸ ਕਤਲੇਆਮ ਦੇ ਇਨਸਾਫ ਵਜੋਂ ਸਿੱਖਾਂ ਨੂੰ ਆਪਣੇ ਉਨ੍ਹਾਂ ਨਾਇਕਾਂ ਦੀ ਮਿਹਨਤ ਨੂੰ ਯਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਦੇ ਆਸਰੇ ਉਹ ਦਿੱਲੀ, ਕਾਨਪੁਰ ਵਰਗੇ ਇੰਡੀਆ ਦੇ ਮਹਾਨਗਰਾਂ ਵਿਚ ਸਿਰ ਉੱਚਾ ਕਰਕੇ ਤੁਰ ਰਹੇ ਹਨ। ਜਿਨ੍ਹਾਂ ਨੇ ਉਸ ਵੇਲੇ ਹੀ ਇੰਡੀਆ ਦੇ ਪੱਖਪਾਤੀ ਕਾਨੂੰਨ ਨੂੰ ਸਮਝਦਿਆਂ ਦੋਸ਼ੀਆਂ ਨੂੰ ਸਜਾ ਦੇ ਕੇ ਨਰਕਾਂ ਨੂੰ ਤੋਰ ਦਿੱਤਾ ਸੀ ਅਤੇ ਬਾਕੀਆਂ ਨੂੰ ਦੱਸ ਦਿੱਤਾ ਸੀ ਕਿ ਸਤਿਗੁਰਾਂ ਦੇ ਬਚਨ ਮੁਤਾਬਿਕ ਜਦੋਂ ਬਾਕੀ ਨਿਆਂ ਦੇ ਦਰਵਾਜੇ ਬੰਦ ਹੋ ਜਾਂਦੇ ਹਨ, ਫੇਰ ਸਿਰਫ਼ ਖੜਗ ਹੀ ਇਨਸਾਫ ਦੇ ਸਕਦੀ ਹੈ।

ਇਸ ਨਸਲਕੁਸ਼ੀ ਦੇ ਜ਼ਖਮ ਅਤੇ ਪਸਾਰ ਸਿੱਖ ਮਨਾਂ ਵਿੱਚ ਬਹੁਤ ਗਹਿਰੇ ਹਨ। ਕਤਲੇਆਮ ਦੇ ਪੱਖ ਤੋਂ ਜੋ ਦਰਿੰਦਗੀ ਹੋਈ, ਉਸ ਦਾ ਬਹੁਤਾ ਵਰਨਣ ਠੀਕ ਨਹੀਂ। ਕਿਸੇ ਧਿਰ ਦੇ ਔਗੁਣ ਚਿਤਾਰਨ ਨਾਲੋਂ ਸਿੱਖਾਂ ਨੂੰ ਆਪਣੇ ਉਨ੍ਹਾਂ ਗੁਣਾਂ ਦੀ ਗੱਲ ਕਰਨੀ ਚਾਹੀਦੀ ਹੈ, ਜਿਸ ਦੀ ਬਦੌਲਤ ਉਹ ਅਜਿਹੀਆਂ ਭਿਆਨਕ ਨਸਲਕੁਸ਼ੀਆਂ ਦੇ ਵਰਤਾਰੇ ਵਿਚੋਂ ਬਚ ਨਿਕਲੇ। ਕਤਲੇਆਮ ਦੀ ਗੱਲ ਸੁਚੇਤਤਾ ਦੇ ਪੱਖ ਤੋਂ ਹੋਣੀ ਚਾਹੀਦੀ ਹੈ ਕਿ ਕਿਸ ਤਰ੍ਹਾਂ ਇੱਕ ਕੌਮ ਉਪਰ ਦੂਸਰੇ ਹਮਲਾਵਰ ਹੋ ਸਕਦੇ ਹਨ, ਭਾਵੇਂ ਆਮ ਹਲਾਤਾਂ ਵਿੱਚ ਅਜਿਹੀ ਕੋਈ ਗੱਲ ਸੋਚੀ ਵੀ ਨਹੀਂ ਜਾ ਸਕਦੀ। ਅਜਿਹੇ ਵਰਤਾਰੇ ਕੌਮਾਂ ਲਈ ਵੱਡੀ ਜਾਇਦਾਦ ਹੁੰਦੇ ਹਨ, ਜਿਥੇ ਇਹ ਦੇਖਣ ਨਾਲੋਂ ਕਿ ਦੂਸਰੇ ਨੇ ਸਾਡੇ ਨਾਲ ਕੀ ਕੀਤਾ, ਇਹ ਦੇਖਣਾ ਅਹਿਮ ਹੁੰਦਾ ਹੈ ਕਿ ਉਦੋਂ ਅਸੀਂ ਕੀ ਸਹੀ ਕੀਤਾ ਅਤੇ ਕੀ ਸਹੀ ਨਹੀਂ ਕੀਤਾ ਤੇ ਭਵਿੱਖ ਲਈ ਸਾਡੀ ਕੀ ਤਿਆਰੀ ਚਾਹੀਦੀ ਹੈ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਹਵਾ ਪ੍ਰਦੂਸ਼ਣ, ਸਭ ਤੋਂ ਵੱਡਾ ਹਤਿਆਰਾ



ਗੁਰਮੀਤ ਸਿੰਘ ਪਲਾਹੀ
9815802070



ਦਿੱਲੀ 'ਚ ਪ੍ਰਦੂਸ਼ਿਤ ਹਵਾ ਨੇ ਸਥਿਤੀ ਗੰਭੀਰ ਬਣਾ ਦਿੱਤੀ ਹੈ। ਹਰ ਵਰ੍ਹੇ ਦਿੱਲੀ ਗੈਸ ਚੈਂਬਰ ਬਣਦੀ ਹੈ। ਹਰ ਵਰ੍ਹੇ ਹਾਹਾਕਾਰ ਮੱਚਦੀ ਹੈ। ਹਰ ਵਰ੍ਹੇ ਸਰਕਾਰਾਂ ਹਵਾ ਪ੍ਰਦੂਸ਼ਣ ਰੋਕਣ ਲਈ ਯਤਨ ਕਰਨ ਦਾ ਵਾਇਦਾ ਕਰਦੀਆਂ ਹਨ। ਪਰ ਜਦੋਂ ਪ੍ਰਦੂਸ਼ਣ ਥੋੜ੍ਹਾ ਥੰਮਦਾ ਹੈ, ਮੁੜ ਅਫ਼ਸਰਸ਼ਾਹੀ, ਸਿਆਸਤਦਾਨ ਚੁੱਪ ਕਰ ਜਾਂਦੇ ਹਨ ਅਤੇ ਲੋਕਾਂ ਨੂੰ ਉਹਨਾ ਦੇ ਰਹਿਮੋ-ਕਰਮ 'ਤੇ ਛੱਡ ਦਿੰਦੇ ਹਨ।

ਪਰਾਲੀ ਸਾੜੇ ਜਾਣ ਕਾਰਨ ਪੰਜਾਬ ਦੀ ਹਵਾ 'ਚ ਜ਼ਹਿਰ ਘੁਲ ਗਿਆ ਹੈ ਅਤੇ ਧੁਆਂਖੀ ਧੁੰਦ ਕਾਰਨ ਸਾਹ ਲੈਣਾ ਵੀ ਔਖਾ ਹੈ। ਪੰਜਾਬ 'ਚ ਹਵਾ ਗੁਣਵੱਤਾ ਅੰਕ 375 ਤੱਕ ਦਰਜ਼ ਕੀਤਾ ਗਿਆ। ਮਾਹਿਰਾਂ ਅਤੇ ਡਾਕਟਰਾਂ ਅਨੁਸਾਰ ਕਿਸੇ ਵੀ ਸਿਹਤਮੰਦ ਵਿਅਕਤੀ ਲਈ ਹਵਾ ਗੁਣਵੱਤਾ ਸੂਚਕ ਅੰਕ 50 ਤੋਂ ਘੱਟ ਹੋਣਾ ਚਾਹੀਦਾ ਹੈ।

ਹਵਾ ਪ੍ਰਦੂਸ਼ਣ ਦੇ ਮਾਮਲੇ 'ਤੇ ਸਿਆਸਤ ਵੀ ਗਰਮਾਈ ਹੋਈ ਹੈ। ਦਿੱਲੀ ਵਲੋਂ ਖ਼ਬਰਾਂ ਆ ਰਹੀਆਂ ਹਨ ਕਿ ਪੰਜਾਬ 'ਚ ਵੱਧ ਰਹੀਆਂ ਪਰਾਲੀ ਸਾੜਨ ਦੀਆਂ ਘਟਨਾਵਾਂ ਕਾਰਨ ਦਿੱਲੀ 'ਚ ਪ੍ਰਦੂਸ਼ਣ ਵਧਿਆ ਹੈ, ਹਾਲਾਂਕਿ ਇਸ ਵਰ੍ਹੇ 15 ਸਤੰਬਰ ਤੋਂ 5 ਨਵੰਬਰ ਤੱਕ ਪਰਾਲੀ ਸਾੜਨ ਦੀਆਂ ਜੋ ਘਟਨਾਵਾਂ ਵਾਪਰੀਆਂ, ਉਹ ਪਿਛਲੇ ਸਾਲ ਵਾਪਰੀਆਂ 29400 ਦੀਆਂ ਘਟਨਾਵਾਂ ਤੋਂ 41 ਫ਼ੀਸਦੀ ਘੱਟ ਹਨ। ਪੰਜਾਬ ਸਰਕਾਰ ਦੇ ਅਫ਼ਸਰ ਤੇ ਮਾਹਿਰ ਕਹਿੰਦੇ ਹਨ ਕਿ ਪਿਛਲੇ ਇੱਕ ਹਫ਼ਤੇ ਤੋਂ ਹਵਾ ਦੀ ਰਫ਼ਤਾਰ 1.1 ਕਿਲੋਮੀਟਰ ਪ੍ਰਤੀ ਘੰਟਾ ਰਹੀ ਹੈ। ਹਵਾ ਦੀ ਇੰਨੀ ਘੱਟ ਰਫ਼ਤਾਰ ਨਾਲ ਪਰਾਲੀ ਦੇ ਕਿਸੇ ਹੋਰ ਸੂਬੇ ਤੱਕ ਪਹੁੰਚਣਾ ਮੁਸ਼ਕਲ ਹੈ। ਪ੍ਰਦੂਸ਼ਣ ਨੂੰ ਦੂਰ ਤੱਕ ਪਹੁੰਚਣ ਲਈ 6 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਦੀ ਲੋੜ ਹੁੰਦੀ ਹੈ। ਮਾਹਿਰ ਇਹ ਵੀ ਕਹਿੰਦੇ ਹਨ ਕਿ ਤਾਪਮਾਨ ਦੀ ਗਿਰਾਵਟ ਅਤੇ ਹਵਾ ਦੀ ਗਤੀ ਦੀ ਕਮੀ ਕਾਰਨ ਪਰਾਲੀ ਦਾ ਪ੍ਰਦੂਸ਼ਣ ਸਿਰਫ਼ ਪੰਜਾਬ 'ਚ ਹੀ ਰਹਿ ਗਿਆ ਹੈ। ਇਸ ਕਰਕੇ ਇਥੋਂ ਦੇ ਸ਼ਹਿਰਾਂ 'ਚ ਹਵਾ ਦੀ ਗੁਣਵੱਤਾ ਬਠਿੰਡਾ 'ਚ 375, ਮੰਡੀ ਗੋਬਿੰਦਗੜ੍ਹ 'ਚ 291 ਅਤੇ ਲੁਧਿਆਣਾ 'ਚ 243 ਦਰਜ ਕੀਤੀ ਗਈ ਹੈ।

ਉਪਰਲੀ, ਹੇਠਲੀ ਸਰਕਾਰ ਦਰਮਿਆਨ ਕਸ਼ਮਕਸ਼ ਜਾਰੀ ਹੈ, ਪਰ ਪੀੜਤ ਲੋਕਾਂ ਲਈ ਰਾਹਤ ਦੇਣ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਆਰਜ਼ੀ ਪ੍ਰਬੰਧ ਜਿਸ ਵਿੱਚ ਵਾਹਨਾਂ ਨੂੰ ਟਾਂਕ, ਜਿਸਤ ਅਨੁਸਾਰ ਚਲਾਕੇ, ਸਕੂਲ ਬੰਦ ਕਰਕੇ ਡੰਗ ਟਪਾਉਣ ਦਾ ਯਤਨ, ਇਸ ਮੁਸੀਬਤ ਤੋਂ ਨਿਕਲਣ ਦਾ ਰਾਹ ਸ਼ਾਇਦ ਸਰਕਾਰਾਂ ਸਮਝਦੀਆਂ ਹਨ।

ਭਾਰਤ ਵਿੱਚ ਹਵਾ ਪ੍ਰਦੂਸ਼ਣ ਦਾ ਪੱਧਰ ਵਿਸ਼ਵ ਭਰ 'ਚ ਸਭ ਤੋਂ ਜ਼ਿਆਦਾ ਹੈ। ਇਹ ਪ੍ਰਦੂਸ਼ਣ ਦੇਸ਼ ਦੀ ਸਿਹਤ ਲਈ ਸਭ ਤੋਂ ਵੱਧ ਖਤਰਾ ਹੈ। ਭਾਰਤ ਵਿੱਚ ਲਗਭਗ ਪੂਰੀ ਆਬਾਦੀ ਆਪਣੇ ਚਾਰੇ ਪਾਸਿਆਂ ਤੋਂ ਹਾਨੀਕਾਰਕ ਪੱਧਰ 'ਤੇ ਹੈ ਮੌਜੂਦਾ ਪੀ.ਐਮ. 2.5 ਕਣਾਂ ਦੇ ਸੰਪਰਕ ਵਿੱਚ ਹੈ, ਜੋ ਸਭ ਤੋਂ ਵੱਧ ਖਤਰਨਾਕ ਹਵਾ ਪ੍ਰਦੂਸ਼ਕ ਹੈ ਅਤੇ ਵੱਖੋ-ਵੱਖਰੇ ਸਰੋਤਾਂ ਤੋਂ ਨਿਕਲਕੇ ਹਵਾ ਵਿੱਚ ਫੈਲ ਰਿਹਾ ਹੈ। ਪਰ ਕੇਂਦਰ ਸਰਕਾਰ ਵੱਲੋਂ ਇਸ ਪ੍ਰਦੂਸ਼ਣ ਨੂੰ ਰੋਕਣ ਲਈ ਉਪਰਾਲੇ ਨਾਂਹ ਹੋਣ ਬਰਾਬਰ ਹਨ। ਉਂਝ ਜਿੰਨੇ ਵੀ ਯਤਨ ਦੇਸ਼ ਨੂੰ ਸਾਫ਼ ਰੱਖਣ ਤੇ ਪ੍ਰਦੂਸ਼ਣ ਘਟਾਉਣ ਲਈ ਹੋਏ ਹਨ, ਉਹ ਸਿਰਫ ਕਾਗਜਾਂ 'ਚ ਹੀ ਦਿਸਦੇ ਹਨ। ਜੋ ਕਾਨੂੰਨ ਗੰਦਗੀ, ਪ੍ਰਦੂਸ਼ਣ ਰੋਕਣ ਲਈ ਬਣੇ ਹਨ, ਉਹ ਲਾਗੂ ਨਹੀਂ ਹੋ ਰਹੇ।

ਸਾਲ 2013 ਤੋਂ 2021 ਤੱਕ ਦੁਨੀਆ 'ਚ 59.1 ਫੀਸਦੀ ਤੱਕ ਹਵਾ ਦਾ ਪ੍ਰਦੂਸ਼ਣ ਵਧਿਆ ਹੈ। ਇਸੇ ਲਈ ਹਵਾ ਪ੍ਰਦੂਸ਼ਣ ਮਨੁੱਖੀ ਸਿਹਤ ਲਈ ਦੁਨੀਆ ਭਰ 'ਚ ਵੱਡਾ ਖਤਰਾ ਹੈ। ਇਹ ਖ਼ਤਰਾ ਦੁਨੀਆ ਭਰ 'ਚ ਬਰਾਬਰ ਪੱਧਰ 'ਤੇ ਨਹੀਂ ਹੈ। ਬੰਗਲਾ ਦੇਸ਼, ਭਾਰਤ, ਪਾਕਿਸਤਾਨ, ਚੀਨ, ਨਾਈਜੀਰੀਆ ਅਤੇ ਇੰਡੋਨੇਸ਼ੀਆ ਸਭ ਤੋਂ ਵੱਧ ਪ੍ਰਦੂਸ਼ਤ ਦੇਸ਼ ਹਨ। ਵਿਸ਼ਵ ਸਿਹਤ ਸੰਗਠਨ ਦੀ ਇੱਕ ਰਿਪੋਰਟ ਅਨੁਸਾਰ ਜੇਕਰ ਹਵਾ ਪ੍ਰਦੂਸ਼ਣ ਨੂੰ ਰੋਕਣ ਲਈ ਸਾਂਝੇ ਯਤਨ ਹੋਣ ਤਾਂ ਹਰ ਵਿਅਕਤੀ ਦੀ ਉਮਰ ਔਸਤਨ 23 ਵਰ੍ਹੇ ਵਧ ਸਕਦੀ ਹੈ ਅਤੇ ਕਰੋੜਾਂ ਲੋਕਾਂ ਨੂੰ ਪ੍ਰਤੀ ਸਾਲ ਮੌਤ ਦੇ ਮੂੰਹ ਜਾਣ ਤੋਂ ਰੋਕਿਆ ਜਾ ਸਕਦਾ ਹੈ।

ਅਫਰੀਕਾ ਅਤੇ ਏਸ਼ੀਆ ਖਿਤੇ ਵਿੱਚ ਬੁਨਿਆਦੀ ਢਾਂਚੇ ਦੀ ਘਾਟ ਹੈ। ਇਸੇ ਕਰਕੇ ਇਥੇ ਪ੍ਰਦੂਸ਼ਣ ਵੱਧ ਹੈ। ਹਵਾ ਪ੍ਰਦੂਸ਼ਣ ਰੋਕਣ ਲਈ ਵੀ ਇਸ ਖਿੱਤੇ 'ਚ ਖ਼ਾਸ ਯਤਨ ਨਹੀਂ ਹੋ ਰਹੇ। ਐਚ.ਆਈ.ਬੀ. ਏਡਜ਼, ਮਲੇਰੀਆ, ਤਪਦਿਕ ਜਿਹੇ ਰੋਗਾਂ ਨੂੰ ਰੋਕਣ ਲਈ ਤਾਂ ਦੁਨੀਆ ਕੋਲ ਵੱਡੇ ਫੰਡ ਹਨ। ਹਰ ਸਾਲ ਚਾਰ ਅਰਬ ਅਮਰੀਕੀ ਡਾਲਰ ਇਹਨਾ ਬੀਮਾਰੀਆਂ ਨੂੰ ਰੋਕਣ ਲਈ ਖ਼ਰਚੇ ਜਾਂਦੇ ਹਨ ਪਰ ਹਵਾ ਪ੍ਰਦੂਸ਼ਣ ਰੋਕਣ ਲਈ ਸਿਰਫ਼ ਤਿੰਨ ਅਰਬ ਅਮਰੀਕੀ ਡਾਲਰ ਹੀ ਉਪਲਬੱਧ ਹੁੰਦੇ ਹਨ। ਚੀਨ ਅਤੇ ਭਾਰਤ ਲਈ ਇਹ ਹਿੱਸਾ ਸਿਰਫ਼ 14 ਲੱਖ ਅਮਰੀਕੀ ਡਾਲਰ ਹੈ, ਜਦਕਿ ਯੂਰਪ, ਅਮਰੀਕਾ ਅਤੇ ਕੈਨੇਡਾ ਲਈ 3.4 ਕਰੋੜ ਅਮਰੀਕੀ ਡਾਲਰ ਉਪਲਬੱਧ ਹੁੰਦੇ ਹਨ।

ਇਹੋ ਕਾਰਨ ਹੈ ਕਿ 2019 ਵਿੱਚ ਦੁਨੀਆ ਭਰ 'ਚ 90 ਲੱਖ ਲੋਕ ਪ੍ਰਦੂਸ਼ਣ ਕਾਰਨ ਆਪਣੀ ਜੀਵਨ ਯਾਤਰਾ ਸਮੇਂ ਤੋਂ ਪਹਿਲਾ ਪੂਰੀ ਕਰ ਗਏ। ਇੰਜ ਹਵਾ ਪ੍ਰਦੂਸ਼ਣ ਕਾਰਨ 66.7 ਲੱਖ ਲੋਕਾਂ ਦੀ ਮੌਤ ਹੋਈ, 17 ਲੱਖ ਲੋਕਾਂ ਦੀ ਮੌਤ ਰਸਾਇਣਾਂ ਦੀ ਵਰਤੋਂ ਕਾਰਨ ਹੋਈ। ਇਹਨਾ ਵਿੱਚ ਮੌਤਾਂ ਦੀ ਵੱਡੀ ਗਿਣਤੀ ਦੁਨੀਆ ਦੇ ਦੋ ਵੱਡੀ ਆਬਾਦੀ ਵਾਲੇ ਦੇਸ਼ਾਂ ਚੀਨ ਅਤੇ ਭਾਰਤ ਵਿੱਚ ਦਰਜ਼ ਹੋਈ।

ਦੇਸ਼ ਭਾਰਤ ਦੇ ਹਾਲਾਤ ਤਾਂ ਬਹੁਤ ਮਾੜੇ ਹਨ। ਹਵਾ ਪ੍ਰਦੂਸ਼ਣ ਦੇ ਕਾਰਨ 2019 ਵਿੱਚ 17 ਲੱਖ ਭਾਰਤੀ ਮਰੇ। ਭਾਰਤ ਵਿੱਚ ਕਰੀਬ 67.4 ਫੀਸਦੀ ਆਬਾਦੀ ਉਹਨਾਂ ਪ੍ਰਦੂਸ਼ਿਤ ਖੇਤਰਾਂ ਵਿੱਚ ਵਸਦੀ ਹੈ, ਜਿਥੇ ਸਲਾਨਾ ਔਸਤ ਦਾ ਪ੍ਰਦੂਸ਼ਣ ਪੱਧਰ ਬਹੁਤ ਜ਼ਿਆਦਾ ਹੁੰਦਾ ਹੈ। ਹਵਾ ਪ੍ਰਦੂਸ਼ਣ ਕਾਰਨ ਦਿਲ ਦੇ ਰੋਗਾਂ ਦੀਆਂ ਬਿਮਾਰੀਆਂ ਭਾਰਤੀਆਂ ਦੀ ਉਮਰ ਘਟਾ ਰਹੀਆਂ ਹਨ। ਬੱਚਿਆਂ ਦੇ ਕੁਪੋਸ਼ਣ ਕਾਰਨ ਲਗਭਗ 4.5 ਸਾਲ ਅਤੇ ਔਰਤਾਂ ਦੇ ਕੁਪੋਸ਼ਣ ਕਾਰਨ ਉਹਨਾਂ ਦੀ ਉਮਰ ਦੇ 1.8 ਸਾਲ ਤੱਕ ਘੱਟ ਹੋਏ ਹਨ।

ਕੰਮ ਦੀ ਭਾਲ ਵਿੱਚ ਪੇਂਡੂ ਖੇਤਰਾਂ ਤੋਂ ਸ਼ਹਿਰਾਂ ਵੱਲ ਲੋਕ ਪ੍ਰਵਾਸ ਕਰਦੇ ਹਨ। ਸ਼ਹਿਰਾਂ 'ਚ ਜਨਸੰਖਿਆ ਵਧਦੀ ਹੈ। ਵੱਧ ਤੋਂ ਵੱਧ ਲੋਕ ਖਾਣਾ ਪਕਾਉਣ ਲਈ ਲੱਕੜ ਅਤੇ ਧੂੰਆਂ ਪੈਦਾ ਕਰਨ ਵਾਲੇ ਹੋਰ ਸਾਧਨਾਂ ਦੀ ਵਰਤੋਂ ਕਰਦੇ ਹਨ। ਇਸ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ। ਉਦਯੋਗ ਧੰਦੇ ਵੀ ਸ਼ਹਿਰਾਂ ਵਿੱਚ ਵਧ ਪ੍ਰਦੂਸ਼ਣ ਵਧਾਉਂਦੇ ਹਨ। ਸ਼ਹਿਰਾਂ ਵਿੱਚ ਹਵਾ ਪ੍ਰਦੂਸ਼ਣ ਵਧਾਉਣ ਦੇ ਕਾਰਕਾਂ ਵਿੱਚ ਟਰੱਕ, ਚਾਰ ਪਹੀਏ ਵਪਾਰਕ ਵਾਹਨ, ਉਦਯੋਗਾਂ ਤੋਂ ਨਿਕਲਣ ਵਾਲੀ ਗੰਦੀ ਹਵਾ ਹੈ। ਇਸ ਕਾਰਨ ਮਰਨ ਵਾਲਿਆਂ ਦੀ ਗਿਣਤੀ 'ਚ 55 ਫੀਸਦੀ ਵਾਧਾ ਵੇਖਣ ਨੂੰ ਮਿਲਿਆ ਹੈ।

ਦੀ ਲਾਂਸੇਟ ਦੀ ਇੱਕ ਰਿਪੋਰਟ ਪੜ੍ਹਨ ਵਾਲੀ ਹੈ। ਇਹ ਰਿਪੋਰਟ ਕਹਿੰਦੀ ਹੈ ਕਿ ਕੁੱਲ ਪ੍ਰਦੂਸਣ ਤੋਂ ਹੋਣ ਵਾਲੀਆਂ ਮੌਤਾਂ ਦੇ ਲਈ ਦੁਨੀਆਂ ਦੇ ਦਸ ਦੇਸ਼ ਜ਼ਿੰਮੇਵਾਰ ਹਨ। ਇਹ ਦਸ ਦੇਸ਼ ਪੂਰੀ ਤਰ੍ਹਾਂ ਉਦਯੋਗਿਕ ਦੇਸ਼ ਹਨ। ਇਹਨਾਂ ਦੇਸ਼ਾਂ ਵਿੱਚ ਫਰਾਂਸ, ਜਰਮਨੀ, ਬਰਤਾਨੀਆ, ਇਟਲੀ, ਨੀਦਰਲੈਂਡ, ਸਾਊਥ ਕੋਰੀਆ, ਸਵਿਟੱਜਰਲੈਂਡ, ਅਮਰੀਕਾ, ਜਪਾਨ, ਰੂਸ, ਸ਼ਾਮਲ ਹਨ। ਇਹਨਾਂ ਦੇਸ਼ਾਂ ਦੇ ਲਿੱਡ-ਏਸਿਡ ਬੈਟਰੀ ਅਤੇ ਈ-ਕਚਰੇ ਦੇ ਪੂਰਨ ਨਿਰਮਾਣ ਚੱਕਰ ਕਾਰਨ ਜਦੋਂ ਬਹੁਤੇ ਲੋਕ ਇਸਦੇ ਕਿਸੇ ਵੀ ਹਾਲਤ 'ਚ ਸੰਪਰਕ ਵਿੱਚ ਆਉਂਦੇ ਹਨ ਤਾਂ ਮਨੁੱਖੀ ਧਮਣੀਆਂ ਸਖ਼ਤ ਹੋ ਜਾਂਦੀਆਂ ਹਨ, ਦਿਲ ਦੇ ਰੋਗ ਵਧਦੇ ਹਨ। ਦਿਮਾਗੀ ਵਿਕਾਸ ਰੁਕਦਾ ਹੈ। ਦਿਲ ਦੇ ਰੋਗਾਂ ਨਾਲ ਮੌਤ ਹੋ ਜਾਂਦੀ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਇਹ ਦਸ ਵੱਡੇ ਦੇਸ਼ ਖ਼ਾਸ ਕਰਕੇ ਅਮਰੀਕਾ ਪ੍ਰਦੂਸ਼ਣ ਰੋਕਣ ਲਈ ਬਣਾਏ ਫੰਡ ਵਿੱਚ ਕੋਈ ਵੱਡੀ ਰਕਮ ਨਹੀਂ ਦਿੰਦਾ, ਜਿਸ ਨਾਲ ਡਵਲਯੂ.ਐਚ.ਓ. (ਵਿਸ਼ਵ ਸਿਹਤ ਸੰਗਠਨ) ਦੇ ਹਵਾ ਪ੍ਰਦੂਸ਼ਣ ਰੋਕਣ ਵਾਲੇ ਪ੍ਰਾਜੈਕਟਾਂ ਨੂੰ ਸਫਲਤਾਪੂਰਵਕ ਲਾਗੂ ਨਹੀਂ ਕੀਤਾ ਜਾ ਸਕਦਾ ਹੈ।

ਵਿਸ਼ਵ ਸਿਹਤ ਸੰਗਠਨ ਅਨੁਸਾਰ ਹਵਾ ਪ੍ਰਦੂਸ਼ਣ ਦੇ 10 ਕਾਰਕ ਗਿਣੇ ਹਨ, ਜਿਹਨਾਂ ਵਿੱਚ ਉਦਯੋਗਾਂ ਤੋਂ ਪੈਦਾ ਗੰਦਲੀ ਹਵਾ, ਜੰਗਲਾਂ ਵਿੱਚ ਅੱਗ, ਘਰਾਂ ਅੰਦਰ ਹਵਾ ਪ੍ਰਦੂਸ਼ਣ, ਈਂਧਣ ਦਾ ਅਧੂਰਾ ਜਲਣ, ਵਾਹਨਾਂ ਵੱਲੋਂ ਪੈਦਾ ਧੂੰਆਂ, ਕਚਰੇ ਦਾ ਖੁੱਲ੍ਹੇ ਵਿੱਚ ਜਾਲਣਾ, ਖੇਤੀ ਸਬੰਧੀ ਗਤੀਵਿਧੀਆਂ, ਰਸਾਇਣ ਅਤੇ ਸਿੰਥੈਟਿਕ ਉਤਪਾਦਾਂ ਦੀ ਵਰਤੋਂ ਆਦਿ ਹਨ। ਇਹ ਪ੍ਰਦੂਸ਼ਣ ਸਾਫ਼ ਹਵਾ ਗੰਦਲੀ ਕਰਦੇ ਹਨ। ਇੰਜ ਹਵਾ ਪ੍ਰਦੂਸ਼ਣ ਨਾਲ ਸਾਹ ਲੈਣ 'ਚ ਤੰਗੀ ਹੁੰਦੀ ਹੈ।

ਹਵਾ ਪ੍ਰਦੂਸ਼ਕਾਂ ਨੂੰ ਅਸੀਂ ਆਪਣੀ ਨੰਗੀ ਅੱਖ ਨਾਲ ਨਹੀਂ ਵੇਖ ਸਕਦੇ, ਇਸ ਲਈ ਸਾਨੂੰ ਵਧਦੇ ਪ੍ਰਦੂਸ਼ਣ ਦੇ ਪੱਧਰ ਦਾ ਅਹਿਸਾਸ ਨਹੀਂ ਹੁੰਦਾ। ਪਰ ਇਹ ਹਵਾ ਪ੍ਰਦੂਸ਼ਕਾਂ ਦੀ ਵਧਦੀ ਸੰਖਿਆ ਤਾਜੀ, ਸਾਫ਼ ਸੁਥਰੀ ਹਵਾ ਵਿੱਚ ਸਾਹ ਲੈਣਾ ਲਗਭਗ ਅਸੰਭਵ ਬਣਾ ਦਿੰਦੀ ਹੈ। ਅੱਜ ਦੇ ਸਮੇਂ ਹਵਾ ਪ੍ਰਦੂਸ਼ਣ ਸਭ ਤੋਂ ਵੱਡਾ ਹਤਿਆਰਾ ਹੈ।

ਦਿੱਲੀ 'ਚ ਵਧ ਰਹੇ ਹਵਾ ਪ੍ਰਦੂਸ਼ਣ ਲਈ ਭਾਵੇਂ ਗੁਆਂਢੀ ਰਾਜਾਂ ਨੂੰ ਦੋਸ਼ ਦਿੱਤਾ ਜਾ ਰਿਹਾ ਹੈ, ਪਰ ਦਿੱਲੀ ਹਰ ਦਿਨ 9500 ਟਨ ਕਚਰਾ ਪੈਦਾ ਕਰਦੀ ਹੈ। ਇਹ ਕਚਰਾ ਖੁੱਲ੍ਹੇਆਮ ਜਲਾਉਣ ਨਾਲ ਹਵਾ ਵਿੱਚ ਬਲੈਕ ਕਾਰਬਨ, ਕਾਲਖ ਆਦਿ ਜਿਹੇ ਪਦਾਰਥ ਪੈਦਾ ਹੁੰਦੇ ਹਨ, ਜਿਹੜੇ ਸਾਹ ਦੀਆਂ ਬਿਮਾਰੀਆਂ, ਦਮਾ, ਦਿਲ ਦੇ ਰੋਗ ਆਦਿ ਪੈਦਾ ਕਰਦੇ ਹਨ। ਦਿੱਲੀ 'ਚ ਕਿਉਂਕਿ ਜਨ ਸੰਖਿਆ ਨਿੱਤ ਪ੍ਰਤੀ ਵਧ ਰਹੀ ਹੈ, ਨਿਰਮਾਣ ਵਧ ਰਿਹਾ ਹੈ। ਨਿਰਮਾਣ ਥਾਵਾਂ ਉਤੇ ਇੱਟਾਂ, ਕੰਕਰੀਟ ਜਿਹੇ ਕੱਚੇ ਮਾਲ ਨਾਲ ਧੂੰਦ, ਬਦਬੂ ਪੈਦਾ ਹੁੰਦੀ ਹੈ ਜਿਹੜੀ ਬੱਚਿਆਂ, ਬਜ਼ੁਰਗਾਂ ਦੀ ਸਿਹਤ ਲਈ ਅਤਿਅੰਤ ਹਾਨੀਕਾਰਕ ਹੈ।

ਦਿੱਲੀ 'ਚ ਵਾਹਨਾਂ ਦੀ ਗਿਣਤੀ 'ਚ ਵਾਧਾ ਪ੍ਰਦੂਸ਼ਣ ਪੈਦਾ ਕਰਦਾ ਹੈ। ਸੜਕਾਂ 'ਤੇ ਕਾਰਾਂ ਦੀ ਗਿਣਤੀ ਵਧ ਰਹੀ ਹੈ। ਜਦੋਂ ਕਾਰ ਗੈਸੋਲੀਨ ਜਲਾਉਂਦੀ ਹੈ ਤਾਂ ਹਵਾ ਵਿੱਚ ਪ੍ਰਦੂਸ਼ਣ ਪੈਦਾ ਕਰਦੀ ਹੈ, ਜੋ ਇੱਕ ਦਿਨ ਵਿੱਚ 10 ਸਿਗਰਟਾਂ ਪੀਣ ਦੇ ਬਰਾਬਰ ਹਾਨੀਕਾਰਕ ਹੈ। ਸਾਡਾ ਵਾਹਨ ਕਾਰਬਨ ਮੋਨੋਆਕਸਾਈਡ, ਹਾਈਡ੍ਰੋਕਾਰਬਨ, ਨਾਈਟ੍ਰੋਜਨ ਆਕਸਾਈਡ, ਪੀ.ਐਮ. 2.5 ਅਤੇ ਪੀ.ਐਮ. 10 (ਪਾਰਟੀਕੁਲੇਟ ਮੈਟਰ) ਪੈਦਾ ਕਰਦਾ ਹੈ।

ਦਿੱਲੀ ਦੀ ਵਧਦੀ ਆਬਾਦੀ, ਇਨਡੋਰ ਪ੍ਰਦੂਸ਼ਣ ਦਾ ਕਾਰਨ ਹੈ। ਕਮਰੇ ਦੇ ਅੰਦਰ ਸਿਗਰਟਨੋਸ਼ੀ, ਰਸੋਈ ਘਰ 'ਚ ਜਾਂ ਕਮਰੇ 'ਚ ਲੱਕੜਾਂ, ਕੋਲੇ ਦਾ ਜਲਣਾ ਹਵਾ ਪ੍ਰਦੂਸ਼ਣ ਦਾ ਕਾਰਨ ਹੈ। ਸਾਲ 2018 ਦੀ ਇੱਕ ਰਿਪੋਰਟ ਅਨੁਸਾਰ ਨਮੋਨੀਆ, ਘਰ ਵਿੱਚ ਹਵਾ ਪ੍ਰਦੂਸ਼ਣ ਨਾਲ ਹੁੰਦਾ ਹੈ,

**(ਬਾਕੀ ਸਫ਼ਾ 31 'ਤੇ)**

# ਪੰਜਾਬੀਆਂ ਨੂੰ ਅਰਥਹੀਨ ਮਿਥਾਂ ਤੋਂ ਪਰੇ ਹਟਣ ਦੀ ਜ਼ਰੂਰਤ

ਬ੍ਰਹਮ ਜਗਦੀਸ਼ ਸਿੰਘ

ਪਿਛਲੀਆਂ ਇੱਕ-ਦੋ ਸਦੀਆਂ ਵਿੱਚ ਜਦੋਂ ਤੋਂ ਭਾਰਤਵਾਸੀਆਂ ਨੇ ਪ੍ਰਵਾਸ ਹੰਢਾਉਣਾ ਸ਼ੁਰੂ ਕੀਤਾ ਹੈ ਤਾਂ ਸਾਡੇ ਲੋਕਾਂ ਨੂੰ ਸਭ ਤੋਂ ਵੱਡਾ ਹੇਰਵਾ ਅਤੇ ਸੰਤਾਪ ਆਪਣੀਆਂ ਜੜ੍ਹਾਂ ਤੋਂ ਟੁੱਟ ਜਾਣ ਦਾ ਹੋਇਆ ਹੈ। ਜੜ੍ਹਾਂ ਤੋਂ ਭਾਵ ਮਨੁੱਖ ਦਾ ਆਪਣੇ ਪਰਿਵਾਰ, ਪਿੰਡ, ਦੇਸ਼ ਅਤੇ ਸੱਭਿਆਚਾਰ ਤੋਂ ਵੱਖ ਹੋ ਜਾਣਾ। ਜਿਵੇਂ ਕੋਈ ਰੁੱਖ-ਬੂਟਾ ਆਪਣੀਆਂ ਜੜ੍ਹਾਂ ਤੋਂ ਟੁੱਟ ਕੇ ਬਹੁਤੀ ਦੇਰ ਤਕ ਤਰੋ-ਤਾਜ਼ਾ ਨਹੀਂ ਰਹਿ ਸਕਦਾ ਕੁਮਲਾ ਜਾਂਦਾ ਹੈ ਅਤੇ ਬਹੁਤੀ ਵਾਰ ਪੂਰੀ ਤਰ੍ਹਾਂ ਸੜ-ਸੁੱਕ ਹੀ ਜਾਂਦਾ ਹੈ। ਇਸੇ ਪ੍ਰਕਾਰ ਮਨੁੱਖ ਵੀ ਆਪਣੇ ਭੂਗੋਲਿਕ ਅਤੇ ਸੱਭਿਆਚਾਰਕ ਪਰਿਵੇਸ਼ ਤੋਂ ਜੁਦਾ ਹੋ ਕੇ ਪੂਰੀ ਤਰ੍ਹਾਂ ਪ੍ਰਸੰਨ ਅਤੇ ਪ੍ਰਫੁੱਲਿਤ ਨਹੀਂ ਰਹਿ ਪਾਉਂਦਾ।ਸਾਡੇ ਬਹੁਤ ਸਾਰੇ ਕਵੀਆਂ ਅਤੇ ਕਲਾਕਾਰਾਂ ਨੇ ਪ੍ਰਵਾਸੀ ਬਣ ਕੇ ਆਪਣੀਆਂ ਜੜ੍ਹਾਂ ਤੋਂ ਟੁੱਟ ਜਾਣ ਦੇ ਹੇਰਵੇ ਨੂੰ ਬੜੀ ਸ਼ਿੱਦਤ ਨਾਲ ਰੂਪਮਾਨ ਕੀਤਾ ਹੈ।



ਪਰ ਜਦੋਂ ਅਸੀਂ ਆਪਣੇ ਆਸ-ਪਾਸ ਦੇ ਵਿਕਸਿਤ ਅਤੇ ਰੂਪਾਂਤਰਿਤ ਹੋ ਰਹੇ ਜਗਤ ਉੱਪਰ ਝਾਤੀ ਮਾਰਦੇ ਹਾਂ ਤਾਂ ਕੁਦਰਤ ਵਿਚ ਜੜ੍ਹਾਂ ਨਾਲ ਜੁੜੇ ਰਹਿਣ ਦਾ ਸੰਦਰਭ ਕਾਫੀ ਬਦਲਿਆ ਹੋਇਆ ਨਜ਼ਰ ਆਉਂਦਾ ਹੈ। ਹੁਣ ਅਸੀਂ (ਕਈ) ਫ਼ਸਲਾਂ ਧਰਤੀ ਵਿੱਚ ਬੀਜ ਕੇ ਪੈਦਾ ਨਹੀਂ ਕਰਦੇ ਬਲਕਿ ਉਨ੍ਹਾਂ ਦੀ ਪਨੀਰੀ ਲਗਾਉਂਦੇ ਹਾਂ।ਝੋਨੇ ਦੀ ਪਨੀਰੀ ਦੇ ਨਾਲ-ਨਾਲ ਬਹੁਤ ਸਾਰੀਆਂ ਸਬਜ਼ੀਆਂ (ਮਿਰਚਾਂ, ਕੱਦੂ, ਵੈਂਗਣ, ਪਿਆਜ਼, ਲਸਣ ਆਦਿਕ) ਦੀ ਵੀ ਪਨੀਰੀ ਲਗਾਈ ਜਾਂਦੀ ਹੈ। ਇਸ ਵਿਧੀ ਨਾਲ ਬੀਜੀਆਂ ਫਸਲਾਂ ਨੂੰ ਜਨਮ-ਭੋਇੰ ਨਾਲੋਂ ਵਿਯੋਗ ਦੇ ਓਪਰੀ ਧਰਤੀ ਵਿੱਚ ਆਰੋਪਿਤ ਕੀਤਾ ਜਾਂਦਾ ਹੈ ਅਤੇ ਨਤੀਜੇ ਬਹੁਤ ਚੰਗੇ ਨਿਕਲਦੇ ਹਨ।ਓਪਰੀਆਂ ਧਰਤੀਆਂ ਵਿੱਚ ਫਲਣ-ਫੁੱਲਣ ਵਾਸਤੇ ਪੌਦਿਆਂ ਨੂੰ ਆਪਣੇ-ਆਪ ਵਿੱਚ ਨਵੀਆਂ ਸੰਭਾਵਨਾਵਾਂ ਪੈਦਾ ਕਰਨੀਆਂ ਪੈਂਦੀਆਂ ਹਨ, ਉਲਟ ਸਥਿਤੀਆਂ ਨਾਲ ਜੂਝਣਾ ਪੈਂਦਾ ਹੈ। ਸਿੱਟੇ ਵਜੋਂ ਅਜਿਹੀਆਂ ਫਸਲਾਂ ਦਾ ਝਾੜ ਜਾਂ ਮਿਕਦਾਰ ਵਧੇਰੇ ਹਾਸਿਲ ਹੁੰਦੀ ਹੈ।

ਇਹੀ ਹਾਲ ਮਨੁੱਖਾਂ ਦਾ ਹੈ।ਅੱਜ ਤੋਂ ਸੈਂਕੜੇ ਵਰ੍ਹੇ ਪਹਿਲਾਂ ਜਦੋਂ ਲੋਕਾਂ ਦੀਆਂ ਕਈ-ਕਈ ਪੀੜ੍ਹੀਆਂ ਇਕੋ ਪਿੰਡ ਜਾਂ ਕਸਬੇ ਵਿੱਚ ਬਿਤਾ ਕੇ, ਮਰ-ਮੁੱਕ ਜਾਂਦੀਆਂ ਸਨ ਤਾਂ ਪ੍ਰਗਤੀ ਦੀ ਰਫ਼ਤਾਰ ਬਹੁਤ ਧੀਮੀ ਸੀ। ਏਨੀ ਧੀਮੀ ਕਿ ਪ੍ਰਗਤੀ ਨਜ਼ਰ ਹੀ ਨਹੀਂ ਸੀ ਆਉਂਦੀ।ਪਰ ਜਦੋਂ ਤੋਂ ਆਧੁਨਿਕ ਯੁੱਗ ਵਿਚ ਪਿੰਡਾਂ ਦੇ ਲੋਕ ਸ਼ਹਿਰਾਂ, ਮਹਾਨਗਰਾਂ ਜਾਂ ਵਿਦੇਸ਼ਾਂ ਵਿੱਚ ਜਾ ਕੇ ਵਸਣ ਲੱਗੇ ਤਾਂ ਉਨ੍ਹਾਂ ਨੇ ਹੈਰਾਨੀਜਨਕ ਤਰੱਕੀ ਕੀਤੀ। ਕੋਈ ਵੱਡਾ ਵਪਾਰੀ ਬਣ ਗਿਆ, ਕੋਈ ਕਾਰਖਾਨੇਦਾਰ, ਕੋਈ ਉੱਚਾ ਅਫ਼ਸਰ ਅਤੇ ਕੋਈ ਮੰਤਰੀ-ਮੁੱਖ ਮੰਤਰੀ। ਜੇ ਇਹ ਲੋਕ ਪਿੰਡਾਂ ਵਿੱਚ ਹੀ ਬੈਠੇ ਰਹਿੰਦੇ ਤਾਂ ਪਿਤਾਪੁਰਖੀ ਧੰਦੇ ਵਿੱਚ ਪੈ ਕੇ ਉਨ੍ਹਾਂ ਨੇ ਔਸਤ ਦਰਜੇ ਦੇ ਇਨਸਾਨ ਹੀ ਬਣੇ ਰਹਿਣਾ ਸੀ। ਵਿਦੇਸ਼ਾਂ ਵਿੱਚ ਜਾ ਕੇ ਤਾਂ ਸਾਡੇ ਲੋਕ ਸੰਸਦ ਮੈਂਬਰ ਅਤੇ ਪ੍ਰਧਾਨ ਮੰਤਰੀ ਦੇ ਰੁਤਬੇ ਤੱਕ ਜਾ ਪਹੁੰਚੇ ਹਨ। ਜੇ ਉਹ ਇਥੇ ਹੀ ਬੈਠੇ ਰਹਿੰਦੇ ਤਾਂ ਉਨ੍ਹਾਂ ਏਨੀ ਪ੍ਰਗਤੀ ਦਾ ਸੁਪਨਾ ਵੀ ਨਹੀਂ ਲੈ ਸਕਣਾ ਸੀ।

ਬਾਹਰ ਜਾ ਕੇ ਵਿਅਕਤੀ ਆਪਣੇ ਸੁਰੱਖਿਅਤ ਜ਼ੋਨ (ਸੇਫ਼ਟੀ ਜ਼ੋਨ) ਵਿਚੋਂ ਬਾਹਰ ਆ ਜਾਂਦਾ ਹੈ। ਫਿਰ ਉਸ ਨੂੰ ਆਪਣੇ ਅੰਦਰੋਂ ਨਵੀਆਂ ਸੰਭਾਵਨਾਵਾਂ ਪੈਦਾ ਕਰਨੀਆਂ ਪੈਂਦੀਆਂ ਹਨ, ਉਲਟ ਸਥਿਤੀਆਂ ਨਾਲ ਜੂਝਣਾ ਪੈਂਦਾ ਹੈ। ਉਸ ਦਾ ਰੂਪਾਂਤਰਨ ਹੋ ਜਾਂਦਾ ਹੈ। ਅਜਿਹਾ ਰੂਪਾਂਤਰਨ ਹੀ ਕਿਸੇ ਵਿਅਕਤੀ ਦੀ ਪ੍ਰਗਤੀ ਅਤੇ ਉਭਾਰ ਦਾ ਜ਼ਾਮਨ ਬਣਦਾ ਹੈ। ਮਹਾਂਪੁਰਖ ਅਤੇ ਸਤਿਗੁਰੂ ਇਸੇ ਪ੍ਰਕਾਰ ਨਵੀਆਂ ਕੌਮਾਂ ਦੀ ਸਿਰਜਣਾ ਕਰਦੇ ਹਨ।ਉਹ ਆਪਣੇ ਸਮਾਜ ਅਤੇ ਸੱਭਿਆਚਾਰ ਦੀ ਜੜ੍ਹਤਾ ਨੂੰ ਤੋੜਦੇ ਹਨ।ਨਖ਼ਾਲਸ ਕੌਮਾਂ ਵਿਚੋਂ 'ਖ਼ਾਲਸ' ਸੰਪਰਦਾਵਾਂ ਪੈਦਾ ਕਰਦੇ ਹਨ। ਜਿਵੇਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਗੁਰੂ ਸਾਹਿਬਾਨ ਨੇ ਕੀਤਾ।

ਪੰਜਾਬੀ ਬੋਲੀ ਵਿੱਚ ਬਹੁਤ ਸਾਰੇ ਪ੍ਰਸੰਗ ਅਤੇ ਹਵਾਲੇ ਇਸ ਪ੍ਰਕਾਰ ਦੇ ਵੀ ਮਿਲਦੇ ਹਨ, ਜਿਥੇ ਜੜ੍ਹਤਾ ਨੂੰ ਖੜੋਤ ਕਿਹਾ ਗਿਆ ਹੈ। ਜੜ੍ਹਾਂ ਨਾਲ ਜੁੜੇ ਰਹਿਣਾ ਵੀ ਜੜ੍ਹਤਾ ਹੀ ਹੈ। ਇਸ ਜੜ੍ਹਤਾ ਨੂੰ ਮਿਹਨਤ-ਮੁਸ਼ੱਕਤ ਨਾਲ ਤੋੜਨਾ ਪੈਂਦਾ ਹੈ, ਜਿਵੇਂ ਕਿ ਕਥਨ ਹੈ, ਕਰਤ-ਕਰਤ ਅਭਿਆਸ ਕੋ, ਜੜ੍ਹ ਮਤ ਹੋਤ ਸੁਜਾਨ ਅਤੇ ਜਿਵੇਂ ਅਸੀਂ ਕਿਸੇ ਕਾਰਜ ਨੂੰ ਵਾਰ-ਵਾਰ ਕਰਕੇ ਉਸ ਵਿੱਚ ਨਿਪੁੰਨ/ਪਾਰੰਗਤ ਹੋ ਜਾਂਦੇ ਹਾਂ, ਇਸੇ ਤਰ੍ਹਾਂ ਸੂਝਵਾਨ ਲੋਕ, ਅਭਿਆਸ ਦੁਆਰਾ ਆਪਣੇ ਮਿਸ਼ਨ ਵਿਚ ਸਫ਼ਲਤਾ ਹਾਸਿਲ ਕਰ ਲੈਂਦੇ ਹਨ। ਉਹ ਆਪਣੀ ਸਫ਼ਲਤਾ ਲਈ ਸਮਾਜਿਕ-ਸੱਭਿਆਚਾਰਕ ਜੜ੍ਹਾਂ ਦਾ ਆਸਰਾ ਨਹੀਂ ਲੈਂਦੇ। ਆਧੁਨਿਕ ਯੁੱਗ ਮਿਥਾਂ ਦੇ ਸਿਮਰਨ ਦਾ ਨਹੀਂ ਬਲਕਿ ਮਿਥਾਂ ਦੇ ਭੰਜਨ ਦਾ ਯੁੱਗ ਹੈ। ਗੁਰੂ ਨਾਨਕ ਸਾਹਿਬ ਨੇ ਭਾਰਤੀ ਸਮਾਜ ਅਤੇ ਸੱਭਿਆਚਾਰ ਵਿਚ ਪ੍ਰਚਲਿਤ ਅਨੇਕ ਮਿਥਾਂ ਨੂੰ ਤੋੜਿਆ। ਉਨ੍ਹਾਂ ਨੇ ਇਕ ਮਿਥਭੰਜਕ ਅਤੇ ਕ੍ਰਾਂਤੀਕਾਰੀ ਕੌਮ ਦੀ ਨੀਂਹ ਰੱਖੀ। ਉਨ੍ਹਾਂ ਦੀ ਇਕ ਕੇਂਦਰੀ ਬਾਣੀ 'ਵਾਰ ਆਸਾ ਕੀ' ਵਿੱਚ ਭਾਰਤੀ ਸੱਭਿਆਚਾਰ ਦੀਆਂ ਅਨ ਦਾ ਭੰਜਨ ਕਰਕੇ ਇੱਕ ਨਿਰਭੈ ਅਤੇ ਆਤਮ-ਵਿਸ਼ਵਾਸੀ 'ਖ਼ਾਲਸਾ ਪੰਥ' ਦੀ ਸਿਰਜਣਾ ਕੀਤੀ। ਸਾਨੂੰ ਪੰਜਾਬੀਆਂ ਨੂੰ ਅਰਥਹੀਣ ਅਤੇ ਅਪ੍ਰਸੰਗਿਕ ਕਪੋਲ ਕਲਪਨਾਵਾਂ ਅਤੇ ਮਿਥਾਂ ਤੋਂ ਪਰੇ ਹਟਣ ਦੀ ਜ਼ਰੂਰਤ ਹੈ। ਮਿਥਾਂ ਦਾ ਅੰਧ-ਅਨੁਕਰਨ ਕਰਦੇ ਰਹਿਣ ਦੀ ਸੂਰਤ ਵਿੱਚ ਅਸੀਂ ਆਪਣੇ ਟੀਚੇ ਤੋਂ ਭਟਕ ਜਾਵਾਂਗੇ ਅਤੇ ਆਪਣੇ ਮਿਸ਼ਨ ਦੀ ਪੂਰਤੀ ਨਹੀਂ ਕਰ ਸਕਾਂਗੇ।ਅਜੋਕੇ ਦੌਰ ਵਿੱਚ ਜੜ੍ਹਾਂ ਵੀ ਇਕ ਪ੍ਰਕਾਰ ਦਾ ਬੰਧਨ ਹਨ। ਇਨ੍ਹਾਂ ਤੋਂ ਬਚੋ, ਮੋਹ ਨਾ ਕਰੋ। ਤੁਸੀਂ ਜਿਥੇ ਵੀ ਜਾਉਗੇ, ਉਥੇ ਹੀ ਜੜ੍ਹਾਂ ਲੱਗ ਜਾਣਗੀਆਂ। ਅਜੋਕਾ ਜੀਵਨ ਕਿਸੇ ਇਕ ਜਗ੍ਹਾ 'ਤੇ ਰੁਕ ਜਾਂ ਟਿਕ ਜਾਣ ਦਾ ਨਾਂਅ ਨਹੀਂ।ਅਜੇ ਤਾਂ ਅਸੀਂ ਪੁਲਾੜ (ਸਪੇਸ) ਅਤੇ ਹੋਰ ਗ੍ਰਹਿਆਂ ਵਿੱਚ ਘਰ ਬਣਾਉਣੇ ਹਨ। ਬ੍ਰਹਿਮੰਡ ਵਿੱਚ ਆਪਣੇ ਵਰਗੀਆਂ ਹੋਰ ਸ੍ਰਿਸ਼ਟੀਆਂ ਨੂੰ ਲੱਭਣਾ ਹੈ।

# ਪੁਆੜਿਆਂ ਦੀ ਜੜ੍ਹ ਹੈ ਆਰਥਿਕ ਪਾੜ੍ਹਾ



ਡਾ. ਸ. ਸ. ਛੀਨਾ




ਅੱਜ-ਕੱਲ੍ਹ ਕੁਝ ਘਰੇਲੂ ਆਮਦਨ ਦੇ ਹਿਸਾਬ ਨਾਲ ਭਾਵੇਂ ਭਾਰਤ ਦੁਨੀਆਂ ਦੀ ਪੰਜਵੀਂ ਵਿੱਤੀ ਆਰਥਿਕਤਾ ਬਣ ਚੁੱਕਾ ਹੈ ਅਤੇ ਛੇਤੀ ਹੀ ਇਹ ਤੀਸਰੀ ਅਰਥ-ਵਿਵਸਥਾ ਵੀ ਬਣ ਜਾਵੇਗਾ ਪਰ ਆਮ ਵਿਅਕਤੀ ਗ਼ਰੀਬੀ ਦੇ ਬੁਰੇ ਚੱਕਰ ਵਿੱਚ ਫਸਿਆ ਹੋਇਆ ਹੈ। ਇਹ ਚੱਕਰ ਤੋੜਨਾ ਸਰਕਾਰ ਅਤੇ ਨੀਤੀਆਂ ਘੜਨ ਵਾਲਿਆਂ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਇਹ ਗ਼ਰੀਬੀ ਚੱਕਰ ਗ਼ਰੀਬੀ ਤੋਂ ਸ਼ੁਰੂ ਹੋ ਕੇ ਉਸ 'ਤੇ ਹੀ ਖ਼ਤਮ ਹੁੰਦਾ ਹੈ।ਗ਼ਰੀਬੀ ਹੋਣ ਕਰਕੇ ਵਸਤਾਂ ਅਤੇ ਸੇਵਾਵਾਂ ਵਿਕਦੀਆਂ ਨਹੀਂ ਤਾਂ ਨਵੀਆਂ ਬਣਾਉਣ ਦੀ ਲੋੜ ਨਹੀਂ ਪੈਂਦੀ ਜਿਸ ਕਰਕੇ ਨਿਵੇਸ਼ ਨਹੀਂ ਹੁੰਦਾ। ਨਿਵੇਸ਼ ਨਾ ਹੋਣ ਕਾਰਨ ਬੇਰੁਜ਼ਗਾਰੀ ਵਧਦੀ ਹੈ।ਬੇਰੁਜਗਾਰੀ ਨਾਲ ਆਮਦਨ ਘਟਦੀ ਹੈ ਅਤੇ ਗ਼ਰੀਬੀ ਪੈਦਾ ਹੁੰਦੀ ਹੈ। ਭਾਵੇਂ ਹੁਣ ਕੈਨੇਡਾ, ਆਸਟ੍ਰੇਲੀਆ ਅਤੇ ਇੰਗਲੈਂਡ ਜਿਸ ਨੂੰ ਹੁਣੇ ਹੀ ਪਛਾੜ ਕੇ ਭਾਰਤ ਪੰਜਵੀਂ ਵੱਡੀ ਆਰਥਿਕਤਾ ਬਣਿਆ ਹੈ, ਕੀ ਉਸ ਦੇ ਆਮ ਵਿਅਕਤੀ ਦਾ ਰਹਿਣ-ਸਹਿਣ ਵੀ ਭਾਰਤ ਦੇ ਆਮ ਵਿਅਕਤੀ ਦੇ ਬਰਾਬਰ ਹੈ। ਬਿਲਕੁਲ ਨਹੀਂ ਸਗੋਂ ਉੱਥੋਂ ਦੇ ਆਮ ਵਿਅਕਤੀ ਦਾ ਰਹਿਣ-ਸਹਿਣ ਭਾਰਤ ਦੇ ਵਿਅਕਤੀ ਤੋਂ ਕਿਤੇ ਉੱਚਾ ਹੈ ਅਤੇ ਭਾਰਤ ਵਿੱਚ ਆਮ ਵਿਅਕਤੀ ਦੇ ਮਾੜੇ ਰਹਿਣ-ਸਹਿਣ ਦੀ ਵਜ੍ਹਾ ਇਸ ਦੀ ਧਨ ਅਤੇ ਆਮਦਨ ਨਾ-ਬਰਾਬਰੀ ਹੈ ਅਤੇ ਉੱਥੋਂ ਦੇ ਆਮ ਵਿਅਕਤੀ ਦੇ ਉੱਪਰ ਦੇ ਰਹਿਣ-ਸਹਿਣ ਦੀ ਵਜ੍ਹਾ ਉੱਥੇ ਆਮਦਨ ਦੀ ਬਰਾਬਰੀ ਹੈ। ਜਿੰਨਾ ਚਿਰ ਭਾਰਤ ਵਿੱਚ ਆਮਦਨ ਬਰਾਬਰੀ ਪੈਦਾ ਨਹੀਂ ਹੋਵੇਗੀ, ਭਾਰਤ ਦੀ ਬੇਰੁਜ਼ਗਾਰੀ ਅਤੇ ਗ਼ਰੀਬੀ ਦੀ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ। ਅਮਰੀਕਾ, ਕੈਨੇਡਾ, ਆਸਟ੍ਰੇਲੀਆ ਆਦਿ ਵਿੱਚ ਕਈ ਮੰਤਰੀਆਂ ਕੋਲ ਵੀ ਡਰਾਈਵਰ ਨਹੀਂ ਕਿਉਂ ਜੋ ਡਰਾਈਵਰ ਦੀ ਤਨਖ਼ਾਹ ਅਤੇ ਵੱਡੇ ਤੋਂ ਵੱਡੇ ਅਫ਼ਸਰ ਦੀ ਤਨਖ਼ਾਹ ਵੀ ਬਰਾਬਰ ਹੈ।ਉੱਥੋਂ ਦੇ ਘਰਾਂ ਵਿੱਚ ਵੀ ਨੌਕਰ ਨਹੀਂ।ਉਨ੍ਹਾਂ ਸਾਰੇ ਦੇਸ਼ਾਂ ਜਿਨ੍ਹਾਂ ਨੂੰ ਭਾਰਤ ਪਛਾੜ ਕੇ ਪੰਜਵੀਂ ਅਰਥ-ਵਿਵਸਥਾ ਬਣਿਆ ਹੈ ਉੱਥੇ ਇਕ ਵੀ ਬਾਲ ਮਜ਼ਦੂਰ ਨਹੀਂ ਜਦਕਿ ਭਾਰਤ ਵਿਚ ਇਸ ਵਕਤ 3 ਕਰੋੜ ਬੱਚੇ ਬਾਲ ਕਿਰਤ ਕਰਨ ਲਈ ਮਜਬੂਰ ਹਨ ਅਤੇ ਇਸ ਬੁਰਾਈ ਦੀ ਜੜ੍ਹ ਆਮਦਨ ਦੀ ਨਾਬਰਾਬਰੀ ਹੈ। ਭਾਰਤ ਦੀ ਸੁਤੰਤਰਤਾ ਤੋਂ ਬਾਅਦ ਭਾਰਤ ਵਿਚ ਖ਼ੁਸ਼ਹਾਲੀ ਦੀਆਂ ਵੱਡੀਆਂ ਉਮੀਦਾਂ ਸਨ ਪਰ ਨਾਲ ਹੀ ਭਾਰਤ ਦੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਦੇਸ਼ ਵਿਚ ਸਮਾਜਵਾਦੀ ਢਾਂਚਾ ਸਥਾਪਤ ਕਰਨ ਦੀ ਗੱਲ ਕੀਤੀ ਗਈ ਸੀ ਜਿਸ ਦਾ ਅਰਥ ਹੈ ਆਮਦਨ ਬਰਾਬਰੀ।ਇਸ ਲਈ ਜ਼ਮੀਨ ਦੀ ਉੱਪਰਲੀ ਹੱਦ ਵੀ ਲਾਈ ਗਈ ਕਿਉਂ ਜੋ ਉਸ ਸਮੇਂ ਖੇਤੀ ਦੇਸ਼ ਦੀ 75 ਫ਼ੀਸਦੀ ਵਸੋਂ ਦਾ ਪੇਸ਼ਾ ਸੀ ਅਤੇ ਜੇ ਖੇਤੀ ਵਿੱਚ ਆਮਦਨ ਬਰਾਬਰੀ ਹੋ ਜਾਂਦੀ ਹੈ ਤਾਂ ਵੱਡੀ ਵਸੋਂ ਵਿੱਚ ਬਰਾਬਰੀ ਹੋ ਜਾਂਦੀ।ਉਸ ਸਮੇਂ ਇਹ ਮੰਗ ਵੀ ਬੜੇ ਜ਼ੋਰ ਨਾਲ ਉੱਠੀ ਸੀ ਕਿ ਜੇ ਖੇਤੀ ਜੋਤਾਂ ਦੀ ਉੱਪਰਲੀ ਹੱਦ ਮਿੱਥੀ ਗਈ ਹੈ ਤਾਂ ਸ਼ਹਿਰੀ ਜਾਇਦਾਦ ਜਾਂ ਉਦਯੋਗਾਂ 'ਤੇ ਉੱਪਰਲੀ ਹੱਦ ਵੀ ਹੋਣੀ ਚਾਹੀਦੀ ਹੈ ਪਰ ਇਸ ਗੱਲ ਨੂੰ ਇਸ ਕਰਕੇ ਨਕਾਰਿਆ ਗਿਆ ਸੀ ਕਿ ਉਸ ਵਕਤ ਭਾਰਤ ਉਦਯੋਗਿਕ ਵਿਕਾਸ ਵਿੱਚ ਬਹੁਤ ਮਗਰ ਸੀ ਅਤੇ ਜੇ ਇਸ ਤਰ੍ਹਾਂ ਦੀ ਹੱਦ ਲਾਈ ਜਾਂਦੀ ਤਾਂ ਉਦਯੋਗਿਕ ਵਿਕਾਸ ਹੋਰ ਘਟ ਜਾਣਾ ਸੀ। ਪਰ ਇੱਥੇ ਇਹ ਗੱਲ ਵਰਣਨਯੋਗ ਹੈ ਕਿ ਯੂਰਪੀ ਅਤੇ ਵਿਕਸਤ ਦੇਸ਼ਾਂ ਵਿਚ ਵੀ ਭਾਵੇਂ ਉਦਯੋਗ ਦੇ ਖੇਤਰ ਵਿਚ ਕੋਈ ਉੱਪਰਲੀ ਸੀਮਾ ਨਹੀਂ ਪਰ ਉਨ੍ਹਾਂ ਦੇਸ਼ਾਂ ਵਿਚ ਜਾਇਦਾਦ ਦੀ ਤਾਂ ਨਾਬਰਾਬਰੀ ਹੈ ਪਰ ਆਮਦਨ ਦੀ ਨਾਬਰਾਬਰੀ ਨਹੀਂ। ਇਹੋ ਵਜ੍ਹਾ ਹੈ ਕਿ ਉੱਥੇ ਨਾ ਕੋਈ ਡਰਾਈਵਰ ਰੱਖਦਾ ਹੈ ਅਤੇ ਨਾ ਵੱਖਰਾ ਨੌਕਰ। ਜੇ ਆਮਦਨ ਦੀ ਨਾਬਰਾਬਰੀ ਹੈ ਤਾਂ ਉਹ ਨਾਮਾਤਰ ਹੀ ਹੈ। ਇਕ ਫੈਕਟਰੀ ਵਿੱਚ ਕੰਮ ਕਰਨ ਵਾਲੇ ਕਿਰਤੀ, ਸੁਪਰਵਾਈਜ਼ਰ ਅਤੇ ਮੈਨੇਜਰ ਦੀ ਆਮਦਨ ਵਿੱਚ ਮਾਮੂਲੀ ਫ਼ਰਕ ਹੈ। ਇਹ ਗੱਲ ਵੀ ਵੇਖੀ ਗਈ ਹੈ ਕਿ ਹੱਥੀਂ ਕਿਰਤ ਕਰਨ ਵਾਲਿਆਂ ਦੀ ਕਈ ਥਾਵਾਂ 'ਤੇ ਸਗੋਂ ਸਰਕਾਰੀ ਬਾਊਆਂ ਨਾਲੋਂ ਜ਼ਿਆਦਾ ਤਨਖ਼ਾਹ ਹੈ। ਇਸ ਤਰ੍ਹਾਂ ਦੀ ਆਮਦਨ ਬਰਾਬਰੀ ਤੋਂ ਬਗੈਰ ਵਿਕਾਸ ਹੋ ਹੀ ਨਹੀਂ ਸਕਦਾ ਜਿਹੜਾ ਠੋਸ ਤਰਕ 'ਤੇ ਆਧਾਰਤ ਹੈ। ਜਦੋਂ ਇਕ ਤਰਫ਼ ਥੋੜ੍ਹੀ ਗਿਣਤੀ ਵਿਚ ਬਹੁਤ ਅਮੀਰ ਅਤੇ ਦੂਸਰੀ ਤਰਫ਼ ਬਹੁਤ ਵੱਡੀ ਗਿਣਤੀ ਵਿਚ ਗ਼ਰੀਬ ਲੋਕ ਹੁੰਦੇ ਹਨ ਤਾਂ ਅਮੀਰਾਂ ਕੋਲ ਤਾਂ ਇੰਨੀ ਆਮਦਨ ਹੁੰਦੀ ਹੈ ਕਿ ਉਹ ਆਪਣੀ ਥੋੜ੍ਹੀ ਜਹੀ ਆਮਦਨ ਨਾਲ ਆਪਣੀਆਂ ਲੋੜਾਂ ਪੂਰੀਆਂ ਕਰ ਲੈਂਦੇ ਹਨ ਅਤੇ ਬਾਕੀ ਧਨ ਜਮ੍ਹਾ ਪਿਆ ਰਹਿੰਦਾ ਹੈ। ਜਿਹੜਾ ਧਨ ਨਹੀਂ ਵਰਤਿਆ ਜਾਂਦਾ ਉਸ ਨਾਲ ਵਸਤਾਂ ਅਤੇ ਸੇਵਾਵਾਂ ਖ਼ਰੀਦੀਆਂ ਨਹੀਂ ਜਾਂਦੀਆਂ। ਜਦੋਂ ਪਹਿਲੀਆਂ ਵਸਤਾਂ ਅਤੇ ਸੇਵਾਵਾਂ ਹੀ ਨਹੀਂ ਖ਼ਰੀਦੀਆਂ ਗਈਆਂ ਜਾ ਨਹੀਂ ਵਿਕੀਆਂ ਤਾਂ ਨਵੀਆਂ ਬਣਾਉਣ ਦੀ ਲੋੜ ਹੀ ਨਹੀਂ ਰਹਿੰਦੀ।

ਇਸ ਲਈ ਕਿਸੇ ਨਵੇਂ ਰੁਜ਼ਗਾਰ ਪੈਦਾ ਹੋਣ ਦੀ ਲੋੜ ਹੀ ਨਹੀਂ ਰਹਿੰਦੀ। ਸਗੋਂ ਪਹਿਲਾਂ ਰੁਜ਼ਗਾਰ 'ਤੇ ਲੱਗੇ ਲੋਕਾਂ ਦੀ ਗਿਣਤੀ ਘਟਾਈ ਜਾਵੇਗੀ ਜਾਂ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਵੇਗਾ, ਤਨਖ਼ਾਹਾਂ ਘਟਾਈਆਂ ਜਾਣਗੀਆਂ ਜਿਸ ਨਾਲ ਜਿੱਥੇ ਪਹਿਲਾਂ ਹੀ ਉਹ ਆਪਣੀਆਂ ਜ਼ਰੂਰਤਾਂ ਮੁਸ਼ਕਲ ਨਾਲ ਪੂਰੀਆਂ ਕਰਦੇ ਸਨ, ਉਹ ਹੋਰ ਘੱਟ ਵਸਤਾਂ ਅਤੇ ਸੇਵਾਵਾਂ ਖ਼ਰੀਦਣਗੇ ਕਿਉਂ ਜੋ ਉਨ੍ਹਾਂ ਦੀ ਆਮਦਨ ਘਟ ਗਈ ਹੈ। ਇਸ ਪ੍ਰਕਾਰ ਇਸ ਤਰ੍ਹਾਂ ਦੀ ਨਾਬਰਾਬਰੀ ਵਾਲੀ ਅਰਥ-ਵਿਵਸਥਾ ਵਿਚ ਨਾ ਰੁਜ਼ਗਾਰ ਵਧੇਗਾ, ਨਾ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਹੋਵੇਗਾ ਅਤੇ ਨਾ ਖ਼ੁਸ਼ਹਾਲੀ ਆਵੇਗੀ ਤੇ ਨਾ ਹੀ ਵਿਕਾਸ ਹੋਵੇਗਾ। ਇਹ ਆਮਦਨ ਨਾਬਰਾਬਰੀ ਜਿੱਥੇ ਵਿਕਾਸ ਵਿੱਚ ਰੁਕਾਵਟ ਹੈ ਉੱਥੇ ਇਹ ਸਮਾਜਿਕ ਬੁਰਾਈਆਂ ਦੀ ਜੜ੍ਹ ਹੈ। ਸਮਾਜਿਕ ਬੁਰਾਈਆਂ ਘਟਣ ਦੀ ਬਜਾਏ ਵਧਦੀਆਂ ਜਾ ਰਹੀਆਂ ਹਨ।ਭਾਰਤ ਵਿੱਚ ਦੁਨੀਆ ਭਰ ਤੋਂ ਵੱਧ ਬੱਚੇ ਬਾਲ ਕਿਰਤ ਕਰਦੇ ਹਨ ਜਿਹੜੀ ਉਨ੍ਹਾਂ ਦੀ ਮਜਬੂਰੀ ਬਣੀ ਹੋਈ ਹੈ ਕਿਉਂਕਿ ਬਾਲਗਾਂ ਲਈ ਤਾਂ ਰੁਜ਼ਗਾਰ ਨਹੀਂ ਹੈ ਜਦਕਿ ਬੱਚਿਆਂ ਲਈ ਵਾਧੂ ਰੁਜ਼ਗਾਰ ਹੈ। ਅਸਲ ਵਿਚ ਇਨ੍ਹਾਂ ਬੱਚਿਆਂ ਕੋਲੋਂ ਵੀ ਬਾਲਗਾ ਜਿੰਨਾ ਕੰਮ ਲੈ ਲਿਆ ਜਾਂਦਾ ਹੈ ਜਦਕਿ ਨਿਗੂਣੀ ਜਿਹੀ ਤਨਖ਼ਾਹ ਹੀ ਦਿਤੀ ਜਾਂਦੀ ਹੈ।ਇਸ ਤਰ੍ਹਾਂ ਦੀਆਂ ਗੱਲਾਂ ਵੀ ਸਾਹਮਣੇ ਆਈਆਂ ਹਨ ਕਿ ਕਈ ਬੱਚੇ ਬਾਪ ਵੱਲੋਂ ਲਏ ਕਰਜ਼ੇ ਦੇ ਵਿਆਜ ਵਿਚ ਵੀ ਕੰਮ ਕਰਦੇ ਜਾਂਦੇ ਹਨ। ਬੱਚਿਆਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੀ ਕਿੰਨੀ ਤਨਖ਼ਾਹ ਹੈ।ਉਹ ਸੂਰਜ ਚੜ੍ਹਨ ਤੋਂ ਪਹਿਲਾਂ ਤੋਂ ਲੈ ਕੇ ਦੇਰ ਰਾਤ ਤੱਕ ਕੰਮ ਕਰਦੇ ਹਨ ਤੇ ਇਹ ਚੱਕਰ ਪੀੜ੍ਹੀ ਦਰ ਪੀੜ੍ਹੀ ਚੱਲਦਾ ਜਾ ਰਿਹਾ ਹੈ।ਸੁਤੰਤਰਤਾ ਦੇ ਸਮੇਂ ਭਾਰਤ ਵਿਚ ਕੋਈ ਇਕ ਕਰੋੜ ਬੱਚੇ ਕਿਰਤ ਕਰਦੇ ਸਨ ਜਿਹੜੇ ਹੁਣ 3 ਕਰੋੜ ਹੋ ਗਏ ਹਨ ਅਤੇ ਵਧਦੇ ਹੀ ਜਾ ਰਹੇ ਹਨ। ਭਾਰਤ ਵਿਚ 76 ਸਾਲਾਂ ਦੀ ਸੁਤੰਤਰਤਾ ਤੋਂ ਬਾਅਦ ਵੀ 100 ਫ਼ੀਸਦੀ ਸਾਖ਼ਰਤਾ ਦਰ ਨਹੀਂ ਹੋ ਸਕੀ। ਅਜੇ ਵੀ 100 ਵਿੱਚੋਂ 26 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਵਿੱਦਿਆ ਛੱਡ ਜਾਂਦੇ ਹਨ ਭਾਵੇਂ ਕਿ 8ਵੀਂ ਜਮਾਤ ਜਾਂ 14 ਸਾਲ ਦੀ ਉਮਰ ਤੱਕ ਵਿੱਦਿਆ ਮੁਫ਼ਤ ਵੀ ਹੈ ਅਤੇ ਲਾਜ਼ਮੀ ਵੀ। ਜਿਹੜੇ ਬੱਚੇ ਵਿੱਦਿਆ ਵਿਚਾਲੇ ਛੱਡ ਜਾਂਦੇ ਹਨ ਉਹ ਘਰਾਂ ਵਿੱਚ ਜਾ ਕੇ ਮੌਜ-ਮੇਲਾ ਨਹੀਂ ਕਰਦੇ।ਉਹ ਸਭ ਕਿਸੇ ਨਾ ਕਿਸੇ ਕੰਮ 'ਤੇ ਲੱਗ ਜਾਂਦੇ ਹਨ। ਇਹੋ ਬੱਚੇ ਭੱਠਿਆਂ 'ਤੇ, ਘਰਾਂ ਵਿਚ, ਫੈਕਟਰੀਆਂ ਅਤੇ ਢਾਬਿਆਂ 'ਤੇ ਲੱਗੇ ਆਮ ਵੇਖੇ ਜਾ ਸਕਦੇ ਹਨ। ਇਹ ਬਾਲ ਕਿਰਤ ਦੀ ਬੁਰਾਈ ਜਿਸ ਵਿਚ ਵੱਡਾ ਸ਼ੋਸ਼ਣ ਕੀਤਾ ਜਾਂਦਾ ਹੈ, ਉਹ ਆਮਦਨ ਨਾਬਰਾਬਰੀ ਦੀ ਉਪਜ ਹੈ। ਕਿਰਤ ਦੇ ਸ਼ੋਸ਼ਣ ਦੀ ਜੜ੍ਹ ਨਾਬਰਾਬਰੀ ਹੈ।

ਨਸ਼ੇ, ਚੋਰੀ, ਠੱਗੀ ਆਦਿ ਬੁਰਾਈਆਂ ਵੀ ਆਮਦਨ ਨਾਬਰਾਬਰੀ ਕਰਕੇ ਜ਼ਿਆਦਾ ਵਧਦੀਆਂ ਹਨ।ਆਮ ਤੌਰ 'ਤੇ ਨੌਜਵਾਨ ਜਦੋਂ ਬੇਰੁਜ਼ਗਾਰ ਹੋ ਜਾਂਦੇ ਹਨ ਤਾਂ ਉਹ ਨਸ਼ਿਆਂ ਨੂੰ ਇੱਕ ਸਹਾਰਾ ਸਮਝਦੇ ਹਨ। ਇਹ ਗੱਲ ਬਹੁਤੀ ਵਾਰ ਕਈ ਸੈਮੀਨਾਰਾਂ, ਗੋਸ਼ਟੀਆਂ ਤੇ ਲਿਖਤਾਂ ਵਿੱਚ ਆਈ ਹੈ ਕਿ ਨਸ਼ੇ ਦੀ ਬੁਰਾਈ ਦੀ ਵੱਡੀ ਜੜ੍ਹ ਬੇਰੁਜ਼ਗਾਰੀ ਹੈ। ਭਾਵੇਂ ਭਾਰਤ ਵਿੱਚ ਆਮਦਨ ਬਰਾਬਰੀ ਵਾਲੇ ਸਮਾਜ ਦਾ ਸੁਪਨਾ ਵੇਖਿਆ ਗਿਆ ਸੀ ਪਰ ਇਹ ਨਾਬਰਾਬਰੀ ਸਮੇਂ ਨਾਲ ਵਧੀ ਹੈ। ਇੱਕ ਰਿਪੋਰਟ ਅਨੁਸਾਰ ਉੱਪਰ ਦੀ ਆਮਦਨ ਵਾਲੀ 10 ਫ਼ੀਸਦੀ ਵਸੋਂ ਕੋਲ ਦੇਸ਼ ਦਾ 75 ਫ਼ੀਸਦੀ ਧਨ ਹੈ। ਨੌਂ ਅਰਬਪਤੀਆਂ ਕੋਲ ਜਿੰਨਾ ਧਨ ਹੈ ਓਨਾ ਹੇਠਾਂ ਦੀ ਆਮਦਨ ਵਾਲੀ 50 ਫ਼ੀਸਦੀ ਵਸੋਂ ਕੋਲ ਹੈ।

ਇਕ ਹੋਰ ਰਿਪੋਰਟ ਵਿੱਚ ਇਹ ਆਇਆ ਹੈ ਕਿ ਉੱਪਰ ਦੀ ਆਮਦਨ ਵਾਲੀ ਇੱਕ ਪ੍ਰਤੀਸ਼ਤ ਵਸੋਂ ਕੋਲ 45% ਧਨ ਹੈ। ਵਿਕਸਤ ਦੇਸ਼ਾਂ ਵਿੱਚ ਜਿੱਥੇ ਸਮਾਜਵਾਦੀ ਪ੍ਰਬੰਧ ਨਹੀਂ ਅਪਣਾਇਆ ਗਿਆ, ਉੱਥੇ ਆਮਦਨ ਬਰਾਬਰੀ ਟੈਕਸ ਪ੍ਰਣਾਲੀ ਨਾਲ ਪੈਦਾ ਕੀਤੀ ਗਈ ਹੈ। ਉੱਪਰਲੀ ਆਮਦਨ ਦੀਆਂ ਸਲੈਬਾਂ 'ਤੇ 90 ਫ਼ੀਸਦੀ ਤੋਂ ਵੱਧ ਟੈਕਸ ਹੈ। ਟੈਕਸੇਸ਼ਨ ਪ੍ਰਣਾਲੀ ਨੂੰ ਇੰਨਾ ਪੱਕਾ ਅਤੇ ਪ੍ਰਭਾਵਸ਼ਾਲੀ ਬਣਾਇਆ ਹੋਇਆ ਹੈ ਕਿ ਟੈਕਸ ਚੋਰੀ ਦੇ ਮੌਕੇ ਪੈਦਾ ਨਹੀਂ ਹੋਣ ਦਿੱਤੇ ਜਾਂਦੇ। ਇਸ ਤਰ੍ਹਾਂ ਦੇ ਪ੍ਰਬੰਧ ਹੋਣੇ ਚਾਹੀਦੇ ਹਨ ਜਿਸ ਨਾਲ ਆਮਦਨ ਨਾਬਰਾਬਰੀ ਪੈਦਾ ਹੀ ਨਾ ਹੋਵੇ।

-(ਲੇਖਕ ਇੰਸਟੀ. ਆਫ ਸੋਸ਼ਲ ਸਾਇੰਸਿਜ਼, ਨਵੀਂ ਦਿੱਲੀ ਦਾ ਸੀਨੀਅਰ ਫੈਲੋ ਹੈ)

# 'ਆਪ' ਸਰਕਾਰ ਪੰਜਾਬ ਦੇ ਪਿੰਡਾਂ ਦੀ ਉਪਜਾਊ ਜ਼ਮੀਨ ਨੂੰ ਇੰਡਟਸਟਰੀਅਲ ਜ਼ੋਨ 'ਚ ਨਾ ਲਿਆਵੇ

**ਪਲਵਿੰਦਰ ਸੋਹਲ**



ਪੰਜਾਬ ਵਿੱਚ ਵੱਸਦਾ ਹਰ ਪੰਜਾਬੀ ਖੇਤੀ ਰਾਹੀਂ ਜ਼ਮੀਨ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ। ਪੰਜਾਬ ਦੇ ਮਿਹਨਤੀ ਕਿਸਾਨਾਂ ਨੇ ਆਪਣੀ ਮਿਹਨਤ ਨਾਲ ਦੇਸ਼ ਅਤੇ ਸੰਸਾਰ ਦੇ ਕਰੋੜਾਂ ਲੋਕਾਂ ਲਈ ਅਨਾਜ ਪੈਦਾ ਕਰਕੇ ਕਈ ਕੀਰਤੀਮਾਨ ਸਥਾਪਿਤ ਕਰ ਦਿੱਤੇ ਹਨ। ਪੰਜਾਬ ਦੇਸ਼ ਦਾ ਅੰਨ ਦਾ ਕਟੋਰਾ ਹੈ। ਪੰਜਾਬ ਨੂੰ ਇਹ ਮਾਣ ਪੰਜਾਬੀ ਕਿਸਾਨਾਂ ਦੀ ਸਖ਼ਤ ਮਿਹਨਤ, ਪੰਜਾਬ ਦੇ ਪੌਣ-ਪਾਣੀ ਅਤੇ ਪੰਜਾਬ ਦੀ ਜ਼ਰਖੇਜ਼ ਜ਼ਮੀਨ ਕਾਰਨ ਹਾਸਿਲ ਹੋਇਆ ਹੈ। ਪਰ ਬਹੁਤ ਅਫ਼ਸੋਸ ਦੀ ਗੱਲ ਹੈ ਕਿ ਪੰਜਾਬੀਆਂ ਦੀ ਇਸ ਸਖ਼ਤ ਮਿਹਨਤ ਨੂੰ ਸਮੇਂ-ਸਮੇਂ ਦੀਆਂ ਕੇਂਦਰ ਅਤੇ ਪੰਜਾਬ ਦੀਆਂ ਹਕੂਮਤਾਂ ਨੇ ਕਿਸੇ ਇਨਾਮ-ਸਨਮਾਨ ਨਾਲ ਨਿਵਾਜਣ ਦੀ ਥਾਂ ਪੰਜਾਬ ਦੀ ਖੇਤੀ ਨੂੰ ਮਾਰਨ ਵਾਲੀਆਂ ਕਿਸਾਨ ਮਾਰੂ ਨੀਤੀਆਂ ਬਣਾਈਆਂ ਹਨ ਅਤੇ ਹਰ ਹੀਲੇ ਪੰਜਾਬ ਵਿੱਚ ਲਾਗੂ ਕੀਤੀਆਂ ਹਨ।

ਇਸ ਦੀ ਤਾਜ਼ਾ ਉਦਾਹਰਨ ਪੰਜਾਬ ਦੀ ਮੌਜੂਦਾ 'ਆਪ' ਸਰਕਾਰ ਵੱਲੋਂ ਪੰਜਾਬ ਦਾ ਉਦਯੋਗੀਕਰਨ ਦੇ ਨਾਂਅ 'ਤੇ ਪੰਜਾਬ ਦੇ ਪਿੰਡਾਂ ਦੀ ਜ਼ਰਖੇਜ਼ ਪੱਧਰੀ ਖੇਤੀ ਵਾਲੀ ਉਪਜਾਊ ਜ਼ਮੀਨ ਨੂੰ ਇੰਡਟਸਟਰੀਅਲ ਜ਼ੋਨ ਬਣਾਉਣ ਦੀ ਸਕੀਮ ਲਿਆਉਣਾ ਹੈ। ਪੰਜਾਬ ਦੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦੇ ਇਲਾਕੇ ਧਾਰੀਵਾਲ ਦੇ ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇਅ ਦੇ ਨਾਲ ਲਗਦੇ ਪਿੰਡਾਂ ਦੀ 1262 ਏਕੜ ਜ਼ਮੀਨ ਨੂੰ ਸਭ ਤੋਂ ਪਹਿਲਾਂ ਇਸ ਤਜਵੀਜ਼ ਅਧੀਨ ਲਿਆਂਦਾ ਗਿਆ ਹੈ। ਇਸ ਇਲਾਕੇ ਦੇ ਇਸ ਜ਼ੋਨ ਹੇਠ ਆ ਰਹੇ ਪਿੰਡਾਂ ਜਫ਼ਰਵਾਲ, ਸਿੱਧਣਾ, ਅਠਵਾਲ, ਜਾਮੂਵਾਲ, ਸੋਹਲ ਅਤੇ ਚੌਧਰਪੁਰ ਦੇ ਪ੍ਰਭਾਵਿਤ ਕਿਸਾਨਾਂ ਵਿਚ ਇਸ ਕਾਰਨ ਦਹਿਸ਼ਤ ਪਾਈ ਜਾ ਰਹੀ ਹੈ। ਇਸ ਇੰਡਸਟਰੀਅਲ ਜ਼ੋਨ ਦਾ ਨਕਸ਼ਾ ਵੀ ਸਾਹਮਣੇ ਆ ਗਿਆ ਹੈ ਅਤੇ ਸਰਕਾਰੀ ਪੱਧਰ 'ਤੇ ਇਸ ਸੰਬੰਧੀ ਕਾਫ਼ੀ ਕਾਰਵਾਈਆਂ ਨੂੰ ਮੁਕੰਮਲ ਵੀ ਕੀਤਾ ਜਾ ਚੁੱਕਾ ਹੈ। ਇਸ ਦਾ ਅਚਾਨਕ ਪਤਾ ਲੱਗਣ 'ਤੇ ਇਲਾਕੇ ਦੇ ਕਿਸਾਨਾਂ ਵਿਚ ਹਾਹਾਕਾਰ ਮਚ ਗਈ ਹੈ ਅਤੇ ਉਹ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਇਸ ਦਾ ਵਿਰੋਧ ਕਰ ਰਹੇ ਹਨ।

ਇਸ ਤਰ੍ਹਾਂ ਦੇ ਇੰਡਸਟਰੀਅਲ ਜ਼ੋਨ ਬਣਾਉਣ ਲਈ ਖੇਤੀ ਲਈ ਉਪਜਾਊ ਜ਼ਮੀਨ ਨੂੰ ਵਰਤਣਾ ਕਿਸੇ ਵੀ ਤਰ੍ਹਾਂ ਤਰਕਸੰਗਤ ਨਹੀਂ ਹੈ। ਜਿਸ ਇਲਾਕੇ ਵਿੱਚ ਵੀ ਅਜਿਹੇ ਉਦਯੋਗਿਕ ਖੇਤਰ ਬਣਨਗੇ, ਉਸ ਖੇਤਰ ਦੇ ਵਾਤਾਵਰਨ ਵਿੱਚ ਬਦਲਾਅ ਆਵੇਗਾ। ਹਰੇਕ ਤਰ੍ਹਾਂ ਦਾ ਪ੍ਰਦੂਸ਼ਣ ਵਧੇਗਾ ਅਤੇ ਧਰਤੀ ਹੇਠਲਾ ਪਾਣੀ ਵੀ ਗੰਧਲਾ ਹੋ ਜਾਵੇਗਾ। ਇਸ ਨਾਲ ਇਲਾਕੇ ਦੇ ਲੋਕਾਂ ਦੀ ਸਿਹਤ ਅਤੇ ਜ਼ਿੰਦਗੀਆਂ ਨਾਲ ਵੀ ਖਿਲਵਾੜ ਹੋਵੇਗਾ ਕਿਉਂਕਿ ਪੰਜਾਬ ਦੇ ਖੇਤੀਯੋਗ ਇਲਾਕੇ ਸੰਘਣੀ ਮਨੁੱਖੀ ਵਸੋਂ ਵਾਲੇ ਰਿਹਾਇਸ਼ੀ ਇਲਾਕੇ ਹਨ। ਸਰਕਾਰ ਦੁਆਰਾ ਉਦਯੋਗੀਕਰਨ ਦੇ ਨਾਂਅ 'ਤੇ ਸਿਰਫ਼ ਵੱਡੇ ਕਾਰਪੋਰੇਟ ਘਰਾਣਿਆਂ ਅਤੇ ਵਪਾਰੀਆਂ ਨੂੰ ਲਾਭ ਪਹੁੰਚਾਉਣ ਲਈ ਇਹ ਤਜਵੀਜ਼ ਲਿਆਂਦੀ ਗਈ ਹੈ। ਭਵਿੱਖ ਵਿਚ ਕਾਰਪੋਰੇਟ ਘਰਾਣਿਆਂ ਨੂੰ ਕੋਈ ਵੀ ਫੈਕਟਰੀ ਲਗਾਉਣ ਲਈ ਜ਼ਮੀਨ ਦੀ ਤਲਾਸ਼ ਕਰਨ ਦੀ ਲੋੜ ਨਹੀਂ ਰਹੇਗੀ ਕਿਉਂਕਿ ਸਰਕਾਰ ਪਹਿਲਾਂ ਹੀ ਰੈੱਡ ਜ਼ੋਨ ਇੰਡਸਟਰੀਅਲ ਏਰੀਆ ਨਿਰਧਾਰਿਤ ਕਰ ਚੁੱਕੀ ਹੋਵੇਗੀ। ਕਿਸੇ ਵੀ ਕਾਰਪੋਰੇਟ ਘਰਾਣੇ ਨੂੰ ਇਸ ਇੰਡਸਟਰੀਅਲ ਜ਼ੋਨ ਵਿੱਚ ਕੋਈ ਵੀ ਉਦਯੋਗ ਸਥਾਪਿਤ ਕਰਨ ਲਈ ਐਨ.ਓ.ਸੀ. ਦੀ ਵੀ ਲੋੜ ਨਹੀਂ ਪਵੇਗੀ। ਪਰ ਕਿਸਾਨ, ਜਿਨ੍ਹਾਂ ਦੀ ਜ਼ਮੀਨ ਉਨ੍ਹਾਂ ਦੀ ਮਾਂ ਸਨਮਾਨ ਹੁੰਦੀ ਹੈ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਅਤੇ ਪਰਿਵਾਰ ਪਾਲਣ ਦਾ ਇੱਕ ਮਾਤਰ ਸਾਧਨ ਹੁੰਦੀ ਹੈ, ਉਹ ਆਪਣੀ ਹੀ ਜ਼ਮੀਨ ਤੋਂ ਉਨ੍ਹਾਂ ਦੀ ਮਰਜ਼ੀ ਤੋਂ ਬਿਨਾਂ ਹੀ ਬੇਦਖਲ ਕਰ ਦਿੱਤੇ ਜਾਣਗੇ। ਸਰਹੱਦੀ ਜ਼ਿਲ੍ਹੇ ਗੁਰਦਾਸਪੁਰ ਦੇ ਜਿਸ ਧਾਰੀਵਾਲ ਇਲਾਕੇ ਦੇ ਪਿੰਡਾਂ ਵਿਚ ਇੰਡਟਸਰੀਅਲ ਜ਼ੋਨ ਬਣਾਉਣ ਦੀ ਤਜਵੀਜ਼ ਸਾਹਮਣੇ ਆਈ ਹੈ, ਇਸ ਇਲਾਕੇ ਦੇ ਜ਼ਿਆਦਾਤਰ ਕਿਸਾਨ ਇੱਕ ਜਾਂ ਦੋ ਏਕੜ ਜ਼ਮੀਨ ਦੇ ਮਾਲਕ ਛੋਟੇ ਕਿਸਾਨ ਹਨ। ਇਨ੍ਹਾਂ ਦਾ ਗੁਜ਼ਾਰਾ ਸਿਰਫ਼ ਇਸ ਜ਼ਮੀਨ ਆਸਰੇ ਹੀ ਹੈ। ਕਈ ਕਿਸਾਨਾਂ ਦੇ ਘਰ ਵੀ ਇਸ ਰੈੱਡ ਜ਼ੋਨ ਇੰਡਸਟਰੀਅਲ ਏਰੀਏ ਵਿੱਚ ਹਨ। ਇਹ ਸਾਰੇ ਕਿਸਾਨ ਮਾਨਸਿਕ ਪ੍ਰੇਸ਼ਾਨੀ ਵਿੱਚ ਹਨ। ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਿੱਚ ਵੀ ਜਦ ਇਹ ਤਜਵੀਜ਼ਾਂ ਸਾਹਮਣੇ ਆਉਣਗੀਆਂ ਤਾਂ ਇਸੇ ਤਰ੍ਹਾਂ ਦੇ ਹਾਲਾਤ ਪੈਦਾ ਹੋਣਗੇ ਅਤੇ ਮਜਬੂਰਨ ਕਿਸਾਨਾਂ ਨੂੰ ਧਰਨਿਆਂ ਅਤੇ ਅੰਦੋਲਨਾਂ ਦਾ ਰਾਹ ਫੜਨਾ ਪਵੇਗਾ।

ਕਿਸੇ ਵੀ ਦੇਸ਼ ਜਾਂ ਸੂਬੇ ਦੀ ਬਹੁਪੱਖੀ ਤਰੱਕੀ ਲਈ ਉਦਯੋਗੀਕਰਨ ਜ਼ਰੂਰੀ ਹੈ, ਪਰ ਇਹ ਉਦਯੋਗੀਕਰਨ ਵਾਤਾਵਰਨ ਪੱਖੀ ਅਤੇ ਲੋਕ ਪੱਖੀ ਹੋਣਾ ਚਾਹੀਦਾ ਹੈ। ਖੇਤੀ ਪੰਜਾਬ ਅਤੇ ਦੇਸ਼ ਦੀ ਆਰਥਿਕਤਾ ਦਾ ਧੁਰਾ ਹੈ। ਜੇਕਰ ਖੇਤੀ ਨਾ ਰਹੀ ਤਾਂ ਕੁਝ ਵੀ ਨਹੀਂ ਰਹੇਗਾ। ਦੇਸ਼ ਦੀ ਆਬਾਦੀ ਸੰਸਾਰ ਵਿਚ ਪਹਿਲੇ ਨੰਬਰ 'ਤੇ ਹੈ ਤੇ ਤੇਜ਼ੀ ਨਾਲ ਵਧ ਰਹੀ ਹੈ। ਜੇਕਰ ਰਿਹਾਇਸ਼ੀ ਖੇਤਰ, ਉਦਯੋਗਿਕ ਖੇਤਰ ਅਤੇ ਸੜਕਾਂ, ਰੇਲ ਮਾਰਗਾਂ ਦੇ ਵਧਣ ਨਾਲ ਸਾਲ ਦਰ ਸਾਲ ਖੇਤੀਬਾੜੀ ਵਾਲੀ ਜ਼ਮੀਨ ਇਸੇ ਤਰ੍ਹਾਂ ਘਟਦੀ ਗਈ ਤਾਂ ਦੇਸ਼ ਇਕ ਵਾਰ ਫਿਰ ਤੋਂ ਅੰਨ ਸੰਕਟ ਦਾ ਸ਼ਿਕਾਰ ਹੋ ਜਾਵੇਗਾ, ਕਿਉਂਕਿ ਹਰੀ ਕ੍ਰਾਂਤੀ ਤੋਂ ਬਾਅਦ ਫ਼ਸਲਾਂ ਦੀ ਪੈਦਾਵਾਰ ਵਿਚ ਹੋਏ ਵਾਧੇ ਵਿਚ ਜਲਵਾਯੂ ਪਰਿਵਰਤਨ ਅਤੇ ਹੋਰ ਕਈ ਕਾਰਨਾਂ ਕਰਕੇ ਖੜੋਤ ਆ ਚੁੱਕੀ ਹੈ। ਕੇਂਦਰ ਅਤੇ ਸੂਬਾ ਸਰਕਾਰ ਨੂੰ ਕੋਈ ਵੀ ਨੀਤੀ ਬਣਾਉਣ ਤੋਂ ਪਹਿਲਾਂ ਇਸ ਪੱਖ ਨੂੰ ਵੀ ਗੰਭੀਰਤਾ ਨਾਲ ਵਿਚਾਰਨਾ ਚਾਹੀਦਾ ਹੈ।

ਪੰਜਾਬ ਦੀ ਕਿਸਾਨੀ ਤਾਂ ਪਹਿਲਾਂ ਹੀ ਕਈ ਤਰ੍ਹਾਂ ਦੀਆਂ ਗੰਭੀਰ ਸਮੱਸਿਆਵਾਂ ਦਾ ਸ਼ਿਕਾਰ ਹੈ। ਪੰਜਾਬ ਦੇ 75 ਫ਼ੀਸਦੀ ਤੋਂ ਵੱਧ ਕਿਸਾਨ ਚਾਰ ਏਕੜ ਤੋਂ ਘੱਟ ਜ਼ਮੀਨ ਦੇ ਮਾਲਕ ਹਨ। ਛੋਟੇ ਕਿਸਾਨਾਂ ਲਈ ਖੇਤੀ ਹੁਣ ਲਾਹੇਵੰਦ ਕਿੱਤਾ ਨਹੀਂ ਰਹੀ। ਸਰਕਾਰੀ ਨੀਤੀਆਂ, ਜਲਵਾਯੂ ਪਰਿਵਰਤਨ, ਫ਼ਸਲਾਂ ਦੀ ਘਟ ਰਹੀ ਪੈਦਾਵਾਰ, ਫ਼ਸਲਾਂ ਦੇ ਘੱਟ ਭਾਅ, ਵਧ ਰਹੀਆਂ ਲਾਗਤਾਂ ਨੇ ਪੰਜਾਬ ਦੇ ਕਿਸਾਨਾਂ ਨੂੰ ਕਰਜ਼ਾਈ ਕਰਕੇ ਖੁਦਕੁਸ਼ੀ ਦੇ ਰਾਹ ਪਾ ਦਿੱਤਾ ਹੈ। ਅਗਲੀ ਪੀੜ੍ਹੀ ਖੇਤੀ ਕਰਨਾ ਤਾਂ ਦੂਰ ਪੰਜਾਬ ਵਿੱਚ ਰਹਿ ਕੇ ਵੀ ਰਾਜ਼ੀ ਨਹੀਂ। ਨਸ਼ੇ ਅਤੇ ਗੈਂਗਸਟਰਵਾਦ ਨੌਜਵਾਨੀ ਨੂੰ ਕੈਂਸਰ ਵਾਂਗ ਬਰਬਾਦ ਕਰ ਰਹੇ ਹਨ। ਇਹ ਸਾਰਾ ਕੁਝ ਦੁਖਦਾਇਕ ਹੈ। ਪਰ ਇਸ ਸਮੇਂ ਪੰਜਾਬ ਸਰਕਾਰ ਨੂੰ ਆਪਣੀ ਇਸ ਇੰਡਸਟਰੀਅਲ ਜ਼ੋਨ ਬਣਾਉਣ ਦੀ ਤਜਵੀਜ਼ ਬਾਰੇ ਦੁਬਾਰਾ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ। ਕਿਸਾਨਾਂ ਦੇ ਪੱਖ ਅਤੇ ਹਿਤਾਂ ਨੂੰ ਸਭ ਤੋਂ ਉੱਪਰ ਰੱਖ ਕੇ ਵਿਚਾਰਨ ਦੀ ਲੋੜ ਹੈ। ਕੇਂਦਰ ਸਰਕਾਰ ਨੇ ਤਾਂ ਪਹਿਲਾਂ ਹੀ ਐਸ. ਵਾਈ. ਐਲ. ਵਰਗੇ ਪੰਜਾਬ ਲਈ ਘਾਤਕ ਫ਼ੈਸਲੇ ਅਤੇ ਸਮਝੌਤੇ ਪੰਜਾਬ ਸਿਰ ਥੋਪ ਕੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ ਹੈ। ਇਹ ਕੌੜਾ ਸੱਚ ਇਤਿਹਾਸ ਦਾ ਹਿੱਸਾ ਹੈ। ਪੰਜਾਬ ਦੀ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਅਜਿਹੇ ਫ਼ੈਸਲਿਆਂ ਤੋਂ ਬਚਣਾ ਚਾਹੀਦਾ ਹੈ। ਪੰਜਾਬ ਵਿਚ ਉਦਯੋਗ ਲੱਗਣੇ ਚਾਹੀਦੇ ਹਨ ਪਰ ਇਸ ਲਈ ਖੇਤੀਯੋਗ ਉਪਜਾਊ ਜ਼ਮੀਨ ਨਹੀਂ ਵਰਤਣੀ ਚਾਹੀਦੀ। ਪੰਜਾਬ ਸਰਕਾਰ ਨੂੰ ਉਦਯੋਗਿਕ ਖੇਤਰ ਲਈ ਪੰਜਾਬ ਦੇ ਕੰਡੀ ਖੇਤਰ ਦੀ ਵਰਤੋਂ ਕਰਨੀ ਚਾਹੀਦੀ ਹੈ। ਪਠਾਨਕੋਟ ਤੋਂ ਲੈ ਕੇ ਰੋਪੜ ਤੱਕ ਪੰਜਾਬ ਦਾ ਨੀਮ ਪਹਾੜੀ ਕੰਡੀ ਖੇਤਰ ਅਜਿਹੇ ਇੰਡਸਟਰੀਅਲ ਜ਼ੋਨਾਂ ਲਈ ਬਹੁਤ ਢੁਕਵਾਂ ਹੈ। ਇਸ ਤਰ੍ਹਾਂ ਪੰਜਾਬ ਦੇ ਇਸ ਪਛੜੇ ਹੋਏ ਨੀਮ ਪਹਾੜੀ ਇਲਾਕੇ ਦਾ ਵਿਕਾਸ ਵੀ ਹੋਵੇਗਾ ਅਤੇ ਪੰਜਾਬ ਦਾ ਉਦਯੋਗੀਕਰਨ ਵੀ ਹੋਵੇਗਾ। ਪੰਜਾਬ ਸਰਕਾਰ ਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਅਜਿਹੇ ਇੰਡਸਟਰੀਅਲ ਜ਼ੋਨਾਂ ਵਿਚ ਖੇਤੀ ਆਧਾਰਿਤ ਸਨਅਤਾਂ ਨੂੰ ਸਥਾਪਿਤ ਕਰਵਾਉਣ ਲਈ ਪਹਿਲ ਕਰੇ ਤਾਂ ਜੋ ਪੰਜਾਬ ਦੇ ਕਿਸਾਨਾਂ ਨੂੰ ਇਸ ਦਾ ਲਾਭ ਪਹੁੰਚੇ ਅਤੇ ਪੰਜਾਬ ਵਿਚ ਰਵਾਇਤੀ ਫ਼ਸਲਾਂ ਦੀ ਥਾਂ ਬਦਲਵੀਆਂ ਫ਼ਸਲਾਂ ਦੀ ਖੇਤੀ ਹੋ ਸਕੇ, ਬਾਗ਼ਬਾਨੀ ਉਤਸ਼ਾਹਿਤ ਹੋ ਸਕੇ। ਇਸ ਲਈ ਪੰਜਾਬ ਸਰਕਾਰ ਨੂੰ ਜਲਦ ਤੋਂ ਜਲਦ ਆਪਣੇ ਇੰਡਸਟਰੀਅਲ ਜ਼ੋਨ ਬਣਾਉਣ ਦੇ ਫ਼ੈਸਲੇ ਬਾਰੇ ਸਾਰੇ ਪੱਖਾਂ ਨੂੰ ਵਿਚਾਰ ਕੇ ਹੀ ਕੋਈ ਪੱਕਾ ਫ਼ੈਸਲਾ ਕਰਨਾ ਚਾਹੀਦਾ ਹੈ ਅਤੇ ਗੁਰਦਾਸਪੁਰ ਜ਼ਿਲ੍ਹੇ ਦੇ ਧਾਰੀਵਾਲ ਇਲਾਕੇ ਦੇ ਇਸ ਇੰਡਸਟਰੀਅਲ ਜ਼ੋਨ ਤੋਂ ਪ੍ਰਭਾਵਿਤ ਹੋ ਰਹੇ ਪਿੰਡਾਂ ਦੇ ਲੋਕਾਂ ਨੂੰ ਰਾਹਤ ਪ੍ਰਦਾਨ ਕਰਨੀ ਚਾਹੀਦੀ ਹੈ।

# ਪੰਜਾਬ ਦੀ ਖੁਸ਼ਹਾਲੀ ਲਈ ਪਰਵਾਸੀ ਪੰਜਾਬੀਆਂ ਦੀ ਰਾਜਨੀਤੀ ਵਿੱਚ ਹਿੱਸੇਦਾਰੀ ਸਮੇਂ ਦੀ ਲੋੜ



**ਸਤਨਾਮ ਸਿੰਘ ਚਾਹਲ**



ਪੰਜਾਬ ਦੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਦਾ ਅੱਜ ਤੱਕ ਜੋ ਵਿਕਾਸ ਹੋਇਆ ਹੈ ਜਾਂ ਇਥੇ ਰਹਿਣ ਵਾਲੇ ਲੋਕਾਂ ਦੇ ਜੀਵਨ ਵਿੱਚ ਜੋ ਸੁਧਾਰ ਨਜ਼ਰ ਆਉਂਦਾ ਹੈ, ਉਸ ਵਿੱਚ ਪਰਦੇਸਾਂ ਵਿੱਚ ਰਹਿਣ ਵਾਲੇ ਪੰਜਾਬੀਆਂ ਦਾ ਸਿੱਧੇ ਤੇ ਅਸਿੱਧੇ ਤੌਰ 'ਤੇ ਬਹੁਤ ਵੱਡਾ ਯੋਗਦਾਨ ਹੈ। ਅਜੇ ਕੁਝ ਦਹਾਕੇ ਪਹਿਲਾਂ ਦੀ ਗੱਲ ਹੈ ਜਦੋਂ ਪੰਜਾਬ ਦੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿੱਚ ਕੱਚੇ ਮਕਾਨਾਂ ਦੀ ਬਹੁ-ਗਿਣਤੀ ਹੁੰਦੀ ਸੀ। ਕਿਸੇ ਵਿਰਲੇ ਹੀ ਪਿੰਡ ਵਿੱਚ ਅੱਜ ਵਾਂਗ ਬਣੀਆਂ ਹੋਈਆਂ ਆਲੀਸ਼ਾਨ ਕੋਠੀਆਂ ਦਿਖਾਈ ਦਿੰਦੀਆਂ ਸਨ। ਲੋਕਾਂ ਦੇ ਜੀਵਨ ਵਿੱਚ ਅੱਜ ਵਰਗੀਆਂ ਸੁੱਖ-ਸਹੂਲਤਾਂ ਮੌਜੂਦ ਨਹੀਂ ਸਨ। ਇਸ ਸਾਰੇ ਹੋਏ ਵਿਕਾਸ ਤੇ ਜਨਜੀਵਨ ਵਿੱਚ ਆਏ ਸੁਧਾਰ ਵਿੱਚ ਪਰਵਾਸੀ ਪੰਜਾਬੀਆਂ ਦਾ ਬਹੁਤ ਵੱਡਾ ਯੋਗਦਾਨ ਹੈ ਪਰ ਇਸ ਸਾਰੇ ਸੁਧਾਰ ਤੇ ਵਿਕਾਸ ਦੇ ਬਾਵਜੂਦ ਵੀ ਇਨ੍ਹਾਂ ਪਿੰਡਾਂ ਤੇ ਕਸਬਿਆਂ ਵਿੱਚ ਗਰੀਬੀ ਦੀ ਦਲਦਲ ਵਿੱਚ ਫਸੇ ਹੋਏ ਬਹੁਤੇ ਲੋਕ ਅਜੇ ਵੀ ਆਪਣੀਆਂ ਆਰਥਿਕ ਤੰਗੀਆਂ ਕੱਟ ਰਹੇ ਹਨ। ਜਿਸ ਕਾਰਨ ਬਹੁਤ ਸਾਰੀਆਂ ਥਾਵਾਂ 'ਤੇ ਗਰੀਬੀ ਦੇ ਸਤਾਏ ਤੇ ਕਰਜ਼ੇ ਦੀ ਮਾਰ ਹੇਠ ਦੱਬੇ ਹੋਏ ਲੋਕਾਂ ਨੇ ਖੁਦਕੁਸ਼ੀਆਂ ਕਰਕੇ ਆਪੋ-ਆਪਣੀਆਂ ਜ਼ਿੰਦਗੀਆਂ ਦਾ ਅੰਤ ਕਰ ਲਿਆ ਹੈ। ਬਹੁਤ ਸਾਰੇ ਲੋਕ ਬੇਰੁਜ਼ਗਾਰ ਫਿਰ ਰਹੇ ਹਨ ਜਿਨ੍ਹਾਂ ਕੋਲ ਪੇਟ ਭਰਨ ਤੇ ਤਨ ਢੱਕਣ ਲਈ ਰੁਜ਼ਗਾਰ ਦੇ ਸਾਧਨ ਨਹੀਂ ਹਨ। ਪੰਜਾਬ ਸਰਕਾਰ ਅਜਿਹੇ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਜਾਂ ਇਨ੍ਹਾਂ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਸਿਵਾਏ ਵਾਅਦਿਆਂ ਤੋਂ ਹੋਰ ਕੁਝ ਨਹੀਂ ਕਰ ਰਹੀ। ਬਹੁਤ ਸਾਰੇ ਪ੍ਰਵਾਸੀ ਪੰਜਾਬੀ ਅਜਿਹੇ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਤੇ ਬੇਰੁਜ਼ਗਾਰ ਲੋਕਾਂ ਨੂੰ ਰੁਜ਼ਗਾਰ ਦੇ ਸਾਧਨ ਪੈਦਾ ਕਰ ਦੇਣ ਦੀ ਸਮਰੱਥਾ ਤਾਂ ਰੱਖਦੇ ਹਨ ਪਰ ਪਰਵਾਸੀ ਪੰਜਾਬੀਆਂ ਦੀ ਇਸ ਸਮਰੱਥਾ ਦਾ ਫਾਇਦਾ ਲੈਣ ਲਈ ਅੱਜ ਤੱਕ ਨਾ ਤਾਂ ਪੰਜਾਬ ਸਰਕਾਰ ਨੇ ਕਦੇ ਸੰਜੀਦਗੀ ਨਾਲ ਯਤਨ ਕੀਤਾ ਹੈ ਤੇ ਨਾ ਹੀ ਕਿਸੇ ਹੋਰ ਜਥੇਬੰਦੀ ਨੇ। ਜੇਕਰ ਪਰਵਾਸੀ ਪੰਜਾਬੀਆਂ ਦੀ ਭਲਾਈ ਲਈ ਕੰਮ ਕਰਨ ਦਾ ਦਾਅਵਾ ਕਰਨ ਵਾਲੀ ਐਨ. ਆਰ. ਆਈ. ਸਭਾ ਪੰਜਾਬ ਨੇ ਇਸ ਦਿਸ਼ਾ ਵਿੱਚ ਕੁਝ ਯਤਨ ਕਰਨ ਲਈ ਹੰਭਲਾ ਮਾਰਿਆ ਵੀ ਹੈ ਤਾਂ ਉਸ ਦੀ ਕੋਈ ਲਾਹੇਵੰਦ ਪ੍ਰਾਪਤੀ ਨਹੀਂ ਹੋ ਸਕੀ। ਭਾਵੇਂ ਸਮੇਂ-ਸਮੇਂ ਅਨੁਸਾਰ ਵਕਤ ਦੀ ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਸਨਅਤਾਂ ਲਾਉਣ ਲਈ ਉਤਸ਼ਾਹਤ ਕਰਨ ਲਈ ਬਹੁਤ ਸਾਰੀਆਂ ਸਕੀਮਾਂ ਦੇ ਐਲਾਨ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਪਰ ਜੇਕਰ ਇਨ੍ਹਾਂ ਸਕੀਮਾਂ ਦਾ ਲਾਭ ਲੈਣ ਦਾ ਯਤਨ ਕਰਨ ਵਾਲੇ ਕਿਸੇ ਪਰਵਾਸੀ ਪੰਜਾਬੀ ਦੇ ਤਜਰਬੇ ਨੂੰ ਧਿਆਨ ਨਾਲ ਸੁਣਿਆ ਜਾਵੇ ਤਾਂ ਇਨ੍ਹਾਂ ਸਕੀਮਾਂ ਦੀ ਪੋਲ ਖੁੱਲ੍ਹ ਜਾਂਦੀ ਹੈ। ਇਥੇ ਇਕ ਉਦਾਹਰਨ ਦੇਣੀ ਜ਼ਰੂਰੀ ਸਮਝਦਾ ਹਾਂ। ਕੁਝ ਦਿਨ ਹੋਏ ਮੈਨੂੰ ਇਕ ਮਿੱਤਰ ਪਰਿਵਾਰ ਵੱਲੋਂ ਪਰਿਵਾਰ ਸਮੇਤ ਖਾਣੇ 'ਤੇ ਬੁਲਾਇਆ ਗਿਆ। ਮੇਰੇ ਮਿੱਤਰ ਦੇ ਘਰ ਉਸ ਦੀ ਇੱਕ ਭੈਣ ਪਰਿਵਾਰ ਨੂੰ ਮਿਲਣ ਲਈ ਆਈ ਹੋਈ ਸੀ। ਇਹ ਬੀਬੀ ਕਿਸੇ ਅੰਤਰਰਾਸ਼ਟਰੀ ਕੰਪਨੀ ਵਿੱਚ ਇੱਕ ਉੱਚ ਪੱਧਰ ਦੀ ਅਧਿਕਾਰੀ ਹੈ ਜਿਸ ਦੇ ਜ਼ਿੰਮੇ ਕੰਪਨੀ ਨੇ ਵਿਦੇਸ਼ਾਂ ਵਿੱਚ ਕੰਪਨੀ ਦੀਆਂ ਇਕਾਈਆਂ ਸਥਾਪਿਤ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਾ ਕੇ ਆਪਣੀਆਂ ਸਿਫਾਰਸ਼ਾਂ ਦੇਣ ਦਾ ਕੰਮ ਲਾਇਆ ਹੋਇਆ ਹੈ। ਆਪਣੀ ਕੰਪਨੀ ਦੀ ਇਕਾਈ ਪੰਜਾਬ ਵਿੱਚ ਸਥਾਪਤ ਕਰਨ ਲਈ ਤਿਆਰ ਕੀਤੇ ਗਏ ਇੱਕ ਪ੍ਰੋਜੈਕਟ ਨੂੰ ਪੰਜਾਬ ਦੇ ਹੁਕਮਰਾਨਾਂ ਕੋਲ ਲੈ ਕੇ ਜਾਣ ਵਾਲੇ ਤਜਰਬੇ ਜਿਹੜੇ ਉਸ ਨੇ ਮੇਰੇ ਨਾਲ ਸਾਂਝੇ ਕੀਤੇ, ਉਹ ਸਾਡੇ ਸਿਆਸੀ ਆਗੂਆਂ ਦੇ ਦਾਅਵਿਆਂ ਤੋਂ ਉਲਟ ਭੁਗਤਦੇ ਹਨ। ਅੱਜ ਸਾਨੂੰ ਇਹ ਗੱਲ ਸੋਚਣੀ ਚਾਹੀਦੀ ਹੈ ਕਿ ਜਿਹੜੇ ਪਰਵਾਸੀ ਪੰਜਾਬੀ ਵਿਦੇਸ਼ਾਂ ਵਿੱਚ ਜਾ ਕੇ ਆਪੋ-ਆਪਣੇ ਕਾਰੋਬਾਰਾਂ ਰਾਹੀਂ ਹਜ਼ਾਰਾਂ ਵਿਦੇਸ਼ੀਆਂ ਨੂੰ ਰੁਜ਼ਗਾਰ ਦੇ ਰਹੇ ਹਨ, ਉਹ ਆਪਣੇ ਪੰਜਾਬ ਵਿੱਚ ਸਨਅਤਾਂ ਸਥਾਪਤ ਕਰਕੇ ਪੰਜਾਬ ਦੇ ਬੇਰੁਜ਼ਗਾਰ ਲੋਕਾਂ ਨੂੰ ਰੁਜ਼ਗਾਰ ਦੇਣ ਲਈ ਸਨਅਤਾਂ ਸਥਾਪਤ ਕਰਨ ਦਾ ਯਤਨ ਕਿਉਂ ਨਹੀਂ ਕਰ ਰਹੇ। ਦਰਅਸਲ ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਜਿਹੜੇ ਪਰਵਾਸੀ ਪੰਜਾਬੀ ਪੰਜਾਬ ਅੰਦਰ ਆਪਣੀਆਂ ਸਨਅਤਾਂ ਜਾਂ ਵਪਾਰਕ ਅਦਾਰੇ ਸਥਾਪਿਤ ਕਰਨ ਦੀ ਸਮਰੱਥਾ ਰੱਖਦੇ ਹਨ, ਉਨ੍ਹਾਂ ਪਰਵਾਸੀ ਪੰਜਾਬੀਆਂ ਨੂੰ ਕੰਮ ਕਰਨ ਦਾ ਸਾਫ-ਸੁਥਰਾ ਵਾਤਾਵਰਣ ਪੰਜਾਬ ਅੰਦਰ ਨਹੀਂ ਮਿਲ ਰਿਹਾ ਜਿਸ ਕਾਰਨ ਉਹ ਸਰਕਾਰੀ ਖੱਜਲ-ਖੁਆਰੀ ਤੋਂ ਡਰਦੇ ਪੰਜਾਬ ਵੱਲ ਮੂੰਹ ਕਰਨ ਲਈ ਤਿਆਰ ਨਹੀਂ ਹਨ। ਅੱਜ ਵਿਦੇਸ਼ਾਂ ਵਿੱਚ ਜਿਹੜੇ ਪਰਵਾਸੀ ਪੰਜਾਬੀ ਪਰਿਵਾਰਾਂ ਨੇ ਸ਼ਾਨਦਾਰ ਤਰੱਕੀ ਕਰਕੇ ਆਪੋ-ਆਪਣੇ ਦੇਸ਼ਾਂ ਵਿਚ ਆਪਣੀ ਸ਼ਾਨਦਾਰ ਥਾਂ ਬਣਾਈ ਹੈ, ਉਸ ਦੇ ਪਿੱਛੇ ਉਨ੍ਹਾਂ ਦੇ ਦੇਸ਼ਾਂ ਵਿੱਚ ਕੰਮਕਾਰ ਤੇ ਤਰੱਕੀ ਕਰਨ ਦੇ ਮੌਕਿਆਂ ਲਈ ਸਾਫ਼-ਸੁਥਰੇ ਵਾਤਾਵਰਣ ਦਾ ਹੋਣਾ ਹੈ। ਜੇਕਰ ਇਨ੍ਹਾਂ ਖੁਸ਼ਹਾਲ ਪੰਜਾਬੀ ਪਰਵਾਸੀ ਪਰਿਵਾਰਾਂ ਦੇ ਪਿਛੋਕੜ ਵੱਲ ਧਿਆਨ ਮਾਰੀਏ ਤਾਂ ਇਹ ਗੱਲ ਬਿਲਕੁਲ ਸੱਚ ਹੈ ਕਿ ਇਨ੍ਹਾਂ ਪਰਵਾਸੀ ਪੰਜਾਬੀਆਂ ਨੇ ਵੀ ਇਨ੍ਹਾਂ ਦੇਸ਼ਾਂ ਵਿਚ ਆ ਕੇ ਇਕ ਰੈਸਟੋਰੈਂਟ ਵਿਚ ਬਰਤਨ ਸਾਫ ਕਰਨ ਜਾਂ ਫਿਰ ਕਿਸੇ ਪੈਟਰੋਲ ਪੰਪ ਉੱਪਰ ਕੰਮ ਕਰਨ ਤੋਂ ਹੀ ਆਪਣੀ ਜ਼ਿੰਦਗੀ ਸ਼ੁਰੂ ਕੀਤੀ ਹੈ। ਇਨ੍ਹਾਂ ਪਰਵਾਸੀ ਪੰਜਾਬੀਆਂ ਦੀ ਮਿਹਨਤ, ਇਮਾਨਦਾਰੀ ਤੇ ਕੰਮ ਕਰਨ ਦੀਆਂ ਸਾਫ-ਸੁਥਰੀਆਂ ਹਾਲਤਾਂ ਕਾਰਨ ਹੀ ਇਹ ਲੋਕ ਆਰਥਿਕ ਤੌਰ 'ਤੇ ਖੁਸ਼ਹਾਲ ਹੋ ਸਕੇ ਹਨ। ਅੱਜ ਲੋੜ ਇਸ ਗੱਲ ਦੀ ਹੈ ਕਿ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿਚ ਸਨਅਤਾਂ ਤੇ ਵਪਾਰਕ ਅਦਾਰੇ ਸਥਾਪਿਤ ਕਰਨ ਲਈ ਕੰਮ ਕਰਨ ਦਾ ਸਾਫ-ਸੁਥਰਾ ਵਾਤਾਵਰਣ ਦਿੱਤਾ ਜਾਵੇ। ਪੰਜਾਬ ਅੰਦਰ ਸਨਅਤਾਂ ਜਾਂ ਵਪਾਰਕ ਅਦਾਰੇ ਸਥਾਪਿਤ ਕਰਨ ਲਈ ਪਰਵਾਸੀ ਪੰਜਾਬੀਆਂ ਨੂੰ ਅਫਸਰਸ਼ਾਹੀ ਦੀ ਚੁੰਗਲ ਤੋਂ ਮੁਕਤ ਕੀਤਾ ਜਾਵੇ। ਪੰਜਾਬ ਵਿੱਚ ਸਨਅਤਾਂ ਲਾਉਣ ਤੇ ਚਲਾਉਣ ਲਈ ਪਰਵਾਸੀ ਪੰਜਾਬੀਆਂ ਨੂੰ ਆਪਣੀ ਮਨਮਰਜ਼ੀ ਦੇ ਸਾਧਨ ਅਖ਼ਤਿਆਰ ਕਰਨ ਲਈ ਖੁੱਲ੍ਹੀ ਛੁਟੀ ਦਿੱਤੀ ਜਾਵੇ। ਸਨਅਤਾਂ ਲਾਉਣ ਤੇ ਉਨ੍ਹਾਂ ਨੂੰ ਚਲਾਉਣ ਲਈ ਹਰ ਕਿਸਮ ਦੀ ਸਰਕਾਰੀ ਦਖਲਅੰਦਾਜ਼ੀ ਨੂੰ ਮੁਕੰਮਲ ਬੰਦ ਕੀਤਾ ਜਾਵੇ। ਪਰਵਾਸੀ ਪੰਜਾਬੀਆਂ ਨੂੰ ਪੰਜਾਬ ਅੰਦਰ ਪੂੰਜੀ ਨਿਵੇਸ਼ ਕਰਨ ਲਈ ਪੰਜਾਬ ਦੀ ਰਾਜਨੀਤੀ ਅੰਦਰ ਹਿੱਸੇਦਾਰੀ ਨੂੰ ਯਕੀਨੀ ਬਣਾਇਆ ਜਾਵੇ। ਜੇਕਰ ਪੰਜਾਬ ਸਰਕਾਰ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਅੰਦਰ ਵਿਦੇਸ਼ਾਂ ਵਰਗਾ ਕੰਮ ਕਰਨ ਲਈ ਵਾਤਾਵਰਣ ਦੇਣ ਦਾ ਯਤਨ ਕਰੇਗੀ ਤਾਂ ਨਿਰਸੰਦੇਹ ਬਹੁਤ ਸਾਰੇ ਪਰਵਾਸੀ ਪੰਜਾਬੀ ਪੰਜਾਬ ਵਿਚ ਸਨਅਤਾਂ ਜਾਂ ਵਪਾਰਕ ਅਦਾਰੇ ਖੋਲ੍ਹਣ ਲਈ ਤਿਆਰ ਹੋ ਜਾਣਗੇ। ਪਰ ਜੇਕਰ ਪੰਜਾਬ ਸਰਕਾਰ ਨੇ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਵਿੱਚ ਸਨਅਤੀ ਅਦਾਰੇ ਲਾਉਣ ਲਈ ਸਾਫ-ਸੁਥਰਾ ਵਾਤਾਵਰਣ ਦੇ ਕੇ ਅਫਸਰਸ਼ਾਹੀ ਦੀ ਚੁੰਗਲ ਤੋਂ ਮੁਕਤ ਨਾ ਕੀਤਾ ਤਾਂ ਕੋਈ ਵੀ ਪਰਵਾਸੀ ਪੰਜਾਬੀ ਪੰਜਾਬ ਦੇ ਆਰਥਿਕ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਣ ਦਾ ਹੌਸਲਾ ਨਹੀਂ ਕਰ ਸਕੇਗਾ। ਕੀ ਪੰਜਾਬ ਸਰਕਾਰ ਤੇ ਪੰਜਾਬ ਦੇ ਸਿਆਸੀ ਲੀਡਰ ਇਸ ਦਿਸ਼ਾ ਵੱਲ ਕੁਝ ਕਰਨ ਦਾ ਯਤਨ ਕਰਨ ਦੀ ਕੋਸ਼ਿਸ਼ ਕਰਨਗੇ।

# ਚੋਣ ਗਾਰੰਟੀ ਦਾ ਲਾਲੀਪਾਪ ਪਵੇਗਾ ਮਹਿੰਗਾ

## ਸਮਝੋ ਕਾਂਗਰਸ ਤੇ ਭਾਜਪਾ ਦੇ ਇਨ੍ਹਾਂ ਵਾਅਦਿਆਂ ਦਾ ਅਰਥ ਸ਼ਾਸਤਰ

**ਉਮੇਸ਼ ਚਤੁਰਵੇਦੀ**



ਕੁਝ ਸਾਲ ਪਹਿਲਾਂ ਤੱਕ, ਮੁੰਬਈ ਸਿਨੇਮਾ ਦਾ ਮੁੱਖ ਆਧਾਰ ਫਾਰਮੂਲਾ ਸੀ। ਕਿਸੇ ਖਾਸ ਫਾਰਮੂਲੇ ’ਤੇ ਆਧਾਰਿਤ ਫਿਲਮ ਹਿੱਟ ਨਹੀਂ ਹੋਈ ਅਤੇ ਹਰ ਛੋਟੇ-ਵੱਡੇ ਨਿਰਮਾਤਾ ਨੇ ਇਹੀ ਫਾਰਮੂਲਾ ਦੁਹਰਾਉਣਾ ਸ਼ੁਰੂ ਕਰ ਦਿੱਤਾ। ਰਾਜਨੀਤੀ ਵੀ ਇਸੇ ਤਰ੍ਹਾਂ ਕੰਮ ਕਰਦੀ ਹੈ। ਇੱਕ ਵਾਰ ਕਿਸੇ ਪਾਰਟੀ ਵਿਸ਼ੇਸ਼ ਦਾ ਫਾਰਮੂਲਾ ਸੱਤਾ ਦੀ ਪੌੜੀ ਬਣ ਜਾਂਦਾ ਹੈ, ਫਿਰ ਪਾਰਟੀ ਉਸ ਨੂੰ ਚੋਣ ਪ੍ਰਚਾਰ ਵਿੱਚ ਵਾਰ-ਵਾਰ ਲਾਗੂ ਕਰਨਾ ਸ਼ੁਰੂ ਕਰ ਦਿੰਦੀ ਹੈ। ਗਾਰੰਟੀ ਸਕੀਮ ਕਾਂਗਰਸ ਦਾ ਅਜਿਹਾ ਹੀ ਫਾਰਮੂਲਾ ਹੈ, ਜਿਸ ਦੇ ਆਧਾਰ ’ਤੇ ਕਰਨਾਟਕ ’ਚ ਪਾਰਟੀ ਦੀ ਜਿੱਤ ਹੋਈ। ਹੁਣ ਪਾਰਟੀ ਇਸ ਫਾਰਮੂਲੇ ਨੂੰ ਅਜ਼ਮਾ ਰਹੀ ਹੈ ਜੋ ਦੂਜੇ ਰਾਜਾਂ ਵਿੱਚ ਵੀ ਜਿੱਤ ਦਾ ਕਾਰਨ ਬਣਿਆ। ਛੱਤੀਸਗੜ੍ਹ ਦੀਆਂ ਅੱਠ ਗਾਰੰਟੀਆਂ ਹੋਣ ਜਾਂ ਰਾਜਸਥਾਨ ਦੀਆਂ ਸੱਤ ਗਾਰੰਟੀਆਂ ਜਾਂ ਮੱਧ ਪ੍ਰਦੇਸ਼ ਦੇ ਗਿਆਰਾਂ ਵਾਅਦੇ, ਇਹ ਸਭ ਕਰਨਾਟਕ ਦੇ ਫਾਰਮੂਲੇ ਦਾ ਵਿਸਥਾਰ ਹਨ।

ਕਾਂਗਰਸ ਇਨ੍ਹਾਂ ਰਾਜਾਂ ਦੇ ਲੋਕਾਂ ਨਾਲ ਜੋ ਵਾਅਦੇ ਕਰ ਰਹੀ ਹੈ, ਉਨ੍ਹਾਂ ’ਤੇ ਵੱਡੀ ਰਕਮ ਖਰਚ ਕੀਤੀ ਜਾ ਰਹੀ ਹੈ। ਸਵਾਲ ਇਹ ਹੈ ਕਿ ਕਾਂਗਰਸ ਸਰਕਾਰਾਂ ਇਨ੍ਹਾਂ ਗਰੰਟੀਆਂ ਨੂੰ ਪੂਰਾ ਕਰਨ ਲਈ ਪੈਸਾ ਕਿੱਥੋਂ ਲਿਆਉਣਗੀਆਂ।

ਜਦੋਂ ਕਾਂਗਰਸ ਨੇ ਕਰਨਾਟਕ ਲਈ ਪੰਜ ਗਾਰੰਟੀਆਂ ਦਾ ਵਾਅਦਾ ਕੀਤਾ ਸੀ, ਤਾਂ ਅੰਦਾਜ਼ਾ ਲਗਾਇਆ ਗਿਆ ਸੀ ਕਿ ਇਸ ’ਤੇ 62 ਹਜ਼ਾਰ ਕਰੋੜ ਰੁਪਏ ਖਰਚ ਹੋਣਗੇ। ਇਹ ਰਕਮ ਸੂਬੇ ਦੇ ਕੁੱਲ ਬਜਟ ਦਾ ਕਰੀਬ 20 ਫੀਸਦੀ ਬਣਦੀ ਹੈ। ਹਾਲਾਂਕਿ ਕਾਂਗਰਸ ਨੇ ਕਿਹਾ ਕਿ ਸੂਬੇ ਦੇ ਕੁੱਲ ਬਜਟ ਦਾ ਕਰੀਬ ਪੰਦਰਾਂ ਫੀਸਦੀ ਹੀ ਇਸ ’ਤੇ ਖਰਚ ਕੀਤਾ ਜਾਵੇਗਾ।

ਹਿਮਾਚਲ ਪ੍ਰਦੇਸ਼ ਵਿੱਚ ਪਾਰਟੀ ਨੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਅਤੇ ਔਰਤਾਂ ਨੂੰ ਮਹੀਨਾਵਾਰ ਸਹਾਇਤਾ ਭੱਤਾ ਦੇਣ ਦਾ ਵਾਅਦਾ ਕੀਤਾ ਸੀ। ਉੱਥੇ ਹੀ ਸਰਕਾਰ ਵੀ ਵਿੱਤੀ ਬੋਝ ਨਾਲ ਜੂਝਣ ਲੱਗੀ ਹੈ।

ਅਸਲ ਵਿੱਚ, ਗਾਰੰਟੀ ’ਤੇ ਸੂਬਿਆਂ ਦੇ ਖਰਚਿਆਂ ਵਿੱਚ ਭਾਰੀ ਵਾਧੇ ਤੋਂ ਬਾਅਦ, ਉਨ੍ਹਾਂ ਦਾ ਆਰਥਿਕ ਢਾਂਚਾ ਡਾਵਾਂਡੋਲ ਹੁੰਦਾ ਜਾ ਰਿਹਾ ਹੈ। ਇਸ ਨੂੰ ਅੰਕੜਿਆਂ ਦੀ ਰੌਸ਼ਨੀ ਵਿੱਚ ਸਹੀ ਢੰਗ ਨਾਲ ਵਿਚਾਰਨ ਦੀ ਲੋੜ ਹੈ।

ਕਰਨਾਟਕ ਸਰਕਾਰ ਦੇ ਸਾਲ 2023-24 ਦੇ ਬਜਟ ਮੁਤਾਬਕ ਇਸ ਦਾ ਵਿੱਤੀ ਘਾਟਾ 66 ਹਜ਼ਾਰ 646 ਕਰੋੜ ਰੁਪਏ ਹੋ ਗਿਆ ਹੈ। ਸੂਬੇ ਸਿਰ ਪਹਿਲਾਂ ਹੀ ਕਰੀਬ 5 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ।

ਹਿਮਾਚਲ ਪ੍ਰਦੇਸ਼ ਸਿਰ ਕਰੀਬ 75 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਰਾਜ ਦੀ ਸੁਖਵਿੰਦਰ ਸਿੰਘ ਸੁੱਖੂ ਸਰਕਾਰ ਵੱਲੋਂ ਸਾਲ 2023-24 ਲਈ ਪੇਸ਼ ਕੀਤੇ ਗਏ ਬਜਟ ਅਨੁਸਾਰ ਰਾਜ ਦਾ ਵਿੱਤੀ ਘਾਟਾ 9,099 ਕਰੋੜ ਰੁਪਏ ਹੋਣ ਦਾ ਅਨੁਮਾਨ ਹੈ।

ਹੁਣ ਉਨ੍ਹਾਂ ਰਾਜਾਂ ’ਤੇ ਵੀ ਨਜ਼ਰ ਮਾਰੀਏ ਜਿੱਥੇ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ ਅਤੇ ਕਾਂਗਰਸ ਗਾਰੰਟੀ ਦੀ ਵਰਖਾ ਕਰ ਰਹੀ ਹੈ। ਰਿਜ਼ਰਵ ਬੈਂਕ ਦੇ ਅੰਕੜਿਆਂ ਮੁਤਾਬਕ ਮੱਧ ਪ੍ਰਦੇਸ਼ ਨੇ 2019 ਤੋਂ 2022 ਦਰਮਿਆਨ 89 ਹਜ਼ਾਰ 444 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਰਾਜਸਥਾਨ ਨੇ ਇਸੇ ਸਮੇਂ ਦੌਰਾਨ 1 ਲੱਖ 47 ਹਜ਼ਾਰ 600 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਛੱਤੀਸਗੜ੍ਹ ਨੇ 28 ਹਜ਼ਾਰ 680 ਕਰੋੜ ਰੁਪਏ ਅਤੇ ਤੇਲੰਗਾਨਾ ਨੇ 2 ਲੱਖ 37 ਹਜ਼ਾਰ 402 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਅਜਿਹਾ ਸਿਰਫ ਇੱਕ ਸਾਲ ਲਈ ਹੋਇਆ ਹੈ। ਇਨ੍ਹਾਂ ਰਾਜਾਂ ਦੇ ਮਾਰਚ 2023 ਤੱਕ ਦੇ ਕੁੱਲ ਕਰਜ਼ੇ ਨੂੰ ਵੀ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ।

ਰਿਜ਼ਰਵ ਬੈਂਕ ਮੁਤਾਬਕ ਇਸ ਸਮੇਂ ਤੱਕ ਮੱਧ ਪ੍ਰਦੇਸ਼ ’ਤੇ ਕੁੱਲ 3 ਲੱਖ 78 ਹਜ਼ਾਰ 617 ਕਰੋੜ ਰੁਪਏ ਦਾ ਕਰਜ਼ਾ ਬਕਾਇਆ ਸੀ।

ਇਸ ਦੇ ਨਾਲ ਹੀ ਰਾਜਸਥਾਨ ’ਤੇ 5 ਲੱਖ 37 ਹਜ਼ਾਰ 13 ਕਰੋੜ ਰੁਪਏ ਅਤੇ ਤੇਲੰਗਾਨਾ ’ਤੇ 3 ਲੱਖ 66 ਹਜ਼ਾਰ 606 ਕਰੋੜ ਰੁਪਏ ਦਾ ਕੁੱਲ ਕਰਜ਼ਾ ਸੀ।

ਅਰਥਸ਼ਾਸਤਰੀਆਂ ਨੇ ਅਜੇ ਤੱਕ ਇਸ ਗੱਲ ਦਾ ਵਿਆਪਕ ਅੰਦਾਜ਼ਾ ਨਹੀਂ ਲਗਾਇਆ ਹੈ ਕਿ ਕਾਂਗਰਸ ਦੁਆਰਾ ਦਿੱਤੀਆਂ ਗਈਆਂ ਗਰੰਟੀਆਂ ’ਤੇ ਕਿੰਨਾ ਖਰਚ ਕੀਤਾ ਜਾਵੇਗਾ। ਪਰ ਇਹ ਤੈਅ ਹੈ ਕਿ ਇਹ ਰਕਮ ਲੱਖਾਂ ਕਰੋੜਾਂ ਰੁਪਏ ਹੋਵੇਗੀ। ਇਨ੍ਹਾਂ ਗਾਰੰਟੀਆਂ ’ਤੇ ਖਰਚਿਆ ਪੈਸਾ ਕਿੱਥੋਂ ਆਵੇਗਾ ? ਕਾਂਗਰਸ ਕੋਲ ਇਸ ਲਈ ਕੋਈ ਰੋਡ ਮੈਪ ਨਹੀਂ ਹੈ। ਜੇਕਰ ਅਜਿਹਾ ਹੋਇਆ ਹੁੰਦਾ ਤਾਂ ਕਰਨਾਟਕ ਜਾਂ ਹਿਮਾਚਲ ਦੀਆਂ ਸਰਕਾਰਾਂ ਤੋਂ ਦੇਖਿਆ ਜਾਣਾ ਸੀ। ਅਜਿਹੀ ਹੀ ਗਾਰੰਟੀ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਵੀ ਦਿੱਤੀ ਸੀ। ਸੱਚ ਤਾਂ ਇਹ ਹੈ ਕਿ ਜਿਨ੍ਹਾਂ ਰਾਜਾਂ ਵਿੱਚ ਗਾਰੰਟੀ ਦਿੱਤੀ ਗਈ ਅਤੇ ਗਾਰੰਟੀ ਦੇਣ ਵਾਲੀ ਪਾਰਟੀ ਸੱਤਾ ਵਿੱਚ ਆਈ, ਉੱਥੇ ਵੀ ਉਨ੍ਹਾਂ ਦੀ ਆਰਥਿਕ ਹਾਲਤ ਡਾਵਾਂਡੋਲ ਹੈ।

ਗਾਰੰਟੀ ਦਾ ਅਸਰ ਇਹ ਹੈ ਕਿ ਰਾਜਾਂ ਵਿੱਚ ਨਿਰੰਤਰ ਵਿਕਾਸ ਕਾਰਜ ਠੱਪ ਹੋ ਰਹੇ ਹਨ। ਉਦਾਹਰਣ ਵਜੋਂ ਕਰਨਾਟਕ ਵਿੱਚ ਪਾਣੀ ਦੀ ਕਮੀ ਹੈ, ਪਰ ਸਰਕਾਰ ਕੋਲ ਪਾਣੀ ਨਾਲ ਸਬੰਧਤ ਯੋਜਨਾਵਾਂ ਲਈ ਲੋੜੀਂਦਾ ਪੈਸਾ ਨਹੀਂ ਹੈ। ਗਾਰੰਟੀ ਤੋਂ ਲਾਭ ਲੈਣ ਵਾਲੇ ਜਨਤਾ ਦਾ ਇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਜਦੋਂ ਕੋਈ ਸੰਕਟ ਹੁੰਦਾ ਹੈ ਤਾਂ ਰਾਜ ਸਰਕਾਰਾਂ ਕੇਂਦਰ ਨੂੰ ਜ਼ਿੰਮੇਵਾਰ ਠਹਿਰਾਉਣ ਲੱਗਦੀਆਂ ਹਨ। ਕਰਨਾਟਕ ਦੀ ਤਰ੍ਹਾਂ ਸਰਕਾਰ ਵੀ ਪਾਣੀ ਦੀ ਸਮੱਸਿਆ ਲਈ ਕੇਂਦਰ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਅਜਿਹਾ ਹੀ ਕਰਦੀ ਆ ਰਹੀ ਹੈ।

ਵੈਸੇ ਤਾਂ ਕੇਂਦਰ ਅਤੇ ਭਾਜਪਾ ਦੀਆਂ ਸਰਕਾਰਾਂ ਵੀ ਗਾਰੰਟੀ ਦੇ ਰਹੀਆਂ ਹਨ। ਕੇਂਦਰ ਸਰਕਾਰ 84 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਦੇ ਰਹੀ ਹੈ। ਮੱਧ ਪ੍ਰਦੇਸ਼ ਸਰਕਾਰ ਪਹਿਲਾਂ ਹੀ ਲਾਡਲੀ ਬ੍ਰਾਹਮਣ ਯੋਜਨਾ ਤਹਿਤ ਔਰਤਾਂ ਨੂੰ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇ ਰਹੀ ਹੈ। ਪਰ ਭਾਜਪਾ ਕਹਿ ਸਕਦੀ ਹੈ ਕਿ ਉਸ ਨੂੰ ਆਪਣੀ ਸਿਆਸੀ ਪਛਾਣ ਲਈ ਕਾਂਗਰਸ ਦੀ ਗਰੰਟੀ ਸਕੀਮ ਦਾ ਜਵਾਬ ਦੇਣਾ ਪਵੇਗਾ।

ਅੱਜਕੱਲ੍ਹ ਕਾਂਗਰਸ ਖੱਬੇਪੱਖੀ ਸੋਚ ਨਾਲ ਅੱਗੇ ਵੱਧ ਰਹੀ ਹੈ। ਉਸ ਸੋਚ ਵਿੱਚ ਖ਼ਜ਼ਾਨੇ ’ਤੇ ਦਬਾਅ ਨਾਲੋਂ ਜਨਤਾ ਨੂੰ ਰਾਹਤ ਅਤੇ ਉਸ ਦਾ ਲੋਕ ਸਮਰਥਨ ਜ਼ਿਆਦਾ ਜ਼ਰੂਰੀ ਹੈ। ਰਾਹੁਲ ਗਾਂਧੀ ਵੱਲੋਂ ਜਾਤੀ ਜਨਗਣਨਾ ਦੀ ਮੰਗ ਵੀ ਇਸੇ ਲੋਕ-ਪੱਖੀ ਸਿਆਸਤ ਦਾ ਹੀ ਵਿਸਥਾਰ ਹੈ। ਕਾਂਗਰਸ ਗਾਰੰਟੀ ਅਤੇ ਜਾਤੀ ਦੇ ਸਹਾਰੇ ਦੇਸ਼ ਦੀ ਰਾਜਨੀਤੀ ’ਤੇ ਕਾਬਜ਼ ਹੋਣ ਦੀ ਕੋਸ਼ਿਸ਼ ਕਰ ਰਹੀ ਹੈ। ਇਹ ਦੇਖਣਾ ਬਾਕੀ ਹੈ ਕਿ ਭਾਜਪਾ ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਨਵੀਂ ਖੱਬੇ ਪੱਖੀ ਸੋਚ ਨੂੰ ਕਿੰਨਾ ਕੁ ਅਤੇ ਕਿਸ ਤਰ੍ਹਾਂ ਦਾ ਹੁੰਗਾਰਾ ਦਿੰਦੀ ਹੈ।

**(ਲੇਖਕ ਸੀਨੀਅਰ ਪੱਤਰਕਾਰ ਹੈ)**

# ਭਾਰਤ ਸਮੇਤ ਦੁਨੀਆਂ ’ਚ ਵੱਧ ਰਹੀ ਹੈ ਮਹਿੰਗਾਈ




ਇਨ੍ਹੀਂ ਦਿਨੀਂ ਹਮਾਸ-ਇਜ਼ਰਾਈਲ ਜੰਗ, ਕੱਚੇ ਤੇਲ ਉਤਪਾਦਕ ਦੇਸ਼ਾਂ ਵੱਲੋਂ ਤੇਲ ਉਤਪਾਦਨ ਵਿੱਚ ਕੀਤੀ ਗਈ ਕਟੌਤੀ, ਕੱਚੇ ਤੇਲ ਦੀਆਂ ਕੀਮਤਾਂ ਲਗਾਤਾਰ ਉੱਚੇ ਪੱਧਰਾਂ ’ਤੇ ਪਹੁੰਚਣ ਅਤੇ ਵਿਸ਼ਵ ਪੱਧਰ ’ਤੇ ਅਨਾਜ ਸੰਕਟ ਕਾਰਨ ਦੁਨੀਆਂ ਦੇ ਹਰ ਕੋਨੇ ਵਿੱਚ ਮਹਿੰਗਾਈ ਵਧਣ ਦੇ ਆਸਾਰ ਨਜ਼ਰ ਆ ਰਹੇ ਹਨ।

ਹਾਲਾਂਕਿ ਅਕਤੂਬਰ 2023 ਦੇ ਇਸੇ ਮਹੀਨੇ ਪ੍ਰਕਾਸ਼ਤ ਕੇਂਦਰੀ ਅੰਕੜਾ ਅਤੇ ਪ੍ਰੋਗਰਾਮ ਮੰਤਰਾਲੇ ਵੱਲੋਂ ਜਾਰੀ ਅੰਕੜਿਆਂ ਅਨੁਸਾਰ ਥੋਕ ਅਤੇ ਪ੍ਰਚੂਨ ਮਹਿੰਗਾਈ ਸੂਚਕਾਂਕ ਮਹਿੰਗਾਈ ਵਿੱਚ ਗਿਰਾਵਟ ਦਾ ਸੰਕੇਤ ਦੇ ਰਹੇ ਹਨ, ਪਰ ਚੁਣੌਤੀਪੂਰਨ ਦੌਰ ਵਿੱਚ ਮਹਿੰਗਾਈ ਵਧਣ ਦੀ ਸੰਭਾਵਨਾ ਹੈ ਕਿਉਂਕਿ ਮਹਿੰਗਾਈ ਸ਼ਹਿਰੀ ਮੱਧ ਵਰਗ ਨੂੰ ਵਧੇਰੇ ਪ੍ਰਭਾਵਿਤ ਕਰਦੀ ਹੈ, ਇਸ ਲਈ ਆਗਾਮੀ ਚੋਣਾਂ ਵਿੱਚ ਮਹਿੰਗਾਈ ਦੇ ਮੁੱਦੇ ਦੇ ਮੱਦੇਨਜ਼ਰ ਮਹਿੰਗਾਈ ਨੂੰ ਕੰਟਰੋਲ ਕਰਨਾ ਸਰਕਾਰ ਦੀ ਇੱਕ ਵੱਡੀ ਚਿੰਤਾ ਬਣ ਗਈ ਹੈ। ਇਹ ਚਿੰਤਾ ਇਸ ਲਈ ਵੀ ਦਿਖਾਈ ਦੇ ਰਹੀ ਹੈ ਕਿਉਂਕਿ ਵਿਸ਼ਵ ਬੈਂਕ ਦੀ ਹਾਲ ਹੀ ਵਿੱਚ ਪ੍ਰਕਾਸ਼ਿਤ ਰਿਪੋਰਟ ਅਨੁਸਾਰ ਭਾਰਤ ਦੇ ਨਾਲ-ਨਾਲ ਦੁਨੀਆਂ ਵਿੱਚ ਵੀ ਮਹਿੰਗਾਈ ਵਧਣ ਦੀ ਚੁਣੌਤੀ ਹੈ। ਰਿਪੋਰਟ ਵਿੱਚ ਸਾਲ 2023-24 ਵਿੱਚ ਭਾਰਤ ਦੀ ਪ੍ਰਚੂਨ ਮਹਿੰਗਾਈ ਦਰ 5.9 ਪ੍ਰਤੀਸ਼ਤ ਰਹਿਣ ਦਾ ਅਨੁਮਾਨ ਲਗਾਇਆ ਗਿਆ ਹੈ; ਨਵਾਂ ਅਨੁਮਾਨ ਪਹਿਲਾਂ ਪੇਸ਼ ਕੀਤੇ ਗਏ ਮਹਿੰਗਾਈ ਅਨੁਮਾਨ ਤੋਂ ਵੱਧ ਹੈ। 16 ਅਕਤੂਬਰ ਨੂੰ ਪ੍ਰਕਾਸ਼ਿਤ ਹਾਲ ਹੀ ਦੇ ਥੋਕ ਮੁੱਲ ਸੂਚਕਾਂਕ ਦੇ ਅੰਕੜਿਆਂ ਦੇ ਅਨੁਸਾਰ, ਥੋਕ ਮਹਿੰਗਾਈ ਦਰ ਲਗਾਤਾਰ ਛੇਵੇਂ ਮਹੀਨੇ ਜ਼ੀਰੋ ਤੋਂ ਹੇਠਾਂ ਆ ਗਈ ਅਤੇ ਸਤੰਬਰ 2023 ਵਿੱਚ -0.26 ਪ੍ਰਤੀਸ਼ਤ ਦਰਜ ਕੀਤੀ ਗਈ। ਅਗਸਤ ਮਹੀਨੇ ’ਚ ਥੋਕ ਮਹਿੰਗਾਈ ਦਰ -0.52 ਫੀਸਦੀ ਦੇ ਪੰਜ ਮਹੀਨਿਆਂ ਦੇ ਉੱਚ ਪੱਧਰ ’ਤੇ ਪਹੁੰਚ ਗਈ ਸੀ। ਥੋਕ ਮਹਿੰਗਾਈ ’ਚ ਗਿਰਾਵਟ ਦਾ ਮੁੱਖ ਕਾਰਨ ਸਤੰਬਰ ਦੇ ਆਖਰੀ ਮਹੀਨੇ ’ਚ ਰਸਾਇਣਕ ਉਤਪਾਦਾਂ, ਖਣਿਜ ਤੇਲ, ਟੈਕਸਟਾਈਲ, ਬੇਸਿਕ ਧਾਤਾਂ ਅਤੇ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ ’ਚ ਆਈ ਗਿਰਾਵਟ ਹੈ। ਇਹ ਜਾਣਿਆ ਜਾਂਦਾ ਹੈ ਕਿ ਥੋਕ ਮੁੱਲ ਸੂਚਕਾਂਕ ਥੋਕ ਵਿੱਚ ਵੇਚੇ ਅਤੇ ਵਪਾਰ ਕੀਤੇ ਜਾਣ ਵਾਲੇ ਸਮਾਨ ਦੀਆਂ ਕੀਮਤਾਂ ਵਿੱਚ ਤਬਦੀਲੀਆਂ ਦਾ ਮੁਲਾਂਕਣ ਕਰਦਾ ਹੈ। ਇਸੇ ਤਰ੍ਹਾਂ ਦੇਸ਼ ਵਿੱਚ ਪ੍ਰਚੂਨ ਮਹਿੰਗਾਈ ਵੀ ਘਟੀ ਹੈ। ਕੰਜ਼ਿਊਮਰ ਪ੍ਰਾਈਸ ਇੰਡੈਕਸ (ਸੀ.ਪੀ.ਆਈ.) ਮੁਤਾਬਕ ਪ੍ਰਚੂਨ ਮਹਿੰਗਾਈ ਦਰ, ਜੋ ਜੁਲਾਈ 2023 ’ਚ 7.44 ਫੀਸਦੀ ਦੇ 15 ਮਹੀਨਿਆਂ ਦੇ ਉੱਚ ਪੱਧਰ ’ਤੇ ਪਹੁੰਚ ਗਈ ਸੀ, ਅਗਸਤ 2023 ’ਚ ਘਟ ਕੇ 6.8 ਫੀਸਦੀ ਅਤੇ ਸਤੰਬਰ ’ਚ 5.02 ਫੀਸਦੀ ’ਤੇ ਆ ਗਈ ਹੈ। ਖਪਤਕਾਰ ਮੁੱਲ ਸੂਚਕ ਅੰਕ ਵਿੱਚ ਇਹ ਗਿਰਾਵਟ ਅਨਾਜ, ਸਬਜ਼ੀਆਂ, ਲਿਬਾਸ, ਜੁੱਤੀਆਂ, ਰਿਹਾਇਸ਼ ਅਤੇ ਸੇਵਾਵਾਂ ਦੀਆਂ ਕੀਮਤਾਂ ਵਿੱਚ ਗਿਰਾਵਟ ਦੇ ਕਾਰਨ ਹੈ। ਜ਼ਿਕਰਯੋਗ ਹੈ ਕਿ 6 ਅਕਤੂਬਰ ਨੂੰ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਲਗਾਤਾਰ ਚੌਥੀ ਵਾਰ ਨੀਤੀਗਤ ਵਿਆਜ ਦਰ ਰੈਪੋ ਦਰ ਨੂੰ 6.5 ਫੀਸਦੀ ’ਤੇ ਬਰਕਰਾਰ ਰੱਖਣ ਦਾ ਫੈਸਲਾ ਕੀਤਾ ਹੈ। ਬਿਨਾਂ ਸ਼ੱਕ, ਮੌਜੂਦਾ ਸਮੇਂ ਵਿੱਚ ਮਹਿੰਗਾਈ ਨੂੰ ਲੈ ਕੇ ਦੇਸ਼ ਵਿੱਚ ਚੁਣੌਤੀਆਂ ਹਨ। ਸਤੰਬਰ ਦੇ ਆਖ਼ਰੀ ਮਹੀਨੇ ਦੌਰਾਨ, ਕੱਚੇ ਤੇਲ ਦੀ ਕੀਮਤ ਜ਼ਿਆਦਾਤਰ ਸਮਾਂ 90 ਡਾਲਰ ਪ੍ਰਤੀ ਬੈਰਲ ਤੋਂ ਉਪਰ ਰਹੀ। ਹੁਣ ਇਹ ਹੋਰ ਵਧ ਕੇ 94 ਡਾਲਰ ਪ੍ਰਤੀ ਬੈਰਲ ਦੇ ਪੱਧਰ ’ਤੇ ਪਹੁੰਚ ਗਿਆ ਹੈ। ਕਿਉਂਕਿ ਭਾਰਤ ਆਪਣੀਆਂ ਊਰਜਾ ਲੋੜਾਂ ਦਾ ਲਗਭਗ 80 ਪ੍ਰਤੀਸ਼ਤ ਦਰਾਮਦ ਕਰਦਾ ਹੈ, ਇਸ ਲਈ ਵਿਸ਼ਵ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਣ ਕਾਰਨ ਮਹਿੰਗਾਈ ਵਧਣ ਦੀ ਸੰਭਾਵਨਾ ਹੈ। ਜਿੱਥੇ ਵਿਸ਼ਵ ਮੰਡੀਆਂ ਵਿੱਚ ਕਣਕ, ਦਾਲਾਂ ਅਤੇ ਚੌਲਾਂ ਦੀਆਂ ਕੀਮਤਾਂ ਤੇਜ਼ੀ ਨਾਲ ਵੱਧ ਰਹੀਆਂ ਹਨ, ਉੱਥੇ ਚੀਨੀ ਦੀਆਂ ਕੀਮਤਾਂ 12 ਸਾਲਾਂ ਦੇ ਰਿਕਾਰਡ ਉੱਚ ਪੱਧਰ ’ਤੇ ਹਨ। ਅਕਤੂਬਰ 2023 ਦੇ ਇਸੇ ਮਹੀਨੇ ਤਿਉਹਾਰਾਂ ਦੀ ਮੰਗ ਵਧਣ ਕਾਰਨ ਕਣਕ, ਅਰਹਰ ਦਾਲਾਂ ਅਤੇ ਹੋਰ ਅਨਾਜ ਦੀਆਂ ਕੀਮਤਾਂ ਵਧਣੀਆਂ ਸ਼ੁਰੂ ਹੋ ਗਈਆਂ ਹਨ। ਇਹ ਵੀ ਧਿਆਨ ਦੇਣ ਯੋਗ ਹੈ ਕਿ ਸਰਕਾਰ ਦੁਆਰਾ 18 ਅਕਤੂਬਰ ਨੂੰ ਪ੍ਰਕਾਸ਼ਿਤ ਅਨਾਜ ਉਤਪਾਦਨ ਦੇ ਅੰਕੜਿਆਂ ਦੇ ਅਨੁਸਾਰ, ਸਾਲ 2022-23 ਵਿੱਚ ਕਣਕ ਦਾ ਉਤਪਾਦਨ ਅਨੁਮਾਨਿਤ ਟੀਚੇ ਤੋਂ 20 ਲੱਖ ਟਨ ਘੱਟ 11.05 ਕਰੋੜ ਟਨ ਰਹੇਗਾ, ਦਾਲਾਂ ਦਾ ਉਤਪਾਦਨ ਹੋਵੇਗਾ। ਪਿਛਲੇ ਸਾਲ ਦੇ 2.7 ਕਰੋੜ ਟਨ ਤੋਂ ਘਟ ਕੇ 11.05 ਕਰੋੜ ਟਨ ਹੋ ਜਾਵੇਗਾ। ਪਿਛਲੇ ਸਾਲ 129.4 ਮਿਲੀਅਨ ਟਨ ਤੋਂ ਘਟ ਕੇ 26 ਮਿਲੀਅਨ ਟਨ ਅਤੇ ਚੌਲਾਂ ਦਾ ਉਤਪਾਦਨ ਘਟ ਕੇ 135.7 ਮਿਲੀਅਨ ਟਨ ਰਹਿਣ ਦਾ ਅਨੁਮਾਨ ਹੈ। ਅਜਿਹੇ ’ਚ ਕਣਕ ਅਤੇ ਦਾਲਾਂ ਦੇ ਭਾਅ ਵਧਣ ਦਾ ਖਦਸ਼ਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਕੇਂਦਰ ਸਰਕਾਰ ਅਤੇ ਆਰਬੀਆਈ ਵਧਦੀਆਂ ਕੀਮਤਾਂ ਕਾਰਨ ਵਧਦੀ ਮਹਿੰਗਾਈ ਨੂੰ ਕਾਬੂ ਕਰਨ ਲਈ ਕਈ ਯਤਨਾਂ ਨਾਲ ਅੱਗੇ ਵਧੇ ਹਨ। ਖਾਸ ਤੌਰ ’ਤੇ ਕਣਕ ਦੀ ਕੀਮਤ ਨੂੰ ਕੰਟਰੋਲ ਕਰਨ ਲਈ ਇਸ ਦੀ ਮੰਗ ਪੂਰੀ ਕਰਨ ਲਈ ਇਸ ਨੂੰ ਖੁੱਲ੍ਹੀ ਮੰਡੀ ’ਚ ਜ਼ਿਆਦਾ ਵੇਚਣਾ ਜ਼ਰੂਰੀ ਹੈ। ਆਟਾ ਮਿੱਲਾਂ ਨੂੰ ਕਣਕ ਦੀ ਵਧੇਰੇ ਮਾਤਰਾ ਦੀ ਸਪਲਾਈ ਕਰਨੀ ਪਵੇਗੀ। ਨਾਲ ਹੀ, ਕਣਕ ਦੀ ਡਿਊਟੀ ਮੁਕਤ ਦਰਾਮਦ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਦੇਸ਼ ਵਿੱਚ ਜਮ੍ਹਾਂਖੋਰੀ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਤੇਜ਼ ਕਰਨੀ ਪਵੇਗੀ। ਰਿਜ਼ਰਵ ਬੈਂਕ ਨੂੰ ਵਾਧੂ ਨਕਦੀ ਕਢਵਾਉਣ ਵੱਲ ਧਿਆਨ ਦੇਣਾ ਹੋਵੇਗਾ। , ਭੋਜਨ ਦੀਆਂ ਕੀਮਤਾਂ ਵਿੱਚ ਵਾਧੇ ਨੂੰ ਢੁਕਵੀਂ ਦਰਾਮਦ ਰਣਨੀਤੀ ਰਾਹੀਂ ਜ਼ਰੂਰੀ ਖ਼ੁਰਾਕੀ ਵਸਤਾਂ ਦੀ ਮਜ਼ਬੂਤ ਸਪਲਾਈ ਰਾਹੀਂ ਕੰਟਰੋਲ ਕਰਨਾ ਹੋਵੇਗਾ। ਪ੍ਰਚੂਨ ਮਹਿੰਗਾਈ ’ਤੇ ਕਾਬੂ ਪਾਉਣ ਲਈ ਸਰਕਾਰ ਨੂੰ ਰਣਨੀਤਕ ਤੌਰ ’ਤੇ ਕੀਮਤ ਕੰਟਰੋਲ ਕਮੇਟੀ ਬਣਾਉਣੀ ਪਵੇਗੀ ਜੋ ਬਾਜ਼ਾਰ ਦੇ ਉਤਰਾਅ-ਚੜ੍ਹਾਅ ਨੂੰ ਦੇਖਦੇ ਹੋਏ ਕੀਮਤਾਂ ਦੇ ਕੰਟਰੋਲ ਤੋਂ ਬਾਹਰ ਜਾਣ ਤੋਂ ਪਹਿਲਾਂ ਪ੍ਰਭਾਵੀ ਕੀਮਤ ਕੰਟਰੋਲ ਕਦਮ ਚੁੱਕਣ ਲਈ ਤਿਆਰ ਹੋਵੇਗੀ। ਇਜ਼ਰਾਈਲ-ਹਮਾਸ ਜੰਗ ਦੇ ਡੂੰਘੇ ਹੋਣ ਦੇ ਡਰ ਦੇ ਵਿਚਕਾਰ, ਮਹਿੰਗਾਈ ਨੂੰ ਕੰਟਰੋਲ ਕਰਨ ਲਈ ਪ੍ਰਭਾਵਸ਼ਾਲੀ ਰਣਨੀਤਕ ਯਤਨ ਜ਼ਰੂਰੀ ਹਨ।

**ਪਿਆਜ਼ ਦੀਆਂ ਕੀਮਤਾਂ ਅਸਮਾਨੀਂ ਚੜ੍ਹੀਆਂ**

ਪਿਆਜ਼ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ। ਦੀਵਾਲੀ ਤੋਂ ਪਹਿਲਾਂ ਪਿਆਜ਼ ਦੀਆਂ ਕੀਮਤਾਂ ’ਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਆਜ਼ ਜੋ ਪਿਛਲੇ ਹਫ਼ਤੇ 35 ਤੋਂ 40 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਵਿਕ ਰਿਹਾ ਸੀ, ਹੁਣ 60 ਤੋਂ 80 ਰੁਪਏ ਤੱਕ ਪਹੁੰਚ ਗਿਆ ਹੈ। ਨਵਰਾਤਰੀ ਤੋਂ ਹੀ ਪਿਆਜ਼ ਦੀਆਂ ਕੀਮਤਾਂ ਵਧ ਰਹੀਆਂ ਹਨ। ਤਿਉਹਾਰੀ ਸੀਜ਼ਨ ਤੋਂ ਪਹਿਲਾਂ ਟਮਾਟਰਾਂ ਦੀ ਰਾਹਤ ਤੋਂ ਬਾਅਦ ਹੁਣ ਪਿਆਜ਼ ਦੀਆਂ ਕੀਮਤਾਂ ਵੀ ਲਗਾਤਾਰ ਵਧ ਰਹੀਆਂ ਹਨ। ਪਿਛਲੇ 20 ਦਿਨਾਂ ਤੋਂ ਪਿਆਜ਼ ਦੇ ਰੇਟ ਵਧੇ ਹਨ। ਇਸ ਨਾਲ ਆਮ ਆਦਮੀ ਦੀ ਜੇਬ ’ਤੇ ਭਾਰੀ ਪੈ ਰਿਹਾ ਹੈ।

(ਬਾਕੀ ਸਫ਼ਾ 31 ’ਤੇ)

# ਅੰਮ੍ਰਿਤ ਵੇਲਾ ਬਨਾਮ ਸੈਰ

## ਖਾਣ-ਪੀਣ ਦੇ ਸ਼ੌਕੀਨ ਪੰਜਾਬੀਆਂ ਲਈ ਜ਼ਰੂਰੀ ਹੈ ਸਵੇਰ ਦੀ ਸੈਰ








ਪੰਜਾਬੀਆਂ ਨੂੰ ਖਾਣ ਪੀਣ ਦੇ ਸ਼ੌਕੀਨ ਮੰਨਿਆ ਜਾਂਦਾ ਹੈ। ਇਹ ਗੱਲ ਹੈ ਵੀ ਬਿਲਕੁਲ ਸੱਚ। ਭਾਵੇਂ ਕਿ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ, ਪਾਲਕ-ਪਨੀਰ, ਦੁੱਧ, ਲੱਸੀ ਖਾਣ ਪੀਣ ਦੇ ਸ਼ੌਕੀਨ ਵੱਡੀ ਗਿਣਤੀ ਹੁਣ ਪੀਜ਼ੇ ਬਰਗਰਾਂ 'ਤੇ ਡੁੱਲ ਗਏ ਹਨ। ਇਸ ਦੇ ਬਾਵਜੂਦ ਵੱਡੀ ਗਿਣਤੀ ਪੰਜਾਬੀ ਪੀਜ਼ੇ ਬਰਗਰ ਵੀ ਖਾ ਲੈਂਦੇ ਹਨ। ਇਸ ਦੇ ਨਾਲ ਹੀ ਉਹ ਘਰ ਆ ਕੇ ਘਰ ਦਾ ਖਾਣਾ ਵੀ ਰੱਜ ਕੇ ਜ਼ਰੂਰ ਖਾਂਦੇ ਹਨ। ਇਸ ਕਾਰਨ ਖੁੱਲ੍ਹਾ ਖਾਣ ਪੀਣ ਕਾਰਨ ਅਕਸਰ ਉਹਨਾਂ ਦਾ ਸਰੀਰ ਭਾਰਾ ਹੋ ਜਾਂਦਾ ਹੈ ਭਾਵ ਪੰਜਾਬੀ ਮੋਟੇ ਹੋਣੇ ਸ਼ੁਰੂ ਹੋ ਜਾਂਦੇ ਹਨ।

ਪੁਰਾਣੇ ਸਮੇਂ ਵਿੱਚ ਪੰਜਾਬੀ ਹੱਥੀਂ ਕਿਰਤ ਕਰਦੇ ਸਨ ਭਾਵ ਹਰ ਕੰਮ ਆਪਣੇ ਹੱਥਾਂ ਨਾਲ ਕਰਦੇ ਸਨ। ਇਥੋਂ ਤਕ ਕਿ ਖੇਤੀ ਵਿੱਚ ਵੀ ਪੰਜਾਬੀ ਪੂਰੀ ਮਿਹਨਤ ਕਰਦੇ ਸਨ, ਜਿਸ ਕਰਕੇ ਉਹਨਾਂ ਦੀ ਸਰੀਰਕ ਕਸਰਤ ਕੁਦਰਤੀ ਤਰੀਕੇ ਨਾਲ ਹੁੰਦੀ ਰਹਿੰਦੀ ਸੀ ਪਰ ਆਧੁਨਿਕਤਾ ਦੀ ਦੌੜ ਵਿੱਚ ਹੁਣ ਸਭ ਕੁਝ ਮਸ਼ੀਨੀ ਹੋ ਗਿਆ ਹੈ, ਜਿਸ ਕਾਰਨ ਮਿਹਨਤ ਦੇ ਕੰਮ ਘੱਟ ਗਏ ਹਨ, ਜਿਸ ਕਰਕੇ ਪੰਜਾਬੀ ਹੁਣ ਕੁਝ ਆਲਸੀ ਜਿਹੇ ਹੁੰਦੇ ਜਾ ਰਹੇ ਲੱਗਦੇ ਹਨ ਪਰ ਖਾਣ ਪੀਣ ਉਹਨਾਂ ਦਾ ਪਹਿਲਾਂ ਵਾਂਗ ਹੀ ਖੁੱਲ੍ਹਾ ਡੁੱਲਾ ਹੈ। ਜਿਸ ਕਾਰਨ ਅਨੇਕਾਂ ਪੰਜਾਬੀ ਅਕਸਰ ਕਈ ਤਰਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ।

ਪੰਜਾਬੀਆਂ ਨੂੰ ਤੰਦਰੁਸਤ ਰਹਿਣ ਲਈ ਸਵੇਰ ਵੇਲੇ ਸੈਰ ਜ਼ਰੂਰ ਕਰਨੀ ਚਾਹੀਦੀ ਹੈ। ਸਵੇਰੇ ਅੰਮ੍ਰਿਤ ਵੇਲੇ ਕੁਦਰਤ ਦਾ ਆਨੰਦ ਜ਼ਰੂਰ ਮਾਨਣਾ ਚਾਹੀਦਾ ਹੈ। ਸਵੇਰ ਵੇਲੇ ਰੁੱਖਾਂ ਦੀਆਂ ਡਾਲੀਆਂ ਅਤੇ ਪੱਤਿਆਂ ਨਾਲ ਖਹਿ ਖਹਿ ਕੇ ਆਉਂਦੀ ਤਾਜ਼ੀ ਅਤੇ ਸੁੰਗਧੀਆਂ ਭਰੀ ਹਵਾ ਪੂਰੇ ਸਰੀਰ ਵਿੱਚ ਤਾਜ਼ਗੀ ਭਰ ਦਿੰਦੀ ਹੈ। ਅੱਜ ਕੱਲ੍ਹ ਦੇ ਦਿਨਾਂ ਵਿੱਚ ਸੈਰ ਕਰਨ ਦਾ ਆਨੰਦ ਅਤੇ ਮਹੱਤਵ ਵੱਖਰਾ ਹੁੰਦਾ ਹੈ। ਕੜਾਕੇ ਦੀ ਠੰਡ ਵਿੱਚ ਸਵੇਰੇ ਸੈਰ ਕਰਨ ਦਾ ਓਨਾ ਲਾਭ ਨਹੀਂ ਮਿਲਦਾ, ਜਿੰਨਾ ਲਾਭ ਅੱਜ ਕੱਲ੍ਹ ਦੇ ਦਿਨਾਂ ਦੌਰਾਨ ਸੈਰ ਕਰਕੇ ਮਿਲਦਾ ਹੈ।

ਮਾਲਵੇ ਦੇ ਇਲਾਕੇ ਵਿੱਚ ਕੱਤਕ ਮਹੀਨੇ ਕਪਾਹ ਅਤੇ ਨਰਮੇ ਦੇ ਫੁੱਲ ਖਿੜੇ ਹੁੰਦੇ ਹਨ ਅਤੇ ਹਰ ਪਾਸੇ ਖਿੱਲਰਿਆ ਚਿੱਟਾ ਸੋਨਾ ਅੱਖਾਂ ਨੂੰ ਰਾਹਤ ਦਿੰਦਾ ਹੈ। ਇਸ ਤੋਂ ਇਲਾਵਾ ਹਰ ਪਾਸੇ ਫੈਲੀ ਹਰਿਆਲੀ ਵੇਖ ਕੇ ਅੱਖਾਂ ਨਸ਼ਿਆ ਜਾਂਦੀਆਂ ਹਨ। ਸਵੇਰੇ ਅੰਮ੍ਰਿਤ ਵੇਲੇ ਸੈਰ ਕਰਨ ਨਾਲ ਜਿਥੇ ਸਰੀਰ ਤੰਦਰੁਸਤ ਰਹਿੰਦਾ ਹੈ ਅਤੇ ਉਥੇ ਸਾਰਾ ਦਿਨ ਸਰੀਰ ਵਿੱਚ ਚੁਸਤੀ ਫੁਰਤੀ ਬਣੀ ਰਹਿੰਦੀ ਹੈ ਅਤੇ ਹਰ ਕੰਮ ਸਮੇਂ ਸਿਰ ਨਿਪਟ ਜਾਂਦਾ ਹੈ।

ਇਹਨਾਂ ਦਿਨਾਂ ਦੌਰਾਨ ਘਾਹ ਅਤੇ ਪੌਦਿਆਂ 'ਤੇ ਪਈ ਤ੍ਰੇਲ ਬਹੁਤ ਸੋਹਣੀ ਲੱਗਦੀ ਹੈ ਅਤੇ ਨੰਗੇ ਪੈਰ ਘਾਹ 'ਤੇ ਸੈਰ ਕਰਨ ਨਾਲ ਸਰੀਰ ਨੂੰ ਅਨੇਕਾਂ ਲਾਭ ਮਿਲਦੇ ਹਨ। ਇਸੇ ਕਰਕੇ ਹੀ ਸਿਹਤ ਮਾਹਰ ਕਹਿੰਦੇ ਹਨ ਕਿ ਘਾਹ 'ਤੇ ਸਵੇਰੇ ਵੇਲੇ ਨੰਗੇ ਪੈਰ ਸੈਰ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਜਦੋਂ ਪੰਜਾਬੀ ਘਰ ਦੀ ਚਾਰ-ਦਿਵਾਰੀ ਵਿਚੋਂ ਨਿਕਲ ਕੇ ਖੇਤਾਂ ਦੀ ਖੁੱਲ੍ਹੀ ਥਾਂ ਵਿੱਚ ਆਉਂਦੇ ਹਨ ਤਾਂ ਹਰ ਪਾਸੇ ਉਹਨਾਂ ਨੂੰ ਕੁਦਰਤ ਨੱਚਦੀ ਹੋਈ ਦਿਖਾਈ ਦਿੰਦੀ ਹੈ। ਸ਼ਾਇਦ ਇਸੇ ਕਰਕੇ ਵੱਡੀ ਗਿਣਤੀ ਪੰਜਾਬੀ ਖੁੱਲੇ ਡੁੱਲੇ ਸੁਭਾਅ ਵਾਲੇ ਹੁੰਦੇ ਹਨ। ਸ਼ਹਿਰਾਂ ਵਿੱਚ ਖੇਤ ਨਹੀਂ ਹੁੰਦੇ ਪਰ ਉਥੇ ਹਰ ਪਾਸੇ ਪਾਰਕ ਬਣੇ ਹੁੰਦੇ ਹਨ। ਜਿਸ ਕਰਕੇ ਸ਼ਹਿਰਾਂ ਵਿੱਚ ਰਹਿੰਦੇ ਲੋਕ ਅਕਸਰ ਪਾਰਕਾਂ ਵਿੱਚ ਸੈਰ ਕਰਦੇ ਹਨ। ਭਾਵੇਂ ਕਿ ਪੰਜਾਬ ਦੇ ਸਿਰਫ਼ ਵੱਡੇ ਸ਼ਹਿਰਾਂ ਵਿੱਚ ਹੀ ਪਾਰਕਾਂ ਦੀ ਸਹੂਲਤ ਹੈ ਪਰ ਹੁਣ ਤਾਂ ਆਮ ਸ਼ਹਿਰਾਂ ਵਿੱਚ ਬਣਦੀਆਂ ਕਾਲੋਨੀਆਂ ਵਿੱਚ ਵੀ ਪਾਰਕਾਂ ਦੀ ਸਹੂਲਤ ਦਿੱਤੀ ਜਾਂਦੀ ਹੈ, ਜਿਸਦਾ ਪੰਜਾਬੀਆਂ ਨੂੰ ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਪੰਜਾਬੀਆਂ ਵੱਲੋਂ ਸਵੇਰ ਦੀ ਸੈਰ ਕਰਨ ਦੇ ਨਾਲ ਜੇ ਕਸਰਤ ਵੀ ਕਰ ਲਈ ਜਾਵੇ ਤਾਂ ਸੋਨੇ 'ਤੇ ਸੋਹਾਗੇ ਵਾਲੀ ਗੱਲ ਹੋ ਜਾਂਦੀ ਹੈ। ਵੱਡੀ ਗਿਣਤੀ ਪੰਜਾਬੀ ਸੈਰ ਕਰਦੇ ਹੋਏ ਜਾਂਗਿੰਗ ਕਰਦੇ ਹਨ ਜਾਂ ਦੌੜ ਲਗਾਉਂਦੇ ਵੇਖੇ ਜਾਂਦੇ ਹਨ। ਇਸੇ ਕਾਰਨ ਪੰਜਾਬੀ ਰਿਸ਼ਟ ਪੁਸ਼ਟ ਮੰਨੇ ਜਾਂਦੇ ਹਨ।

ਵੱਡੀ ਗਿਣਤੀ ਪੰਜਾਬੀ ਸਵੇਰ ਸਮੇਂ ਧਾਰਮਿਕ ਸਥਾਨਾਂ ਤੇ ਨਤਮਸਤਕ ਹੋਣ ਜਾਂਦੇ ਹਨ, ਜਿਹੜੇ ਪੰਜਾਬੀ ਪੈਦਲ ਜਾਂਦੇ ਹਨ, ਉਹਨਾਂ ਦੀ ਸੈਰ ਵੀ ਹੋ ਜਾਂਦੀ ਹੈ। ਮੈਂ ਜਦੋਂ ਨੌਕਰੀ ਦੌਰਾਨ ਜਲੰਧਰ ਰਹਿੰਦਾ ਸੀ ਤਾਂ ਸਵੇਰ ਸਮੇਂ ਹਰ ਦਿਨ ਜਲੰਧਰ ਤੋਂ ਗੁਰਦੁਆਰਾ ਸ਼ਹੀਦਾਂ ਤੱਲ੍ਹਣ ਸਾਹਿਬ ਆਪਣੇ ਸਾਥੀਆਂ ਨਾਲ ਸਾਈਕਲ 'ਤੇ ਚਲਾ ਜਾਂਦਾ ਸੀ। ਅਸੀਂ ਚਾਰ ਦੋਸਤ ਹੁੰਦੇ ਸੀ ਅਤੇ ਹਰ ਕੋਲ ਆਪੋ ਆਪਣਾ ਸਾਈਕਲ ਹੁੰਦਾ ਸੀ। ਇਸ ਤਰਾਂ ਗੁਰਦੁਆਰਾ ਸਾਹਿਬ ਵਿੱਚ ਨਤਮਸਤਕ ਵੀ ਹੋ ਲਈਦਾ ਸੀ ਅਤੇ ਸਾਈਕਲ ਚਲਾਉਣ ਕਰਕੇ ਕਸਰਤ ਵੀ ਹੋ ਜਾਂਦੀ ਸੀ। ਚੰਡੀਗੜ੍ਹ ਨੌਕਰੀ ਦੌਰਾਨ ਮੈਂ ਘਰ ਤੋਂ ਦਫ਼ਤਰ ਸਾਈਕਲ 'ਤੇ ਹੀ ਜਾਂਦਾ ਸੀ, ਤਾਂ ਕਿ ਕਸਰਤ ਹੋ ਸਕੇ। ਜਿੰਨੀ ਦੇਰ ਮੈਂ ਸਾਈਕਲ ਚਲਾਉਂਦਾ ਰਿਹਾ, ਕਦੇ ਬਿਮਾਰ ਨਹੀਂ ਸੀ ਹੋਇਆ।







ਪੰਜਾਬੀਆਂ ਨੇ ਜਿਥੇ ਸਖ਼ਤ ਮਿਹਨਤ ਕਰਕੇ ਪੰਜਾਬ ਸਮੇਤ ਦੇਸ਼ ਅਤੇ ਸੱਤ ਸਮੁੰਦਰ ਪਾਰ ਜਾ ਕੇ ਵਿਦੇਸ਼ਾਂ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ, ਉਥੇ ਪੰਜਾਬ ਵਿੱਚ ਪੰਜਾਬੀਆਂ ਨੇ ਮਹੱਲਾਂ ਵਰਗੇ ਆਲੀਸ਼ਾਨ ਘਰ ਵੀ ਬਣਾਏ ਹੋਏ ਹਨ। ਇਹ ਆਲੀਸ਼ਾਨ ਘਰ ਪੰਜਾਬ ਦੇ ਪਿੰਡਾਂ ਦੀ ਸ਼ਾਨ ਹਨ। ਜਿਥੇ ਪੰਜਾਬੀ ਆਪਣੇ ਘਰਾਂ ਨੂੰ ਆਲੀਸ਼ਾਨ ਬਣਾਉਣ, ਨਵੀਆਂ ਗੱਡੀਆਂ ਲੈਣ ਅਤੇ ਪਹਿਰਾਵੇ ਉੱਪਰ ਖੁੱਲ੍ਹ ਕੇ ਖਰਚ ਕਰਦੇ ਹਨ, ਉਥੇ ਪੰਜਾਬੀਆਂ ਨੂੰ ਆਪਣੀ ਸਿਹਤ ਬਣਾਉਣ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਵੱਡੀ ਗਿਣਤੀ ਪੰਜਾਬੀ ਵੱਖ- ਵੱਖ ਤਰਾਂ ਦੇ ਟ੍ਰੈਕ ਸੂਟ ਪਾ ਕੇ ਸੈਰ ਕਰਦੇ ਵੱਖ ਵੱਖ ਇਲਾਕਿਆਂ ਵਿੱਚ ਹਰ ਦਿਨ ਸਵੇਰ ਵੇਲੇ ਵੇਖੇ ਵੀ ਜਾਂਦੇ ਹਨ। ਜੇ ਸਾਰੇ ਪੰਜਾਬੀ ਹੀ ਆਪਣੇ ਦਿਨ ਦੀ ਸ਼ੁਰੂਆਤ ਸਵੇਰ ਦੀ ਸੈਰ ਤੋਂ ਕਰਨ ਤਾਂ ਪੰਜਾਬ ਮੁੜ ਤੰਦਰੁਸਤ ਹੋ ਜਾਵੇਗਾ।

ਪੰਜਾਬੀਆਂ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਨਿਵਾਸ ਕਰਦਾ ਹੈ। ਇਸ ਲਈ ਤੰਦਰੁਸਤ ਰਹਿਣ ਲਈ ਪੰਜਾਬੀਆਂ ਨੂੰ ਸਵੇਰ ਵੇਲੇ ਸੈਰ ਅਤੇ ਕਸਰਤ ਜਰੂਰ ਕਰਨੀ ਚਾਹੀਦੀ ਹੈ। ਇਸ ਦੇ ਨਾਲ ਹੀ ਪੰਜਾਬੀਆਂ ਵੱਲੋਂ ਜੇ ਸ਼ਾਮ ਸਮੇਂ ਵੀ ਸੈਰ ਅਤੇ ਕਸਰਤ ਕੀਤੀ ਜਾਵੇ ਤਾਂ ਹੋਰ ਵੀ ਚੰਗਾ ਹੋਵੇਗਾ ਪਰ ਸਮੇਂ ਦੀ ਘਾਟ ਅਤੇ ਵੱਧਦੇ ਹੋਏ ਰੁਝੇਵਿਆਂ ਵਿਚੋਂ ਦੋ ਵੇਲੇ ਦੀ ਸੈਰ ਅਤੇ ਕਸਰਤ ਲਈ ਸਮਾਂ ਕੱਢਣਾ ਔਖਾ ਹੋ ਜਾਂਦਾ ਹੈ। ਇਸ ਲਈ ਪੰਜਾਬੀਆਂ ਨੂੰ ਸਵੇਰ ਦੀ ਸੈਰ ਕਰਨ ਲਈ ਜ਼ਰੂਰ ਸਮਾਂ ਕੱਢਣਾ ਚਾਹੀਦਾ ਹੈ ਤਾਂ ਕਿ ਉਹ ਤੰਦਰੁਸਤ ਅਤੇ ਰਿਸ਼ਟ ਪੁਸ਼ਟ ਰਹਿਣ।





# ਕਿਉਂ ਆਉਂਦੇ ਹਨ ਭੂਚਾਲ?



## ਭੂਚਾਲ ਤੋਂ ਬਚਾਓ ਲਈ ਕੀਤੇ ਜਾਣ ਯੋਗ ਉਪਰਾਲੇ

**ਯੋਗੇਸ਼ ਕੁਮਾਰ ਗੋਇਲ**

3 ਨਵੰਬਰ ਦੀ ਅੱਧੀ ਰਾਤ ਤੋਂ ਠੀਕ ਪਹਿਲਾਂ ਪੱਛਮੀ ਨੇਪਾਲ ਵਿੱਚ 6.4 ਤੀਬਰਤਾ ਦਾ ਇੱਕ ਵਿਨਾਸ਼ਕਾਰੀ ਭੂਚਾਲ ਆਇਆ, ਜਿਸ ਵਿੱਚ 157 ਤੋਂ ਵੱਧ ਲੋਕ ਮਾਰੇ ਗਏ ਅਤੇ ਸੈਂਕੜੇ ਲੋਕ ਜ਼ਖਮੀ ਹੋ ਗਏ। ਨੇਪਾਲ ਵਿੱਚ ਆਏ ਸ਼ਕਤੀਸ਼ਾਲੀ ਭੂਚਾਲ ਦਾ ਅਸਰ ਨੇਪਾਲ ਦੇ ਨਾਲ ਲੱਗਦੇ ਬਿਹਾਰ ਅਤੇ ਉੱਤਰ ਪ੍ਰਦੇਸ਼ ਦੇ ਨਾਲ-ਨਾਲ ਪੱਛਮੀ ਬੰਗਾਲ, ਝਾਰਖੰਡ ਅਤੇ ਦਿੱਲੀ ਵਿੱਚ ਵੀ ਮਹਿਸੂਸ ਕੀਤਾ ਗਿਆ। ਮਾਹਿਰਾਂ ਦੇ ਅਨੁਸਾਰ, ਜਿਸ ਖੇਤਰ ਵਿੱਚ 500 ਸਾਲ ਪਹਿਲਾਂ ਭਿਆਨਕ ਭੂਚਾਲ ਆਇਆ ਹੈ, ਉੱਥੇ 8 ਜਾਂ ਇਸ ਤੋਂ ਵੱਧ ਤੀਬਰਤਾ ਦੇ ਸ਼ਕਤੀਸ਼ਾਲੀ ਭੂਚਾਲ ਦਾ ਖਤਰਾ ਹੈ ਅਤੇ ਨੇਪਾਲ ਵਿੱਚ ਇਹ ਖ਼ਤਰਾ ਜਾਰੀ ਹੈ। ਦਰਅਸਲ, ਵੱਖ-ਵੱਖ ਵਿਗਿਆਨਕ ਅਧਿਐਨਾਂ ਦੇ ਅਨੁਸਾਰ, ਭੂਚਾਲ ਦੀ ਊਰਜਾ ਪੱਛਮੀ ਨੇਪਾਲ ਦੀ ਸਤ੍ਹਾ ਦੇ ਹੇਠਾਂ 500 ਸਾਲਾਂ ਤੋਂ ਇਕੱਠੀ ਹੋ ਰਹੀ ਹੈ, ਅਤੇ ਇਹ ਸ਼ਕਤੀ ਇੰਨੀ ਜ਼ਿਆਦਾ ਹੈ ਕਿ ਇਹ ਰਿਕਟਰ ਪੈਮਾਨੇ 'ਤੇ 8 ਜਾਂ ਇਸ ਤੋਂ ਵੱਧ ਤੀਬਰਤਾ ਦਾ ਭੂਚਾਲ ਲਿਆ ਸਕਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ 1505 ਵਿੱਚ ਨੇਪਾਲ ਵਿੱਚ ਆਇਆ ਭੂਚਾਲ ਇੰਨਾ ਸ਼ਕਤੀਸ਼ਾਲੀ ਸੀ ਕਿ ਜ਼ਮੀਨ 20 ਮੀਟਰ ਤੱਕ ਹਿੱਲ ਗਈ ਸੀ। ਇਹ ਭੂਚਾਲ 8.5-8.7 ਤੀਬਰਤਾ ਦਾ ਸੀ। ਇਸ ਕਾਰਨ ਦਿੱਲੀ ਦੇ ਕੁਤੁਬ ਮੀਨਾਰ ਤੋਂ ਲੈ ਕੇ ਲਹਾਸਾ ਤੱਕ ਕਾਫੀ ਨੁਕਸਾਨ ਹੋਇਆ। 1934 ਦੇ ਭੂਚਾਲ ਨੂੰ 1505 ਦੇ ਭੂਚਾਲ ਤੋਂ ਬਾਅਦ ਸਭ ਤੋਂ ਵਿਨਾਸ਼ਕਾਰੀ ਭੂਚਾਲ ਮੰਨਿਆ ਜਾਂਦਾ ਹੈ, ਜਿਸ ਨੇ ਕਾਠਮੰਡੂ ਤੋਂ ਲੈ ਕੇ ਬਿਹਾਰ ਤੱਕ ਭਾਰੀ ਨੁਕਸਾਨ ਕੀਤਾ ਸੀ। ਜਿੱਥੋਂ ਤੱਕ ਭਾਰਤ ਵਿੱਚ ਭੂਚਾਲ ਦੇ ਖਤਰਿਆਂ ਦਾ ਸਵਾਲ ਹੈ, ਨੈਸ਼ਨਲ ਸੈਂਟਰ ਆਫ ਸਿਸਮਲੋਜੀ (ਐਨਸੀਐਸ) ਦੁਆਰਾ ਕੀਤੇ ਗਏ ਇੱਕ ਅਧਿਐਨ ਨੇ ਦਿਖਾਇਆ ਹੈ ਕਿ 20 ਭਾਰਤੀ ਸ਼ਹਿਰਾਂ ਅਤੇ ਕਸਬਿਆਂ ਵਿੱਚ ਭੂਚਾਲ ਦਾ ਸਭ ਤੋਂ ਵੱਧ ਖ਼ਤਰਾ ਹੈ, ਜਿਸ ਵਿੱਚ ਦਿੱਲੀ ਸਮੇਤ ਨੌਂ ਰਾਜਾਂ ਦੀਆਂ ਰਾਜਧਾਨੀਆਂ ਸ਼ਾਮਲ ਹਨ। ਹਿਮਾਲਿਆ ਪਰਬਤ ਖੇਤਰ ਨੂੰ ਦੁਨੀਆਂ ਦਾ ਸਭ ਤੋਂ ਭੂਚਾਲ ਸੰਵੇਦਨਸ਼ੀਲ ਖੇਤਰ ਮੰਨਿਆ ਜਾਂਦਾ ਹੈ ਅਤੇ ਇੱਕ ਅਧਿਐਨ ਦੇ ਅਨੁਸਾਰ, ਸਭ ਤੋਂ ਵੱਧ ਭੂਚਾਲ ਸੰਵੇਦਨਸ਼ੀਲ ਸ਼ਹਿਰ ਇਸ ਖੇਤਰ ਵਿੱਚ ਸਥਿਤ ਹਨ। ਕਈ ਭੂ-ਵਿਗਿਆਨੀਆਂ ਨੇ ਡਰ ਜ਼ਾਹਰ ਕੀਤਾ ਹੈ ਕਿ ਛੋਟੇ ਝਟਕੇ ਵੱਡੇ ਭੂਚਾਲ ਦੇ ਸੰਕੇਤ ਹੋ ਸਕਦੇ ਹਨ। ਕਈ ਮਾਹਰਾਂ ਨੇ ਦਿੱਲੀ ਅਤੇ ਬਿਹਾਰ ਵਿਚਕਾਰ 7.5-8.5 ਤੀਬਰਤਾ ਦੇ ਵੱਡੇ ਭੂਚਾਲ ਦੀ ਭਵਿੱਖਬਾਣੀ ਕੀਤੀ ਹੈ। ਦਿੱਲੀ-ਐਨਸੀਆਰ ਵਿੱਚ ਵਾਰ-ਵਾਰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਜਾ ਰਹੇ ਹਨ। ਹਾਲਾਂਕਿ, ਐਨਸੀਐਸ ਨੇ ਕਿਹਾ ਹੈ ਕਿ ਦਿੱਲੀ ਐਨਸੀਆਰ ਖੇਤਰ ਵਿੱਚ ਭੂਚਾਲ ਦੇ ਝਟਕਿਆਂ ਤੋਂ ਘਬਰਾਉਣ ਦੀ ਲੋੜ ਨਹੀਂ ਹੈ, ਪਰ ਜੋਖਮ ਨੂੰ ਘਟਾਉਣ ਲਈ ਉਪਾਵਾਂ 'ਤੇ ਜ਼ੋਰ ਦੇਣ ਦੀ ਲੋੜ ਹੈ। ਇਹ ਵੀ ਕਿਹਾ ਗਿਆ ਹੈ ਕਿ ਅਜਿਹੀ ਕੋਈ ਤਕਨੀਕ ਨਹੀਂ ਹੈ ਜੋ ਭੂਚਾਲ ਦੇ ਸਮੇਂ, ਸਥਾਨ ਅਤੇ ਤੀਬਰਤਾ ਦਾ ਸਹੀ ਅੰਦਾਜ਼ਾ ਲਗਾ ਸਕੇ। ਭੂ-ਵਿਗਿਆਨੀਆਂ ਮੁਤਾਬਕ ਦਿੱਲੀ-ਹਰਿਦੁਆਰ ਰਿਜ 'ਚ ਖਿਚਾਅ ਕਾਰਨ ਧਰਤੀ ਵਾਰ-ਵਾਰ ਕੰਬ ਰਹੀ ਹੈ। ਇੱਥੇ ਲਗਾਤਾਰ ਭੂਚਾਲ ਆਉਣ ਤੋਂ ਪਤਾ ਲੱਗਦਾ ਹੈ ਕਿ ਇੱਥੇ ਕਈ ਭੂ-ਵਿਗਿਆਨਕ ਨੁਕਸ ਸਰਗਰਮ ਹਨ, ਜਿਸ ਕਾਰਨ ਵੱਡਾ ਭੂਚਾਲ ਆ ਸਕਦਾ ਹੈ, ਪਰ ਕੋਈ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ। ਭਾਰਤੀ ਪਲੇਟ ਹਿਮਾਲਿਆ ਤੋਂ ਅੰਟਾਰਕਟਿਕ ਤੱਕ ਫੈਲੀ ਹੋਈ ਹੈ, ਜੋ ਕਿ ਹਿਮਾਲਿਆ ਦੇ ਦੱਖਣ ਵੱਲ ਹੈ, ਜਦੋਂ ਕਿ ਯੂਰੇਸ਼ੀਅਨ ਪਲੇਟ ਹਿਮਾਲਿਆ ਦੇ ਉੱਤਰ ਵੱਲ ਹੈ। ਭੂਚਾਲ ਵਿਗਿਆਨੀਆਂ ਦੇ ਅਨੁਸਾਰ, 8.5 ਤੀਬਰਤਾ ਦਾ ਭੂਚਾਲ 7.5 ਤੀਬਰਤਾ ਦੇ ਭੂਚਾਲ ਨਾਲੋਂ ਲਗਭਗ 30 ਗੁਣਾ ਜ਼ਿਆਦਾ ਸ਼ਕਤੀਸ਼ਾਲੀ ਹੁੰਦਾ ਹੈ। ਰਿਕਟਰ ਪੈਮਾਨੇ 'ਤੇ 5 ਦੀ ਤੀਬਰਤਾ ਵਾਲੇ ਭੂਚਾਲ ਨੂੰ ਖਤਰਨਾਕ ਨਹੀਂ ਮੰਨਿਆ ਜਾਂਦਾ ਹੈ ਪਰ ਇਹ ਖੇਤਰ ਦੀ ਬਣਤਰ 'ਤੇ ਵੀ ਨਿਰਭਰ ਕਰਦਾ ਹੈ। ਦਿੱਲੀ ਐਨਸੀਆਰ ਨੂੰ ਭੂਚਾਲ ਦੇ ਲਿਹਾਜ਼ ਨਾਲ ਬਹੁਤ ਸੰਵੇਦਨਸ਼ੀਲ ਖੇਤਰ ਮੰਨਿਆ ਜਾਂਦਾ ਹੈ, ਜੋ ਕਿ ਦੂਜੇ ਸਭ ਤੋਂ ਖਤਰਨਾਕ ਭੂਚਾਲ ਜ਼ੋਨ-4 ਵਿੱਚ ਆਉਂਦਾਹੈ। ਇਕ ਅਧਿਐਨ ਮੁਤਾਬਕ ਦਿੱਲੀ ਵਿਚ ਤਕਰੀਬਨ 90 ਫੀਸਦੀ ਘਰ ਕੰਕਰੀਟ ਅਤੇ ਰੀਬਾਰ ਦੇ ਬਣੇ ਹੋਏ ਹਨ, ਜਿਨ੍ਹਾਂ ਵਿਚੋਂ 90 ਫੀਸਦੀ ਇਮਾਰਤਾਂ ਰਿਕਟਰ ਪੈਮਾਨੇ 'ਤੇ ਛੇ ਤੋਂ ਜ਼ਿਆਦਾ ਤੀਬਰਤਾ ਵਾਲੇ ਭੂਚਾਲ ਨੂੰ ਝੱਲਣ ਦੇ ਸਮਰੱਥ ਨਹੀਂ ਹਨ। ਐਨਸੀਐਸ ਦੇ ਇੱਕ ਅਧਿਐਨ ਅਨੁਸਾਰ, ਦਿੱਲੀ ਦਾ ਲਗਭਗ 30 ਪ੍ਰਤੀਸ਼ਤ ਖੇਤਰ ਜ਼ੋਨ-5 ਵਿੱਚ ਆਉਂਦਾ ਹੈ, ਜੋ ਭੂਚਾਲ ਦੇ ਦ੍ਰਿਸ਼ਟੀਕੋਣ ਤੋਂ ਸਭ ਤੋਂ ਸੰਵੇਦਨਸ਼ੀਲ ਹੈ। ਧਰਤੀ ਵਿਗਿਆਨ ਮੰਤਰਾਲੇ ਦੀ ਇੱਕ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਦਿੱਲੀ ਵਿੱਚ ਬਣੀਆਂ ਨਵੀਆਂ ਇਮਾਰਤਾਂ 6-6.6 ਤੀਬਰਤਾ ਦੇ ਭੂਚਾਲ ਨੂੰ ਸਹਿ ਸਕਦੀਆਂ ਹਨ ਜਦੋਂ ਕਿ ਪੁਰਾਣੀਆਂ ਇਮਾਰਤਾਂ ਸਿਰਫ 5-5.5 ਤੀਬਰਤਾ ਦੇ ਭੂਚਾਲ ਦਾ ਸਾਮ੍ਹਣਾ ਕਰ ਸਕਦੀਆਂ ਹਨ। ਮਾਹਿਰ ਇਸ ਗੱਲ ਦਾ ਵੀ ਅੰਦਾਜ਼ਾ ਲਗਾ ਰਹੇ ਹਨ ਕਿ ਜੇਕਰ ਕੋਈ ਵੱਡਾ ਭੂਚਾਲ ਆਉਂਦਾ ਹੈ ਤਾਂ ਦਿੱਲੀ ਵਿੱਚ ਜਾਨ-ਮਾਲ ਦੇ ਜ਼ਿਆਦਾ ਨੁਕਸਾਨ ਹੋਣ ਦਾ ਅਨੁਮਾਨ ਹੈ ਕਿਉਂਕਿ ਦਿੱਲੀ ਵਿੱਚ ਪ੍ਰਤੀ ਵਰਗ ਕਿਲੋਮੀਟਰ ਦੇ ਕਰੀਬ ਦਸ ਹਜ਼ਾਰ ਲੋਕ ਰਹਿੰਦੇ ਹਨ ਅਤੇ ਕਿਸੇ ਵੀ ਵੱਡੇ ਭੂਚਾਲ ਦਾ ਅਸਰ 300-400 ਕਿਲੋਮੀਟਰ ਦੇ ਦਾਇਰੇ ਤੱਕ ਹੁੰਦਾ ਹੈ। ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ ਜਿੰਨੀ ਜ਼ਿਆਦਾ ਹੋਵੇਗੀ, ਵਾਈਬ੍ਰੇਸ਼ਨ ਓਨੀ ਹੀ ਜ਼ਿਆਦਾ ਹੋਵੇਗੀ। ਰਿਕਟਰ ਸਕੇਲ ਦਾ ਹਰੇਕ ਪੈਮਾਨਾ ਪਿਛਲੇ ਪੈਮਾਨੇ ਨਾਲੋਂ 10 ਗੁਣਾ ਜ਼ਿਆਦਾ ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ। ਰਿਕਟਰ ਪੈਮਾਨੇ 'ਤੇ 2.9 ਤੀਬਰਤਾ ਦੇ ਭੂਚਾਲ ਕਾਰਨ ਹਲਕੇ ਝਟਕੇ ਆਉਂਦੇ ਹਨ, ਜਦਕਿ 7.9 ਤੀਬਰਤਾ ਦੇ ਭੂਚਾਲ ਕਾਰਨ ਇਮਾਰਤਾਂ ਢਹਿ ਜਾਂਦੀਆਂ ਹਨ। ਉਂਜ, ਅਕਸਰ ਆਉਣ ਵਾਲੇ ਭੂਚਾਲਾਂ ਦੇ ਮੱਦੇਨਜ਼ਰ ਜ਼ਿਆਦਾਤਰ ਮਾਹਿਰਾਂ ਦਾ ਕਹਿਣਾ ਹੈ ਕਿ ਭੂਚਾਲ-ਸੰਵੇਦਨਸ਼ੀਲ ਖੇਤਰਾਂ ਵਿੱਚ ਇਮਾਰਤਾਂ ਨੂੰ ਭੂਚਾਲਾਂ ਲਈ ਤਿਆਰ ਕਰਨਾ ਚਾਹੀਦਾ ਹੈ ਤਾਂ ਜੋ ਵੱਡੇ ਭੂਚਾਲ ਕਾਰਨ ਹੋਣ ਵਾਲੇ ਨੁਕਸਾਨ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ।









# ਵਿਚਾਰਾਂ ਦੀ ਜਮਹੂਰੀਅਤ ਬਿਨਾਂ ਤਸੀਹਾ ਕੈਂਪ ਹੁੰਦੀ ਹੈ ਸੱਤਾ



ਨੀਰਾ ਚੰਡੋਕ

ਲੰਘੀ 24 ਅਕਤੂਬਰ ਨੂੰ ਦਸਹਿਰੇ ਮੌਕੇ ਰਾਮਲੀਲ੍ਹਾ ਮੈਦਾਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਸ਼ਣ ਦਿੰਦਿਆਂ ਆਖਿਆ ਕਿ ਜਾਤੀਵਾਦ ਅਤੇ ਖੇਤਰਵਾਦ 'ਮਾਂ ਭਾਰਤੀ' ਲਈ ਖ਼ਤਰਾ ਬਣ ਰਹੇ ਹਨ ਅਤੇ ਉਨ੍ਹਾਂ ਇਨ੍ਹਾਂ ਨੂੰ ਜੜ੍ਹੋਂ ਉਖਾੜਨ ਦਾ ਸੱਦਾ ਦਿੱਤਾ। ਇਸੇ ਤਰ੍ਹਾਂ ਆਰ.ਐੱਸ.ਐੱਸ. ਦੇ ਮੁਖੀ ਮੋਹਨ ਭਾਗਵਤ ਨੇ ਨਾਗਪੁਰ ਵਿੱਚ 'ਵਿਜੈਦਸ਼ਮੀ ਸਮਾਗਮ' ਨੂੰ ਸੰਬੋਧਨ ਕਰਦਿਆਂ ਮੀਡੀਆ ਅਤੇ ਯੂਨੀਵਰਸਿਟੀਆਂ ਨੂੰ ਕੰਟਰੋਲ ਕਰਨ ਵਾਲੇ 'ਸੱਭਿਆਚਾਰਕ ਮਾਰਕਸਵਾਦ' ਅਤੇ 'ਜਾਗ੍ਰਤੀ' ਉੱਪਰ ਹਮਲਾ ਕੀਤਾ। ਉਨ੍ਹਾਂ ਆਖਿਆ ਕਿ ਇਹ ਖ਼ੁਦਗਰਜ਼ੀ, ਵਿਤਕਰੇ ਅਤੇ ਧੋਖੇਬਾਜ਼ੀ ਦੀਆਂ ਤਾਕਤਾਂ ਹਨ; ਇਹ ਦੁਨੀਆ ਵਿੱਚ ਸਮਾਜਿਕ ਇਕਸੁਰਤਾ, ਵਿਵਸਥਾ, ਨੈਤਿਕਤਾ, ਕਲਿਆਣ, ਸੱਭਿਆਚਾਰ, ਗੌਰਵ ਅਤੇ ਸੰਜਮ ਵਿੱਚ ਖਲਲ ਪਾਉਂਦੀਆਂ ਹਨ; ਇਹ ਸਿੱਖਿਆ, ਸੱਭਿਆਚਾਰ, ਰਾਜਨੀਤੀ ਅਤੇ ਸਮਾਜਿਕ ਵਾਤਾਵਰਨ ਵਿੱਚ ਅਫ਼ਰਾ-ਤਫ਼ਰੀ, ਭਰਮ ਅਤੇ ਭ੍ਰਿਸ਼ਟਾਚਾਰ ਫੈਲਾਉਂਦੀਆਂ ਹਨ।

ਇਨ੍ਹਾਂ ਦੋਵੇਂ ਮੁਖ਼ਾਤਬਾਂ ਦੀ ਪਟਕਥਾ ਇੱਕੋ ਹੈ। ਇਹ ਹਰ ਬਦਲਵੇਂ ਨਜ਼ਰੀਏ ਨੂੰ ਦਬਾਉਣਾ ਚਾਹੁੰਦੀ ਹੈ ਅਤੇ ਇੰਝ ਸਿਰਫ਼ ਇੱਕ ਵਿਚਾਰਧਾਰਾ, ਇੱਕ ਤਰ੍ਹਾਂ ਦੀ ਰਾਜਨੀਤੀ ਅਤੇ ਇੱਕ ਵਿਸ਼ਵ ਦ੍ਰਿਸ਼ਟੀ ਲਈ ਜਗ੍ਹਾ ਕਾਇਮ ਕਰਨਾ ਚਾਹੁੰਦੀ ਹੈ ਜੋ ਚੁਣੌਤੀ ਨੂੰ ਬਰਦਾਸ਼ਤ ਨਹੀਂ ਕਰਦੀ। ਸਿਤਮਜ਼ਰੀਫ਼ੀ ਇਹ ਹੈ ਕਿ ਯੂਨਾਨੀ ਦਾਰਸ਼ਨਿਕ ਪਲੈਟੋ ਤੋਂ ਲੈ ਕੇ ਸਰ ਥਾਮਸ ਮੋਰ, ਯੂਟੋਪੀਆਈ (ਆਦਰਸ਼ ਸਮਾਜ) ਸਮਾਜ ਸ਼ਾਸਤਰੀ ਰਾਬਰਟ ਓਵਨ ਤੋਂ ਲੈ ਕੇ ਸੇਂਟ ਸਾਇਮਨ ਤੱਕ ਇੱਕ ਬਿਹਤਰ ਦੁਨੀਆ ਦਾ ਵਿਚਾਰ ਰੱਖਣ ਵਾਲੇ ਚਿੰਤਕ ਰਾਜਨੀਤੀ ਦੇ ਆਲੋਚਕ ਰਹੇ ਹਨ। ਉਹ ਖੇਮੇਬੰਦੀ, ਅਸਥਿਰਤਾ ਅਤੇ ਹੰਗਾਮੀ ਉਪਰਾਲਿਆਂ ਨੂੰ ਨਿੰਦਦੇ ਹਨ। ਕਾਰਲ ਮਾਰਕਸ ਦੇ 'ਸਮਾਜਵਾਦੀ ਸਮਾਜ' ਅਤੇ ਮਹਾਤਮਾ ਗਾਂਧੀ ਦੇ 'ਸਵਰਾਜ' ਦੀ ਧਾਰਨਾ ਵੀ ਯੂਟੋਪੀਆ ਮੰਨੇ ਜਾਂਦੇ ਹਨ। ਇੱਕ ਸੱਤਾਵਾਦੀ ਪ੍ਰਾਜੈਕਟ ਅਤੇ ਯੂਟੋਪੀਆ ਵਿਚਕਾਰ ਮਨਸ਼ਾ ਦਾ ਅੰਤਰ ਹੁੰਦਾ ਹੈ। ਸੱਤਾਵਾਦ ਅਸੀਮਤ ਸ਼ਕਤੀ ਚਾਹੁੰਦਾ ਹੈ ਜਦਕਿ ਯੂਟੋਪੀਆ ਇੱਕ ਅਜਿਹਾ ਆਦਰਸ਼ ਸਮਾਜ ਕਾਇਮ ਕਰਨਾ ਚਾਹੁੰਦਾ ਹੈ ਜਿੱਥੇ ਇਨਸਾਨ ਆਪਣੀ ਸੰਪੂਰਨ ਜ਼ਿੰਦਗੀ ਜਿਊਂ ਸਕੇ।

ਸੰਨ 1516 ਵਿੱਚ ਸਰ ਥਾਮਸ ਮੋਰ ਨੇ 16ਵੀਂ ਸਦੀ ਦੇ ਇੰਗਲੈਂਡ ਵਿੱਚ ਹੈਨਰੀ ਅੱਠਵੇਂ ਦੇ ਰਾਜ ਕਾਲ ਦੌਰਾਨ ਪਹਿਲਾਂ ਅਦਾਲਤ ਅਤੇ ਫਿਰ ਜੇਲ੍ਹ ਵਿੱਚ ਆਪਣੇ ਸਮੇਂ ਦੇ ਸਮਾਜ ਦੇ ਮੁਕਾਬਲੇ ਇੱਕ ਬਿਹਤਰ ਸਮਾਜ ਨੂੰ ਦਰਸਾਉਣ ਲਈ 'ਯੂਟੋਪੀਆ' ਸ਼ਬਦ ਈਜਾਦ ਕੀਤਾ ਸੀ। ਉਨ੍ਹਾਂ ਦਾ ਕਾਰਜ ਮਨੁੱਖੀ ਜੀਵਨ ਦੀ ਸਰਬੋਤਮ ਵਿਵਸਥਾ ਦੇ ਨਿਰਮਾਣ ਲਈ ਕਲਾਸੀਕਲ ਰਾਜਨੀਤਕ ਵਿਚਾਰ ਦੇ ਸਰੋਕਾਰਾਂ ਦੀ ਝਲਕ ਦਿਖਾਉਂਦਾ ਹੈ। ਗ੍ਰਾਮ ਸਵਰਾਜ ਲਈ ਗਾਂਧੀ ਦੀ ਤਲਾਸ਼ ਪਦਾਰਥਕ ਤੇ ਜਿਸਮਾਨੀ ਬਿਹਤਰੀ 'ਤੇ ਕੇਂਦਰਤ ਪੱਛਮੀ ਸਨਅਤੀ ਸਭਿਅਤਾ ਦੀ ਤਿੱਖੀ ਆਲੋਚਨਾ ਤੋਂ ਪ੍ਰੇਰਿਤ ਸੀ। ਸਨਅਤੀ ਸੱਭਿਅਤਾ ਆਤਮ ਗਿਆਨ ਅਤੇ ਇਵੇਂ ਆਤਮ ਸ਼ਾਸਨ ਜਾਂ ਸਵਰਾਜ ਤੋਂ ਮੁਨਕਰ ਹੁੰਦੀ ਹੈ।

ਸੱਤਾਵਾਦੀ ਅਜਿਹਾ ਸਮਾਜ ਨਹੀਂ ਸਿਰਜਣਾ ਚਾਹੁੰਦੇ ਜਿੱਥੇ ਵਿਅਕਤੀ ਚੰਗਾ ਜੀਵਨ ਬਿਤਾ ਸਕਦੇ ਹਨ। ਉਹ ਆਪਣੇ ਪਿੱਛੇ ਜਿਹੋ ਜਿਹਾ ਸਮਾਜ ਛੱਡ ਕੇ ਜਾਂਦੇ ਹਨ ਉਹ ਅਨਿਆਂਕਾਰੀ ਅਤੇ ਨੀਰਸ ਸਮਾਜ ਹੁੰਦਾ ਹੈ। ਉਹ ਸਿਰਫ਼ ਇਹੋ ਜਿਹਾ ਸਮਾਜ ਚਾਹੁੰਦੇ ਹਨ ਜਿੱਥੇ ਵਿਰੋਧੀ ਦ੍ਰਿਸ਼ਟੀਕੋਣਾਂ ਸਦਕਾ ਲੋਕ ਆਪਣੀ ਮੌਜੂਦਾ ਦੁਨੀਆਂ ਦੇ ਮੁਕਾਬਲੇ ਕਿਸੇ ਬਿਹਤਰ ਦੁਨੀਆ ਸਿਰਜਣ ਦਾ ਸੁਪਨਾ ਨਾ ਦੇਖਣ ਲੱਗ ਪੈਣ। ਕਲਪਨਾ ਨੂੰ ਦਬਾਉਣਾ ਅਤੇ ਅਸਹਿਮਤੀ ਨੂੰ ਜਬਰੀ ਬੰਦ ਕਰਾਉਣਾ ਹੀ ਇੱਕ ਸੱਤਾਵਾਦੀ ਪ੍ਰਾਜੈਕਟ ਨੂੰ ਯੂਟੋਪੀਆ ਤੋਂ ਅੱਡ ਕਰਦਾ ਹੈ। ਉਂਝ, ਸਿਆਸੀ ਜੀਵਨ ਵਿੱਚ ਅਕਸਰ ਇਸ ਦੇ ਅਣਚਾਹੇ ਸਿੱਟੇ ਨਿਕਲਦੇ ਹਨ। ਇਸ ਦੀ ਨੀਅਤ ਦਾ ਮਹੱਤਵ ਹੁੰਦਾ ਹੈ। ਇਸ ਲਈ ਯੂਟੋਪੀਆ ਨੂੰ ਪਾਸੇ ਰੱਖ ਕੇ ਅਸੀਂ ਇਹ ਪੜਤਾਲ ਕਰਦੇ ਹਾਂ ਕਿ ਕਿਸੇ ਬਹੁਵਾਦੀ ਸਮਾਜ ਉੱਤੇ ਸੱਤਾਵਾਦ ਦਾ ਕੀ ਪ੍ਰਭਾਵ ਪੈਂਦਾ ਹੈ।

ਬਹੁਵਾਦੀ ਸਮਾਜ ਵਿੱਚ ਇਨਸਾਨਾਂ ਦੀ ਆਪੋ ਆਪਣੀ ਮਖ਼ਸੂਸ ਪਛਾਣ ਹੁੰਦੀ ਹੈ। ਹਾਲਾਂਕਿ ਅਸੀਂ ਇੱਕ ਸਮੂਹ ਦਾ ਹਿੱਸਾ ਹੁੰਦੇ ਹਾਂ, ਪਰ ਫਿਰ ਵੀ ਦੁਨੀਆ ਦੇ ਪ੍ਰਬੰਧ ਬਾਰੇ ਮੇਰੇ ਵੱਖਰੇ ਵਿਚਾਰ ਹੁੰਦੇ ਹਨ। ਇਸ ਲਈ ਸਾਡੇ 'ਚੋਂ ਕੁਝ ਲੋਕ ਸਿਆਸੀ ਜਥੇਬੰਦੀਆਂ, ਕੁਝ ਹੋਰ ਸਮਾਜਿਕ ਲਹਿਰਾਂ ਅਤੇ ਕੁਝ ਨਾਗਰਿਕ ਸਮਾਜ ਦੇ ਸੰਗਠਨਾਂ ਵਿੱਚ ਸ਼ਾਮਲ ਹੋ ਜਾਂਦੇ ਹਨ ਜਦਕਿ ਬਾਕੀ ਦੇ ਲੋਕ ਸੋਸ਼ਲ ਮੀਡੀਆ, ਵਿਚਾਰ ਮੰਚਾਂ ਜਾਂ ਅਖ਼ਬਾਰਾਂ ਦੇ ਨਾਂ ਚਿੱਠੀਆਂ ਲਿਖ ਕੇ ਆਪਣੇ ਵਿਚਾਰ ਤੇ ਮਤ ਪ੍ਰਗਟ ਕਰਦੇ ਹਨ। ਇਨ੍ਹਾਂ 'ਚੋਂ ਹਰ ਇੱਕ ਸਰਗਰਮੀ ਸਾਰਥਕ ਹੁੰਦੀ ਹੈ ਕਿਉਂਕਿ ਯੂਨਾਨੀ ਦਾਰਸ਼ਨਿਕ ਅਰਸਤੂ ਨੇ ਸਿਧਾਂਤ ਘੜਿਆ ਸੀ ਕਿ 'ਮਨੁੱਖ ਅਸਲ ਵਿੱਚ ਸਿਆਸੀ ਜਾਨਵਰ ਹੁੰਦੇ ਹਨ।'

> **ਰਾਜਨੀਤੀ ਦਾ ਮਤਲਬ ਸਿਰਫ਼ ਚੋਣਾਂ ਲੜ ਕੇ ਸੱਤਾ ਦੀ ਕੁਰਸੀ ਤੱਕ ਪੁੱਜਣਾ ਨਹੀਂ ਹੁੰਦਾ। ਇਸ ਦਾ ਤਾਅਲੁਕ ਸਹਿਮਤੀ ਤੇ ਅਸਹਿਮਤੀ ਨਾਲ ਅਤੇ ਇਸ ਤੋਂ ਵੀ ਵਧ ਕੇ ਸਟੇਟ/ਰਿਆਸਤ ਅਤੇ ਵਿਅਕਤੀਆਂ ਜਾਂ ਸਮੂਹਾਂ ਵਿਚਕਾਰ ਵਾਰਤਾਲਾਪ ਕਰਾਉਣ ਵਾਲੀ ਪ੍ਰਕਿਰਿਆ ਨੂੰ ਸੰਸਥਾਈ ਰੂਪ ਦੇਣ ਨਾਲ ਹੁੰਦਾ ਹੈ। ਜਦੋਂ ਤੱਕ ਮੈਂ ਆਪਣੇ ਅਤੇ ਤੁਸੀਂ ਤੁਹਾਡੇ ਆਪਣੇ ਮਖ਼ਸੂਸ ਭਾਵ ਦਾ ਪ੍ਰਗਟਾਵਾ ਨਹੀਂ ਕਰਦੇ ਉਦੋਂ ਤੱਕ ਅਸੀਂ ਆਪਣੇ ਇਨਸਾਨੀ ਮਨੋਰਥ ਨੂੰ ਪੂਰਾ ਨਹੀਂ ਕਰ ਰਹੇ ਹੁੰਦੇ ਜਿਨ੍ਹਾਂ ਕੋਲ ਸੋਚਾਂ, ਵਿਚਾਰ, ਵਿਚਾਰਧਾਰਾਵਾਂ ਹੁੰਦੀਆਂ ਹਨ ਅਤੇ ਜੋ ਤਰਕਪੂਰਨ ਜਨਤਕ ਬਹਿਸ ਮੁਬਾਹਿਸੇ ਜ਼ਰੀਏ ਆਪਣੇ ਮੱਤਭੇਦ ਸੁਲਝਾਉਣ ਲਈ ਰਜ਼ਾਮੰਦ ਹੁੰਦੇ ਹਨ।**

ਰਾਜਨੀਤੀ ਦਾ ਮਤਲਬ ਸਿਰਫ਼ ਚੋਣਾਂ ਲੜ ਕੇ ਸੱਤਾ ਦੀ ਕੁਰਸੀ ਤੱਕ ਪੁੱਜਣਾ ਨਹੀਂ ਹੁੰਦਾ। ਇਸ ਦਾ ਤਾਅਲੁਕ ਸਹਿਮਤੀ ਤੇ ਅਸਹਿਮਤੀ ਨਾਲ ਅਤੇ ਇਸ ਤੋਂ ਵੀ ਵਧ ਕੇ ਸਟੇਟ/ਰਿਆਸਤ ਅਤੇ ਵਿਅਕਤੀਆਂ ਜਾਂ ਸਮੂਹਾਂ ਵਿਚਕਾਰ ਵਾਰਤਾਲਾਪ ਕਰਾਉਣ ਵਾਲੀ ਪ੍ਰਕਿਰਿਆ ਨੂੰ ਸੰਸਥਾਈ ਰੂਪ ਦੇਣ ਨਾਲ ਹੁੰਦਾ ਹੈ। ਜਦੋਂ ਤੱਕ ਮੈਂ ਆਪਣੇ ਅਤੇ ਤੁਸੀਂ ਤੁਹਾਡੇ ਆਪਣੇ ਮਖਸੂਸ ਭਾਵ ਦਾ ਪ੍ਰਗਟਾਵਾ ਨਹੀਂ ਕਰਦੇ ਉਦੋਂ ਤੱਕ ਅਸੀਂ ਆਪਣੇ ਇਨਸਾਨੀ ਮਨੋਰਥ ਨੂੰ ਪੂਰਾ ਨਹੀਂ ਕਰ ਰਹੇ ਹੁੰਦੇ ਜਿਨ੍ਹਾਂ ਕੋਲ ਸੋਚਾਂ, ਵਿਚਾਰ, ਵਿਚਾਰਧਾਰਾਵਾਂ ਹੁੰਦੀਆਂ ਹਨ ਅਤੇ ਜੋ ਤਰਕਪੂਰਨ ਜਨਤਕ ਬਹਿਸ ਮੁਬਾਹਿਸੇ ਜ਼ਰੀਏ ਆਪਣੇ ਮੱਤਭੇਦ ਸੁਲਝਾਉਣ ਲਈ ਰਜ਼ਾਮੰਦ ਹੁੰਦੇ ਹਨ। ਅਰਸਤੂ ਨੇ ਇਹੋ ਜਿਹੇ ਸਮਾਜ ਦੀ ਕਲਪਨਾ ਕੀਤੀ ਸੀ ਜਿਸ ਦੀ ਪਛਾਣ ਨਾ ਕੇਵਲ ਆਪਣੇ ਮੱਤਭੇਦਾਂ ਤੋਂ ਹੁੰਦੀ ਹੈ ਸਗੋਂ ਇਸ ਤੋਂ ਵੀ ਕਿ ਇਨ੍ਹਾਂ ਮੱਤਭੇਦਾਂ ਨੂੰ ਵਿਚਾਰ ਵਟਾਂਦਰੇ ਨਾਲ ਕਿਵੇਂ ਸੁਲਝਾਇਆ ਜਾਂਦਾ ਹੈ।

ਇਸ ਕਰ ਕੇ ਇੱਕ ਉੱਘੀ ਦਾਰਸ਼ਨਿਕ ਹੈਨਾ ਅਰੈਂਡਟ (ਜਰਮਨ ਮੂਲ ਦੀ ਅਮਰੀਕੀ ਦਾਰਸ਼ਨਿਕ) ਨੇ ਆਪਣੀ ਕਤਿਾਬ 'ਦਿ ਹਿਊਮੈਨ ਕੰਡੀਸ਼ਨ' ਵਿੱਚ ਇਹ ਲਿਖਿਆ ਹੈ ਕਿ ਵਿਚਾਰਾਂ ਅਤੇ ਕਾਰਜ ਦੀ ਬਹੁਲਤਾ ਸਾਹਮਣੇ ਨਿਵਣ ਦੀ ਕੋਸ਼ਿਸ਼ ਲੋਕਰਾਜ ਦੇ ਬਰਖਿਲਾਫ਼ ਹੈ। ਇਸ ਦੀ ਅਟੱਲਤਾ ਰਾਜਨੀਤੀ ਦੇ ਮੂਲ ਲੱਛਣਾਂ ਖਿਲਾਫ਼ ਤਰਕ ਦਿੰਦੀ ਹੈ। ਬਹੁਲਤਾ ਆਪਣੇ ਆਪ ਨੂੰ ਬਹਿਸ ਅਤੇ ਚਰਚਾ ਦੇ ਜਨਤਕ ਖੇਤਰ ਵਿੱਚ ਪ੍ਰਗਟਾਉਂਦੀ ਹੈ। ਬਹੁਲਤਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਆਪਣੇ ਆਪ ਵਿੱਚ ਜਨਤਕ ਖੇਤਰ ਨੂੰ ਖਤਮ ਕਰਨ ਦੇ ਬਰਾਬਰ ਹਨ। ਬਹੁਤ ਹੀ ਬੱਜਰ ਰੂਪ ਵਿੱਚ ਬਹੁਲਤਾ ਤੋਂ ਨਿਜਤਾ ਹੀ ਕਈ ਸ਼ਕਲਾਂ ਵਾਲਾ ਇੱਕ-ਪੁਰਖੀ ਸ਼ਾਸਨ ਹੁੰਦਾ ਹੈ ਜੋ ਸਭਨਾਂ ਦੇ ਵਿਰੁੱਧ ਇੱਕ ਸ਼ਖ਼ਸ ਦੀ ਨਿਰੰਕੁਸ਼ਤਾ ਤੋਂ ਲੈ ਕੇ ਤਾਨਾਸ਼ਾਹੀ ਤੱਕ ਕੁਝ ਵੀ ਹੋ ਸਕਦਾ ਹੈ। ਸਰਕਾਰ ਦੇ ਇਨ੍ਹਾਂ ਰੂਪਾਂ ਨਾਲ ਸਮੱਸਿਆ ਇਹ ਨਹੀਂ ਹੈ ਕਿ ਉਹ ਨਿਰਦਈ ਹੁੰਦੇ ਹਨ ਸਗੋਂ ਇਹ ਹੈ ਕਿ ਉਹ ਵੀ ਬਹੁਤ ਵਧੀਆ ਢੰਗ ਨਾਲ ਚੱਲ ਸਕਦੇ ਹਨ। ਤਾਨਾਸ਼ਾਹ ਹਰ ਚੀਜ਼ ਵਿੱਚ ਦਿਆਲੂ ਤੇ ਫਰਾਖ਼ਦਿਲ ਹੋ ਸਕਦੇ ਹਨ। ਉਨ੍ਹਾਂ ਵਿੱਚ ਜਿਸ ਚੀਜ਼ ਦੀ ਸਮਾਨਤਾ ਹੁੰਦੀ ਹੈ, ਉਹ ਹੈ ਜਨਤਕ ਖੇਤਰ 'ਚ ਨਾਗਰਿਕਾਂ ਨੂੰ ਬੇਦਖਲ ਕਰਨਾ ਅਤੇ ਇਸ ਗੱਲ 'ਤੇ ਜ਼ੋਰ ਦੇਣਾ ਕਿ ਲੋਕਾਂ ਨੂੰ ਆਪਣੇ ਕੰਮ ਨਾਲ ਮਤਲਬ ਰੱਖਣ ਦੀ ਲੋੜ ਹੁੰਦੀ ਹੈ ਅਤੇ ਜਨਤਕ ਮਾਮਲੇ ਸਿਰਫ਼ ਹਾਕਮਾਂ ਲਈ ਛੱਡ ਦਿੱਤੇ ਜਾਣੇ ਚਾਹੀਦੇ ਹਨ। ਅਰੈਂਡਟ ਦਾ ਆਖਣਾ ਕਿ ਸਥਿਰਤਾ ਅਤੇ ਅਮਨ ਚੈਨ ਦੀ ਖਾਤਰ ਅਕਸਰ ਮਨੁੱਖੀ ਮਾਮਲਿਆਂ ਵਿੱਚ ਗ਼ਲਤੀਆਂ ਤੋਂ ਬਚਣ ਦਾ ਸੁਝਾਅ ਦਿੱਤਾ ਜਾਂਦਾ ਹੈ, ਪਰ ਅਸਲ ਵਿੱਚ ਇਹ ਰਾਜਨੀਤੀ ਤੋਂ ਕਿਨਾਰਾਕਸ਼ੀ ਹੁੰਦੀ ਹੈ: "ਇਸ ਕਿਸਮ ਦੀਆਂ ਸਾਰੀਆਂ ਕਿਨਾਰਾਕਸ਼ੀਆਂ ਦਾ ਸਿਖਰ ਇੱਕ ਅਜਿਹੇ ਸ਼ਾਸਨ ਦਾ ਸੰਕਲਪ ਹੁੰਦਾ ਹੈ ਜਿਸ ਦੀ ਧਾਰਨਾ ਇਸ 'ਤੇ ਟਿਕੀ ਹੈ ਕਿ ਆਦਮੀ ਕਾਨੂੰਨ ਤੇ ਸਿਆਸਤ ਤਦ ਹੀ ਮਿਲ ਜੁਲ ਕੇ ਰਹਿ ਸਕਦੇ ਹਨ ਜੇ ਕੁਝ ਲੋਕਾਂ ਨੂੰ ਹੁਕਮ ਦੇਣ ਦਾ ਹੱਕ ਹਾਸਲ ਹੋਵੇ ਅਤੇ ਬਾਕੀ ਹੁਕਮਾਂ ਨੂੰ ਮੰਨਣ ਦੇ ਪਾਬੰਦ ਹੋਣ।"

ਲੋਕਰਾਜ ਸਰਕਾਰ ਦਾ ਇਕਮਾਤਰ ਅਜਿਹਾ ਰੂਪ ਹੁੰਦੀ ਹੈ ਜੋ ਜਨਤਕ ਖੇਤਰ ਦੇ ਵਿਸ਼ੇਸ਼ਾਧਿਕਾਰ ਦੀ ਧਾਰਨਾ ਦਿੰਦੀ ਹੈ ਜਿੱਥੇ ਨਾਗਰਿਕ ਮੁਕਾਬਲਤਨ ਇਕੱਠੇ ਹੋ ਕੇ ਇਹ ਸੋਚ ਵਿਚਾਰ ਕਰ ਸਕਦੇ ਹਨ ਕਿ 'ਕੀ ਹੋ ਰਿਹਾ ਹੈ' ਅਤੇ 'ਕੀ ਹੋਣਾ ਚਾਹੀਦਾ ਹੈ।' ਪ੍ਰਾਚੀਨ ਯੂਨਾਨੀ ਦਾਰਸ਼ਨਿਕਾਂ ਦਾ ਕਹਿਣਾ ਸੀ ਕਿ ਬਹਿਸ ਮੁਬਾਹਿਸੇ ਵਿੱਚ ਸ਼ਿਰਕਤ ਕਰਨਾ ਹੀ ਰਾਜਨੀਤੀ ਹੁੰਦੀ ਹੈ। ਜ਼ਰਾ ਸੋਚੋ ਕਿ ਵਿਰੋਧ ਤੋਂ ਬਗ਼ੈਰ ਇਹ ਦੁਨੀਆ ਕਿੰਨੀ ਤਰਸਯੋਗ ਅਤੇ ਡਰਾਉਣੀ ਹੋਣੀ ਸੀ। ਅਸੀਂ ਭਾਰਤ ਦੀ ਅਮੀਰ ਬਹੁਲਤਾ ਅਤੇ ਇਸ ਦੀਆਂ ਬਹੁਤ ਸਾਰੀਆਂ ਰਵਾਇਤਾਂ ਅਤੇ ਬਹੁਭਾਂਤੇ ਦਰਸ਼ਨਾਂ ਅਤੇ ਧਾਰਮਿਕ ਤਿਓਹਾਰਾਂ ਅਤੇ ਇਲਾਕਾਈ ਵਿਭਿੰਨਤਾ ਸਹਿਤ ਅਜਿਹੀ ਦੁਨੀਆ ਦਾ ਕਿਆਸ ਨਹੀਂ ਕਰ ਸਕਦੇ, ਪਰ ਤਸੀਹਾ ਕੈਂਪਾਂ ਵਿੱਚ ਕਰ ਸਕਦੇ ਹਾਂ। ਅਸੀਂ ਕਦੇ ਵੀ ਇੱਕ ਉਥਲ ਪੁਥਲ ਪਰ ਰਚਨਾਤਮਕ ਦੁਨੀਆਂ ਨੂੰ ਵਿਵਸਥਾ ਤੇ ਸਥਿਰਤਾ ਵਾਲੀ ਦੁਨੀਆਂ ਨਾਲ ਨਹੀਂ ਵਟਾਵਾਂਗੇ ਕਿਉਂਕਿ ਐਸੀ ਦੁਨੀਆ ਮੁਰਦਿਆਂ ਦੀ ਦੁਨੀਆਂ ਹੁੰਦੀ ਹੈ।

# ਮੋਦੀ ਵਿਰੁੱਧ ਇੰਡੀਆ ਵੱਲੋਂ ਮਮਤਾ-ਪ੍ਰਿਅੰਕਾ ਸੰਭਾਲਣਗੇ ਚੋਣ ਪ੍ਰਚਾਰ ਦੀ ਮੁਹਿੰਮ

## ਭਗਵੀਆਂ ਤਾਕਤਾਂ ਵਿਰੁੱਧ ਉਭਰੇਗਾ ਮੰਡਲ ਕਮਿਸ਼ਨ ਦਾ ਮੁੱਦਾ







ਕੋਲਕਾਤਾ/ਏ.ਟੀ.ਨਿਊਜ਼ : ਪੱਛਮੀ ਬੰਗਾਲ ਵਿੱਚ ਲਗਾਤਾਰ 3 ਵਾਰ ਮੁੱਖ ਮੰਤਰੀ ਬਣਨ ਵਾਲੀ ਤੇ 7 ਵਾਰ ਸੰਸਦ ਮੈਂਬਰ ਰਹਿ ਚੁੱਕੀ ਭਾਰਤ ਦੀ ਸਭ ਤੋਂ ਤੇਜ਼-ਤਰਾਰ ਆਗੂ ਮਮਤਾ ਬੈਨਰਜੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ਿਲਾਫ਼ ਕਾਂਗਰਸ ਨੇ 'ਇੰਡੀਆ' ਗੱਠਜੋੜ ਦੇ ਹਮਲਾਵਰ ਸਮੂਹ ਦੀ ਮੁੱਖ ਆਗੂ ਬਣਾਉਣ ਦਾ ਫ਼ੈਸਲਾ ਕੀਤਾ ਹੈ। ਸੂਬਾ ਕਾਂਗਰਸ ਦੇ ਇਕ ਸੀਨੀਅਰ ਆਗੂ ਨੇ ਦੱਸਿਆ ਕਿ ਹਾਈਕਮਾਂਡ ਨੇ ਫ਼ੈਸਲਾ ਕੀਤਾ ਹੈ ਕਿ ਲੋਕ ਸਭਾ ਚੋਣਾਂ ਵਿੱਚ ਮੋਦੀ ਖ਼ਿਲਾਫ਼ ਮਮਤਾ ਬੈਨਰਜੀ ਨੂੰ ਵਰਤਿਆ ਜਾਣਾ ਚਾਹੀਦਾ ਹੈ। ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਨਾਲ ਸਮਝੌਤਾ ਕਰਨ ਦੀ ਚਾਹਵਾਨ ਕਾਂਗਰਸ ਨੇ ਪਾਰਟੀ ਦੇ ਆਗੂਆਂ ਤੇ ਵਰਕਰਾਂ ਨੂੰ ਇਹ ਸੁਨੇਹਾ ਦੇ ਦਿੱਤਾ ਹੈ। ਇਸ ਦੇ ਨਾਲ ਹੀ ਕਾਂਗਰਸ ਹਿਮਾਚਲ ਪ੍ਰਦੇਸ਼ ਤੇ ਕਰਨਾਟਕ ਵਿੱਚ ਪ੍ਰਿਅੰਕਾ ਗਾਂਧੀ ਵੱਲੋਂ ਕੀਤੇ ਪ੍ਰਭਾਵਸ਼ਾਲੀ ਚੋਣ ਪ੍ਰਚਾਰ ਤੋਂ ਵੀ ਬਹੁਤ ਖ਼ੁਸ਼ ਹੈ। ਉਕਤ ਆਗੂ ਅਨੁਸਾਰ 5 ਸੂਬਿਆਂ ਦੇ ਚੋਣ ਨਤੀਜੇ ਭਾਵੇਂ ਜੋ ਵੀ ਹੋਣ, ਐਪਰ 'ਇੰਡੀਆ' ਗੱਠਜੋੜ ਵਲੋਂ ਮਮਤਾ-ਪ੍ਰਿਅੰਕਾ ਦੀ ਮਹਿਲਾ ਬ੍ਰਿਗੇਡ ਦੁਆਰਾ ਮੋਦੀ 'ਤੇ ਹੱਲਾ ਬੋਲਿਆ ਜਾਣਾ ਤੈਅ ਹੈ। ਮਣੀਪੁਰ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਔਰਤਾਂ ਖ਼ਿਲਾਫ਼ ਹੋ ਰਹੀ ਹਿੰਸਾ 'ਤੇ ਮੋਦੀ ਸਮੇਤ ਭਾਜਪਾ ਆਗੂਆਂ ਦੀ ਚੁੱਪੀ ਤੋਂ ਔਰਤਾਂ ਵਿੱਚ ਭਾਰੀ ਗੁੱਸਾ ਹੈ ਤੇ ਮਮਤਾ-ਪ੍ਰਿਅੰਕਾ ਦੀ ਜੋੜੀ ਇਸ ਗੁੱਸੇ ਨੂੰ ਵੋਟਾਂ ਵਿੱਚ ਬਦਲ ਸਕਦੀ ਹੈ। ਦੱਸਣਯੋਗ ਹੈ ਕਿ ਮਮਤਾ ਬੈਨਰਜੀ ਦਾ ਕਹਿਣਾ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਿਚ ਦੇਸ਼ ਦੀ ਜਨਤਾ ਹੀ ਮੋਦੀ ਦੇ ਵਿਰੁੱਧ ਮੁੱਖ ਚਿਹਰਾ ਹੈ, ਕਿਉਂਕਿ ਮੋਦੀ ਸਰਕਾਰ ਨੇ ਬੀਤੇ 10 ਸਾਲਾਂ ਤੋਂ ਲੋਕਾਂ ਦਾ ਜਿਊਣਾ ਹਰਾਮ ਕੀਤਾ ਹੋਇਆ ਹੈ।

### ਮੰਡਲ ਦੀ ਰਾਜਨੀਤੀ

ਓ.ਬੀ.ਸੀ. ਦਾ ਸਸ਼ਕਤੀਕਰਨ 1990 ਵਿੱਚ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਸਵੀਕਾਰ ਕਰਨ ਨਾਲ ਹੋਇਆ। ਉਦੋਂ ਤੋਂ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਦੀ ਲੜਾਈ ਜਾਰੀ ਰੱਖੀ ਗਈ ਹੈ ਅਤੇ ਇਸ ਦੀ ਅਗਵਾਈ ਲਾਲੂ ਪ੍ਰਸਾਦ ਯਾਦਵ ਵਰਗੇ ਲੋਕਾਂ ਨੇ ਕੀਤੀ ਹੈ ਜੋ ਆਪਣੀ ਰਾਜਨੀਤੀ ਰਾਹੀਂ ਜਾਤੀ ਆਧਾਰਿਤ ਰਾਖਵਾਂਕਰਨ ਰਾਹੀਂ ਮੰਡਲ ਦੀਆਂ ਤਾਕਤਾਂ ਦੇ ਵਿਰੁੱਧ ਪਹਿਰੇਦਾਰ ਹਨ। ਬਿਹਾਰ ਜਾਤੀ ਸਰਵੇਖਣ ਤੋਂ ਪਤਾ ਲਗਦਾ ਹੈ ਕਿ ਸੂਬੇ ਦੀ ਆਬਾਦੀ 'ਚ ਪੱਛੜੇ ਵਰਗ ਦਾ ਸਭ ਤੋਂ ਵੱਡਾ ਹਿੱਸਾ ਹੈ, ਜੋ 63 ਫ਼ੀਸਦੀ ਤੋਂ ਵੱਧ ਹੈ। ਜੇਕਰ ਜਾਤੀ ਜਨਗਣਨਾ ਕੌਮੀ ਪੱਧਰ 'ਤੇ ਹੁੰਦੀ ਹੈ ਜਿਵੇਂ ਕਿ ਰਾਹੁਲ ਗਾਂਧੀ ਅਤੇ ਵਿਰੋਧੀ ਗੱਠਜੋੜ 'ਇੰਡੀਆ' ਨੇ ਮੰਗ ਕੀਤੀ ਹੈ ਤਾਂ ਜ਼ਾਹਿਰਾ ਤੌਰ 'ਤੇ ਇਸ ਦਾ ਨਤੀਜਾ ਬਿਹਾਰ ਸਰਵੇਖਣ ਨਾਲੋਂ ਬਹੁਤਾ ਵੱਖਰਾ ਨਹੀਂ ਹੋਵੇਗਾ। ਵੀ.ਪੀ. ਸਿੰਘ ਦੀ ਰਾਹ 'ਤੇ ਮਜ਼ਬੂਤੀ ਨਾਲ ਚੱਲ ਕੇ ਅਤੇ ਭਾਜਪਾ ਦੇ ਹਿੰਦੂਤਵ ਦੇ ਏਜੰਡੇ ਨੂੰ ਪ੍ਰਭਾਵੀ ਢੰਗ ਨਾਲ ਮੋੜ ਕੇ ਨਿਤਿਸ਼ ਕੁਮਾਰ ਦੀ ਨਜ਼ਰ ਪ੍ਰਧਾਨ ਮੰਤਰੀ ਅਹੁਦੇ 'ਤੇ ਹੋ ਸਕਦੀ ਹੈ। ਜਾਤੀ ਜਨਗਣਨਾ ਦੇ ਮੁੱਦਾ ਦਾ ਬਿਹਾਰ ਤੋਂ ਬਾਹਰ ਜ਼ੋਰ ਫੜਨ ਨਾਲ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ, ਹਰਿਆਣਾ, ਪੰਜਾਬ ਅਤੇ ਦਿੱਲੀ ਵਿੱਚ ਚੋਣਾਂ 'ਤੇ ਅਸਰ ਪੈਣ ਦੀ ਸੰਭਾਵਨਾ ਹੈ। ਇਸ ਤੋਂ ਪਹਿਲਾਂ ਵੀ.ਪੀ. ਸਿੰਘ ਵਲੋਂ ਜਾਤੀ ਆਧਾਰਿਤ ਰਾਖਵਾਂਕਰਨ ਲਾਗੂ ਕਰਨ ਨਾਲ ਭਾਜਪਾ ਦੀ ਅਖਿਲ-ਹਿੰਦੂ ਅਪੀਲ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਜਾਤੀ-ਆਧਾਰਿਤ ਖੇਤਰੀ ਪਾਰਟੀਆਂ ਨੂੰ ਭਾਰੀ ਤਾਕਤ ਮਿਲੀ ਸੀ, ਜਿਨ੍ਹਾਂ 'ਚੋਂ ਜ਼ਿਆਦਾਤਰ ਉਨ੍ਹਾਂ ਦੇ ਸਹਿਯੋਗੀ ਸਨ। ਨਿਤਿਸ਼ ਵੀ ਅਜਿਹੇ ਸਮੇਂ ਵਿੱਚ ਜਾਤੀ ਸਰਵੇਖਣ ਲੈ ਕੇ ਆਏ ਹਨ, ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਲੀਡਰਸ਼ਿਪ ਵਿੱਚ ਭਾਜਪਾ ਨੇ ਹਿੰਦੂਤਵ ਦੇ ਆਪਣੇ ਅਖਿਲ-ਹਿੰਦੂ ਮੁੱਦੇ ਨਾਲ ਆਪਣਾ ਵੋਟ ਆਧਾਰ ਮਜ਼ਬੂਤ ਕੀਤਾ ਹੈ। ਬਿਹਾਰ ਸਰਵੇਖਣ ਵਿੱਚ ਵੀ.ਪੀ. ਸਿੰਘ ਦੇ ਮੰਡਲ ਦੀ ਤਰ੍ਹਾਂ ਹੀ ਭਾਜਪਾ ਦੀ ਸਖ਼ਤ ਮਿਹਨਤ ਨਾਲ ਬਣਾਏ ਗਏ ਹਿੰਦੂਤਵ ਆਧਾਰਿਤ ਵੋਟ ਬੈਂਕ ਨੂੰ ਵੰਡਣ ਦੀ ਸਮਰੱਥਾ ਹੈ, ਜੋ ਕਿ ਸੰਭਾਵੀ ਤੌਰ 'ਤੇ ਮੰਡਲ ਭਾਗ-2 ਵਿੱਚ ਬਦਲ ਜਾਵੇਗਾ।

# ਆਸ਼ਿਆਨਾ ਛੱਡ ਕੇ ਤੰਬੂਆਂ ’ਚ ਰਹਿਣ ਲਈ ਮਜਬੂਰ ਹੋਏ 17 ਲੱਖ ਅਫ਼ਗਾਨ ਸ਼ਰਨਾਰਥੀ



ਹਮਾਸ ਅਤੇ ਇਜ਼ਰਾਈਲ ਵਿਚਾਲੇ ਹੋਈ ਜੰਗ ਦੀ ਹਰ ਪਾਸੇ ਚਰਚਾ ਹੋ ਰਹੀ ਹੈ ਪਰ ਦੂਜੇ ਪਾਸੇ ਜੰਗ ਤੋਂ ਬਿਨਾਂ 17 ਲੱਖ ਤੋਂ ਵੱਧ ਲੋਕਾਂ ਦੀ ਜਾਨ ਨੂੰ ਖਤਰਾ ਹੈ ਅਤੇ ਇਸ ਮਨੁੱਖੀ ਦੁਖਾਂਤ ਦੀ ਬਹੁਤ ਘੱਟ ਚਰਚਾ ਹੋ ਰਹੀ ਹੈ। ਅਸੀਂ ਗੱਲ ਕਰ ਰਹੇ ਹਾਂ ਪਾਕਿਸਤਾਨ ’ਚ ਰਹਿ ਰਹੇ ਅਫ਼ਗਾਨ ਸ਼ਰਨਾਰਥੀਆਂ ਦੀ, ਜਿਨ੍ਹਾਂ ਨੂੰ ਪਾਕਿਸਤਾਨ ਸਰਕਾਰ ਨੇ ਜ਼ਬਰਦਸਤੀ ਦੇਸ਼ ’ਚੋਂ ਕੱਢਣਾ ਸ਼ੁਰੂ ਕਰ ਦਿੱਤਾ ਹੈ। ਪਾਕਿਸਤਾਨ ਸਰਕਾਰ ਨੇ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਵਿਦੇਸ਼ੀਆਂ ਨੂੰ 31 ਅਕਤੂਬਰ ਤੱਕ ਦੇਸ਼ ਛੱਡਣ ਦਾ ਸਮਾਂ ਦਿੱਤਾ ਸੀ। ਸਮਾਂ ਸੀਮਾ ਤੋਂ ਬਾਅਦ ਸ਼ਰਨਾਰਥੀਆਂ ਨੂੰ ਜ਼ਬਰਦਸਤੀ ਦੇਸ਼ ਤੋਂ ਬਾਹਰ ਕੱਢਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਘਰਾਂ ਨੂੰ ਬੇਰਹਿਮੀ ਨਾਲ ਢਾਹਿਆ ਜਾ ਰਿਹਾ ਹੈ।

ਅਜਿਹੀਆਂ ਕਈ ਵੀਡੀਓਜ਼ ਅਤੇ ਤਸਵੀਰਾਂ ਵਾਇਰਲ ਹੋ ਰਹੀਆਂ ਹਨ, ਜਿਨ੍ਹਾਂ ਵਿੱਚ ਲੱਖਾਂ ਅਫ਼ਗਾਨ ਸ਼ਰਨਾਰਥੀ ਨਾ ਚਾਹੁੰਦੇ ਹੋਏ ਵੀ ਆਪਣਾ ਸਮਾਨ ਟਰੱਕਾਂ, ਬੱਸਾਂ ਅਤੇ ਹੋਰ ਵਾਹਨਾਂ ਵਿੱਚ ਲੱਦ ਕੇ ਅਫ਼ਗਾਨਿਸਤਾਨ ਵੱਲ ਜਾ ਰਹੇ ਹਨ। ਇਸ ਕਾਰਨ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੀ ਸਰਹੱਦ ’ਤੇ ਭਾਰੀ ਭੀੜ ਦੇਖਣ ਨੂੰ ਮਿਲੀ ਅਤੇ ਲੋਕ ਲੰਬੀਆਂ ਕਤਾਰਾਂ ’ਚ ਖੜ੍ਹੇ ਸਨ। ਇਹ ਸਾਰੇ ਲੋਕ ਮੁਸਲਮਾਨ ਹਨ ਅਤੇ ਦਹਾਕਿਆਂ ਤੋਂ ਪਾਕਿਸਤਾਨ ਵਿੱਚ ਰਹਿ ਰਹੇ ਸਨ, ਪਰ ਇਨ੍ਹਾਂ ਕੋਲ ਪਾਕਿਸਤਾਨੀ ਨਾਗਰਿਕਤਾ ਨਾਲ ਸਬੰਧਿਤ ਕੋਈ ਦਸਤਾਵੇਜ਼ ਨਹੀਂ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਦੁਨੀਆਂ ਦੇ ਕਿਸੇ ਵੀ ਮੁਸਲਿਮ ਦੇਸ਼ ਨੇ ਇਸ ਬਾਰੇ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ ਹੈ।

ਇਨ੍ਹਾਂ 17 ਲੱਖ ਅਫ਼ਗਾਨਾਂ ਤੋਂ ਬਾਅਦ, ਜੋ ਖੁਦ ਦੁਖਾਂਤ ਅਤੇ ਸਾਧਨਾਂ ਦੀ ਘਾਟ ਨਾਲ ਜੂਝ ਰਹੇ ਹਨ, ਦੇ ਅਫ਼ਗਾਨਿਸਤਾਨ ਵਿੱਚ ਰਹਿਣ ਦਾ ਕੋਈ ਪ੍ਰਬੰਧ ਨਹੀਂ ਹੈ। ਸਰਦੀਆਂ ਵਿੱਚ ਜਦੋਂ ਅਫ਼ਗਾਨਿਸਤਾਨ ਦੇ ਬਹੁਤੇ ਹਿੱਸਿਆਂ ਵਿੱਚ ਤਾਪਮਾਨ ਸਿਫ਼ਰ ਤੋਂ ਹੇਠਾਂ ਚਲਾ ਜਾਂਦਾ ਹੈ ਤਾਂ ਉਨ੍ਹਾਂ ਕੋਲ ਰਹਿਣ ਦਾ ਕੋਈ ਪ੍ਰਬੰਧ ਨਹੀਂ ਹੁੰਦਾ। ਹਾਲਾਂ ਕਿ ਤਾਲਿਬਾਨ ਨੇ ਕਿਹਾ ਹੈ ਕਿ ਫਿਲਹਾਲ ਅਜਿਹੇ ਸ਼ਰਨਾਰਥੀਆਂ ਲਈ ਟੈਂਟਾਂ ਦਾ ਇੰਤਜ਼ਾਮ ਕੀਤਾ ਜਾਵੇਗਾ।

ਪਿਛਲੇ ਮਹੀਨੇ ਹੀ, ਪਾਕਿਸਤਾਨ ਦੀ ਦੇਖਭਾਲ ਕਰਨ ਵਾਲੀ ਸਰਕਾਰ ਨੇ ਉਨ੍ਹਾਂ ਸਾਰੇ ਅਫ਼ਗਾਨ ਸ਼ਰਨਾਰਥੀਆਂ ਨੂੰ 31 ਅਕਤੂਬਰ ਤੱਕ ਪਾਕਿਸਤਾਨ ਛੱਡਣ ਲਈ ਅਲਟੀਮੇਟਮ ਦਿੱਤਾ ਸੀ, ਜਿਨ੍ਹਾਂ ਕੋਲ ਨਾਗਰਿਕਤਾ ਨਾਲ ਸਬੰਧਿਤ ਕੋਈ ਦਸਤਾਵੇਜ਼ ਨਹੀਂ ਹਨ। ਸਰਕਾਰ ਨੇ ਐਲਾਨ ਕੀਤਾ ਸੀ ਕਿ 1 ਨਵੰਬਰ ਤੋਂ ਜਿਹੜੇ ਗੈਰ-ਕਾਨੂੰਨੀ ਵਿਦੇਸ਼ੀਆਂ ਨੇ ਦੇਸ਼ ਨਹੀਂ ਛੱਡਿਆ, ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਬਾਅਦ 1 ਨਵੰਬਰ ਦੀ ਤਰੀਕ ਆਉਂਦੇ ਹੀ ਦੇਸ਼ ਦੇ ਕਰਾਚੀ, ਰਾਵਲਪਿੰਡੀ, ਇਸਲਾਮਾਬਾਦ, ਪੇਸ਼ਾਵਰ, ਕਵੇਟਾ ਅਤੇ ਸੰਯੁਕਤ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਪੁਲਿਸ ਦੁਆਰਾ ਗੈਰ-ਦਸਤਾਵੇਜ਼ੀ ਵਿਦੇਸ਼ੀਆਂ ਨੂੰ ਦੇਸ਼ ਨਿਕਾਲਾ ਦੇਣ ਅਤੇ ਗ੍ਰਿਫ਼ਤਾਰ ਕਰਨ ਦੀਆਂ ਰਿਪੋਰਟਾਂ ਸਨ।

ਕਰਾਚੀ ਵਿੱਚ, ਅਧਿਕਾਰੀਆਂ ਨੇ ਸਦਰ ਖੇਤਰ ਤੋਂ ਚਾਰ ਗੈਰ-ਕਾਨੂੰਨੀ ਅਫ਼ਗਾਨ ਪਰਵਾਸੀਆਂ ਨੂੰ ਹਿਰਾਸਤ ਵਿੱਚ ਲਿਆ ਅਤੇ ਉਨ੍ਹਾਂ ਨੂੰ ਇੱਕ ਹੋਲਡਿੰਗ ਸੈਂਟਰ ਵਿੱਚ ਭੇਜ ਦਿੱਤਾ। ਇੱਥੋਂ ਕਾਨੂੰਨੀ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਉਨ੍ਹਾਂ ਨੂੰ ਵਾਪਸ ਅਫ਼ਗਾਨਿਸਤਾਨ ਭੇਜ ਦਿੱਤਾ ਜਾਵੇਗਾ। ਪੁਲਿਸ ਦੀ ਵੱਡੀ ਟੁਕੜੀ ਵੀ ਮਹਾਨਗਰ ਦੇ ਸੋਹਰਾਬ ਗੋਠ ਇਲਾਕੇ ਵਿੱਚ ਪਹੁੰਚੀ ਅਤੇ ਲਾਊਡਸਪੀਕਰਾਂ ਰਾਹੀਂ ਗੈਰ-ਦਸਤਾਵੇਜ਼ ਪਰਵਾਸੀਆਂ ਨੂੰ ਬੁੱਧਵਾਰ ਅੱਧੀ ਰਾਤ ਤੱਕ ਆਪਣੇ ਦੇਸ਼ ਪਰਤਣ ਦੀ ਚਿਤਾਵਨੀ ਦਿੱਤੀ।



ਇਸੇ ਤਰ੍ਹਾਂ ਬਲੋਚਿਸਤਾਨ ਦੇ ਚਮਨ ਇਲਾਕੇ ’ਚ ਵੱਖ-ਵੱਖ ਥਾਂਵਾਂ ਤੋਂ ਦਰਜਨਾਂ ਗੈਰ-ਕਾਨੂੰਨੀ ਪਰਵਾਸੀਆਂ ਨੂੰ ਹਿਰਾਸਤ ’ਚ ਲਿਆ ਗਿਆ ਹੈ। ਪਾਕਿਸਤਾਨੀ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਰਜਿਸਟ੍ਰੇਸ਼ਨ ਤੋਂ ਬਾਅਦ ਗੈਰ-ਦਸਤਾਵੇਜ਼ ਪ੍ਰਵਾਸੀ ਅਫ਼ਗਾਨ ਪਰਿਵਾਰਾਂ ਨੂੰ ਹੋਲਡਿੰਗ ਸੈਂਟਰਾਂ ’ਚ ਭੇਜਿਆ ਜਾ ਰਿਹਾ ਹੈ। ਪੁਲਿਸ ਨੇ ਦੱਸਿਆ ਕਿ ਹੁਣ ਤੱਕ ਕਰੀਬ 5,000 ਗੈਰ-ਕਾਨੂੰਨੀ ਅਫ਼ਗਾਨ ਸ਼ਰਨਾਰਥੀਆਂ ਨੂੰ ਹੋਲਡਿੰਗ ਸੈਂਟਰ ਭੇਜਿਆ ਜਾ ਚੁੱਕਾ ਹੈ। ਅਫ਼ਗਾਨ ਕਮਿਸ਼ਨਰੇਟ ਦੇ ਸੂਤਰਾਂ ਮੁਤਾਬਕ ਪਾਕਿਸਤਾਨ ’ਚ ਗੈਰ-ਕਾਨੂੰਨੀ ਰੂਪ ਨਾਲ ਰਹਿ ਰਹੇ ਲਗਭਗ 104,000 ਅਫ਼ਗਾਨ ਸ਼ਰਨਾਰਥੀ ਹੁਣ ਤੱਕ ਅਫ਼ਗਾਨਿਸਤਾਨ ਪਰਤ ਚੁੱਕੇ ਹਨ। ਗੈਰ-ਦਸਤਾਵੇਜ਼ੀ ਸ਼ਰਨਾਰਥੀਆਂ ਵਿੱਚ 28,000 ਪੁਰਸ਼, 19,000 ਔਰਤਾਂ ਅਤੇ 56,000 ਬੱਚੇ ਸ਼ਾਮਲ ਸਨ। ਪੰਜਾਬ ਦੇ ਆਈਜੀ ਉਸਮਾਨ ਅਨਵਰ ਨੇ ਕਿਹਾ ਕਿ ਗੈਰ-ਕਾਨੂੰਨੀ ਵਸਨੀਕਾਂ ਦੀ ਵਾਪਸੀ ਦੀ ਯੋਜਨਾ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ ਅਤੇ ਸੂਬਾਈ ਪੁਲਿਸ ਫੈਡਰਲ ਸਰਕਾਰ ਦੇ ਨਿਰਦੇਸ਼ਾਂ ਨੂੰ ਲਾਗੂ ਕਰੇਗੀ। ਹਿਰਾਸਤ ਵਿੱਚ ਲਏ ਗੈਰ-ਦਸਤਾਵੇਜ਼ ਵਿਦੇਸ਼ੀਆਂ ਨੂੰ ਹੋਲਡਿੰਗ ਸੈਂਟਰਾਂ ਵਿੱਚ ਰੱਖਿਆ ਗਿਆ ਹੈ ਅਤੇ ਕਾਨੂੰਨੀ ਕਾਰਵਾਈ ਕਰਨ ਤੋਂ ਬਾਅਦ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਸੂਬੇ ਵਿੱਚੋਂ ਕੱਢ ਦਿੱਤਾ ਜਾਵੇਗਾ। ਪੁਲਿਸ ਅਨੁਸਾਰ ਪਰਵਾਸੀਆਂ ਨੂੰ ਆਵਾਜਾਈ, ਭੋਜਨ ਅਤੇ ਹੋਰ ਪ੍ਰਬੰਧ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ।



(ਬਾਕੀ ਸਫ਼ਾ 31 ’ਤੇ)

# ਗੰਭੀਰ ਸੰਕਟ ’ਚੋਂ ਲੰਘ ਰਿਹਾ ਹੈ ਉੱਤਰੀ ਬੰਗਾਲ ਦਾ ਚਾਹ ਉਦਯੋਗ

## ਇਸ ਖੇਤਰ ਦੇ ਬੰਦ ਹੋ ਗਏ ਹਨ ਕਈ ਚਾਹ ਬਾਗ



ਭਾਰਤ ’ਚ ਕਰੋੜਾਂ ਲੋਕ ਸਵੇਰੇ-ਸਵੇਰੇ ਚਾਹ ਦੀ ਚੁਸਕੀ ਲੈਣਾ ਪਸੰਦ ਕਰਦੇ ਹਨ। ਇਹ ਗਿਣਤੀ ਸਮੇਂ ਦੇ ਨਾਲ ਵਧਦੀ ਹੀ ਜਾ ਰਹੀ ਹੈ। ਇਸ ਕਾਰਨ ਭਾਰਤ ’ਚ ਚਾਹ ਦੀ ਖਪਤ ਲਗਾਤਾਰ ਵੱਧਦੀ ਜਾ ਰਹੀ ਹੈ। ਇਸ ਦੌਰਾਨ ਚਾਹ ਪੀਣ ਦੇ ਸ਼ੌਕੀਨਾਂ ਲਈ ਇੱਕ ਬੁਰੀ ਖ਼ਬਰ ਹੈ। ਦਰਅਸਲ, ਚਾਹ ਉਤਪਾਦਕਾਂ ਦੀ ਬਾਡੀਜ਼ ਟੀ-ਐਸੋਸੀਏਸ਼ਨ ਆਫ ਇੰਡੀਆ (ਟੀ. ਏ. ਆਈ.) ਨੇ ਕਿਹਾ ਹੈ ਕਿ ਉੱਤਰੀ ਬੰਗਾਲ ਦਾ ਚਾਹ ਉਦਯੋਗ ਗੰਭੀਰ ਸੰਕਟ ’ਚੋਂ ਲੰਘ ਰਿਹਾ ਹੈ ਅਤੇ ਖੇਤਰ ਦੇ ਕਈ ਬਾਗ ਬੰਦ ਹੋ ਗਏ ਹਨ।

ਇਸ ਮਾਮਲੇ ਦੇ ਸਬੰਧ ਵਿੱਚ ਟੀ. ਏ. ਆਈ. ਦੇ ਜਨਰਲ ਸਕੱਤਰ ਪੀ. ਕੇ. ਭੱਟਾਚਾਰੀਆ ਨੇ ਕਿਹਾ ਕਿ ਅਕਤੂਬਰ 2023 ’ਚ ਉੱਤਰੀ ਬੰਗਾਲ ’ਚ 13-14 ਚਾਹ ਦੇ ਬਾਗ ਬੰਦ ਹੋ ਗਏ, ਜਿਸ ਨਾਲ 11,000 ਤੋਂ ਵੱਧ ਲੋਕ ਪ੍ਰਭਾਵਿਤ ਹੋਏ। ਜਾਣਕਾਰਾਂ ਦਾ ਕਹਿਣਾ ਹੈ ਕਿ ਚਾਹ ਦੇ ਬਾਗ ਦੇ ਬੰਦ ਹੋਣ ਨਾਲ ਚਾਹ ਦਾ ਉਤਪਾਦਨ ਪ੍ਰਭਾਵਿਤ ਹੋਵੇਗਾ, ਜਿਸ ਕਾਰਨ ਆਉਣ ਵਾਲੇ ਦਿਨਾਂ ’ਚ ਚਾਹ ਪੱਤੀ ਦੀਆਂ ਕੀਮਤਾਂ ’ਚ ਵਾਧਾ ਹੋਵੇਗਾ। ਠੰਡ ’ਚ ਵੈਸੇ ਵੀ ਚਾਹ ਪੱਤੀ ਦੀ ਜ਼ਿਆਦਾ ਖਪਤ ਹੁੰਦੀ ਹੈ, ਜਿਸ ਕਾਰਨ ਕੀਮਤ ਵਧ ਜਾਂਦੀ ਹੈ।

ਟੀ. ਏ. ਆਈ. ਨੇ ਕਿਹਾ ਕਿ ਇਸ ਸਾਲ ਅਪ੍ਰੈਲ ’ਚ ਪੱਛਮੀ ਬੰਗਾਲ ਸਰਕਾਰ ਵੱਲੋਂ ਐਲਾਨੇ ਅੰਤ੍ਰਿਮ ਮਜ਼ਦੂਰੀ ’ਚ ਵਾਧੇ ਕਾਰਨ ਸੰਗਠਿਤ ਅਤੇ ਛੋਟੀਆਂ ਚਾਹ ਫੈਕਟਰੀਆਂ (ਬੀ. ਐੱਲ. ਐੱਫ.) ਸਮੇਤ ਲਗਭਗ 300 ਬਾਗਾਂ ਨੂੰ ਵਿੱਤੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਨ੍ਹਾਂ ਖੇਤਰਾਂ ’ਚ ਸਾਲਾਨਾ ਲਗਭਗ 40 ਕਰੋੜ ਕਿਲੋ ਚਾਹ ਦਾ ਉਤਪਾਦਨ ਹੁੰਦਾ ਹੈ। ਭੱਟਾਚਾਰੀਆ ਮੁਤਾਬਕ ਉੱਤਰੀ ਬੰਗਾਲ ’ਚ ਕਰੀਬ 300 ਚਾਹ ਦੇ ਬਾਗ ਹਨ, ਜਿਨ੍ਹਾਂ ’ਚੋਂ 15 ਬੰਦ ਹਨ। ਟੀ. ਏ. ਆਈ. ਨੇ ਕਿਹਾ ਕਿ ਉਦਯੋਗ ਨੂੰ ਖਾਦਾਂ, ਕੋਲੇ ਅਤੇ ਰਸਾਇਣਾਂ ਤੋਂ ਲੈ ਕੇ ਉਤਪਾਦਨ ਲਾਗਤਾਂ ’ਚ ਅਚਾਨਕ ਵਾਧੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਦੋਂਕਿ ਨੀਲਾਮੀ ’ਚ ਕੀਮਤਾਂ ਬਹੁਤ ਘੱਟ ਮਿਲ ਰਹੀਆਂ ਹਨ। ਐਸੋਸੀਏਸ਼ਨ ਨੇ ਇਹ ਵੀ ਕਿਹਾ ਕਿ ਵਿੱਤੀ ਸੰਕਟ ਨੂੰ ਘੱਟ ਕਰਨ ’ਚ ਮਦਦ ਲਈ ਉਦਯੋਗ ਨੇ ਪਹਿਲਾਂ ਹੀ ਪੱਛਮੀ ਬੰਗਾਲ ਸਰਕਾਰ ਨਾਲ ਗੱਲਬਾਤ ਕੀਤੀ ਹੈ।



ਚਾਹ ਬੋਰਡ ਨੇ ਅਗਲੇ ਸਾਲ ਦੀ ਪਹਿਲੀ ਛਿਮਾਹੀ ’ਚ ਵਧੀਆ ਫ਼ਸਲ ਲਈ ਉੱਤਰ ਭਾਰਤ ’ਚ ਸਰਦੀਆਂ ’ਚ ਚਾਹ ਉਤਪਾਦਕ ਖੇਤਰਾਂ ’ਚ ਵਿਨਿਰਮਾਣ ਯੂਨਿਟਾਂ ਨੂੰ ਬੰਦ ਕਰਨ ਦਾ ਆਦੇਸ਼ ਦੇ ਰੱਖਿਆ ਹੈ। ਬੋਰਡ ਦੇ ਹੁਕਮਾਂ ਅਨੁਸਾਰ ਦਾਰਜੀਲਿੰਗ, ਸਿੱਕਮ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਦੀਆਂ ਸਾਰੀਆਂ ਚਾਹ ਫੈਕਟਰੀਆਂ ਲਈ ਹਰੇ ਪੱਤੇ ਤੋੜਨ ਜਾਂ ਲੈਣ ਦੀ ਆਖਰੀ ਮਿਤੀ 11 ਦਸੰਬਰ ਤੈਅ ਕੀਤੀ ਗਈ ਹੈ। ਉਥੇ ਪੱਛਮੀ ਬੰਗਾਲ ਦੇ ਦੁਆਰ ਅਤੇ ਤਰਾਈ ਖੇਤਰ ਤੇ ਬਿਹਾਰ ਲਈ ਮਿਤੀ 23 ਦਸੰਬਰ ਹੈ। ਦਾਰਜੀਲਿੰਗ, ਸਿੱਕਮ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ’ਚ ਫੈਕਟਰੀਆਂ ’ਚ ਹਰੇ ਪੱਤਿਆਂ ਦੀ ਪ੍ਰਾਸੈਸਿੰਗ ਦੀ ਆਖ਼ਰੀ ਮਿਤੀ 13 ਦਸੰਬਰ, ਜਦੋਂਕਿ ਤਰਾਈ, ਦੁਆਰ ਅਤੇ ਬਿਹਾਰ ’ਚ 26 ਦਸੰਬਰ ਹੈ।

ਆਦੇਸ਼ ’ਚ ਕਿਹਾ ਗਿਆ ਕਿ ਦਾਰਜਲਿੰਗ, ਸਿੱਕਮ, ਹਿਮਾਚਲ ਪ੍ਰਦੇਸ਼ ਅਤੇ ਉਤਰਾਖੰਡ ਲਈ ਛਾਂਟੀ, ਪੈਕਿੰਗ ਅਤੇ ਪੈਕ ਕੀਤੀ ਗਈ ਚਾਹ ਨੂੰ ਨੋਟੀਫਾਈਡ ਸਟੋਰੇਜ ਖੇਤਰਾਂ ’ਚ ਬਿੱਲ ਮਾਰਕਿੰਗ ਦੇ ਨਾਲ ਲਿਜਾਣ ਦੀ ਆਖਰੀ ਮਿਤੀ 26 ਦਸੰਬਰ ਹੋਵੇਗੀ। ਪੱਛਮੀ ਬੰਗਾਲ ਦੇ ਦੁਆਰ ਅਤੇ ਤਰਾਈ ਖੇਤਰ ਤੇ ਬਿਹਾਰ ’ਚ ਸੀ. ਟੀ. ਸੀ. ਸਿੱਕਮ ਲਈ 6 ਜਨਵਰੀ 2024 ਅਤੇ ਹਰੀ ਚਾਹ ਕਿਸਮਾਂ ਲਈ 11 ਜਨਵਰੀ 2024 ਦੀ ਮਿਤੀ ਤੈਅ ਕੀਤੀ ਗਈ ਹੈ।

# ਪਠਾਣਾਂ ਨੇ ਜੰਗਾਂ ਲੜ ਕੇ ਆਪਣਾ ਮੁਲਕ ਮੁੜ ਵਾਪਸ ਲੈ ਲਿਆ, ਪਰ ਸਿੱਖ ਕਦੇ ਵੀ ਨਾ ਲੈ ਸਕੇ

**ਡਾ. ਗੁਲਾਮ ਮੁਸਤਫ਼ਾ ਡੋਗਰ**





ਸਿੱਖ ਤੇ ਪਠਾਣ ਦੋ ਅਜਿਹੀਆਂ ਕੌਮਾਂ ਹਨ ਜੋ ਰਹਿੰਦੀਆਂ ਤਾਂ ਇਕ-ਦੂਜੇ ਕੋਲੋਂ ਬਹੁਤ ਦੂਰ ਨੇ ਪਰ ਇਨ੍ਹਾਂ ਦੀਆਂ ਸ਼ਕਲਾਂ, ਆਦਤਾਂ, ਰਹਿਣ-ਸਹਿਣ ਸਾਰਾ ਆਪਸ ਵਿੱਚ ਮਿਲਦਾ ਹੈ। ਸਿੱਖ ਭਰਾ ਕੇਸ ਰੱਖਦੇ ਹਨ। ਪਹਿਲਾਂ ਪਠਾਣ ਵੀ ਕੇਸ ਰੱਖਿਆ ਕਰਦੇ ਸਨ। ਪਰ ਉਹ ਕੇਸਾਂ ਨੂੰ ਬੰਨ੍ਹ ਕੇ ਨਹੀ ਖੋਲ੍ਹ ਕੇ ਰੱਖਦੇ ਸੀ। ਹੁਣ ਵੀ ਪਠਾਣ ਲੰਬੇ ਕੇਸ ਤਾਂ ਰੱਖਦੇ ਨੇ ਪਰ ਕੇਸਾਂ ਨੂੰ ਬੰਨ੍ਹਦੇ ਨਹੀਂ। ਸਿੱਖ ਦਾੜ੍ਹੀ ਰੱਖਦੇ ਨੇ ਤੇ ਪਠਾਣ ਵੀ। ਸਿੱਖ ਮੁੱਛਾਂ ਰੱਖਦੇ ਹਨ ਤੇ ਪਠਾਣ ਵੀ। ਸਿੱਖ ਦਸਤਾਰ ਬੰਨ੍ਹਦੇ ਨੇ ਤੇ ਪਠਾਣ ਵੀ ਪੱਗੜੀ ਬੰਨ੍ਹਦੇ ਹਨ। ਫ਼ਰਕ ਸਿਰਫ਼ ਏਨਾ ਹੈ ਕਿ ਪਹਿਲਾਂ ਸਿੱਖਾਂ ਦੀ ਦਸਤਾਰ ਸਾਦੀ ਹੁੰਦੀ ਸੀ ਪਰ ਹੁਣ ਪਟਿਆਲੇ ਦੀ ਚੁੰਝ ਵਾਲੀ ਦਸਤਾਰ ਦੀ ਕਾਢ ਸਿੱਖਾਂ ਨੇ ਆਪ ਹੀ ਕੱਢ ਲਈ। ਬਾਬਾ ਨਾਨਕ ਜਿਵੇਂ ਪੱਗੜੀ ਬੰਨ੍ਹਦੇ ਸਨ ਪਠਾਣ ਵੀ ਉਸੇ ਤਰ੍ਹਾਂ ਹੀ ਪਗੜੀ ਬੰਨ੍ਹਦੇ ਸੀ। ਕਾਫੀ ਪਠਾਣ ਕਾਲੀ ਪਗੜੀ ਬੰਨ੍ਹਦੇ ਹਨ ਤੇ ਸਿੱਖ ਵੀ। ਸਿੱਖ ਸੱਜੇ ਪਾਸੇ ਤੋਂ ਖੱਬੇ ਪਾਸੇ ਨੂੰ ਕਿਰਪਾਨ ਪਾਉਂਦੇ ਹਨ ਤਾਂ ਜੋ ਲੋੜ ਪੈਣ ਤੇ ਉਹ ਆਪਣੇ ਸੱਜੇ ਹੱਥ ਨਾਲ ਕਿਰਪਾਨ ਨੂੰ ਆਸਾਨੀ ਨਾਲ ਕੱਢ ਸਕਣ। ਪਠਾਣ ਵੀ ਸੱਜੇ ਪਾਸੇ ਤੋਂ ਖੱਬੇ ਪਾਸੇ ਨੂੰ ਪਿਸਤੌਲ ਲਗਾਈ ਰੱਖਦੇ ਹਨ ਤੇ ਪਿਸਤੋਲ ਗੋਲੀਆਂ ਨਾਲ ਭਰੀ ਹੁੰਦੀ ਹੈ। ਪਠਾਣ ਪਿਸਤੌਲ ਨੂੰ ਖੱਬੇ ਪਾਸੇ ਤਾਂ ਲਾ ਕੇ ਰੱਖਦੇ ਹਨ ਤਾਂ ਜੋ ਲੋੜ ਪੈਣ ’ਤੇ ਆਪਣੇ ਸੱਜੇ ਹੱਥ ਨਾਲ ਪਿਸਤੌਲ ਨੂੰ ਕੱਢ ਕੇ ਇਸਤੇਮਾਲ ਕਰ ਸਕਣ। ਦੋਹਾਂ ਦਾ ਸਾਦਾ ਜਿਹਾ ਲਿਬਾਸ ਹੈ। ਸਿੱਖ ਵੀ ਚਾਦਰ ਲੈਂਦੇ ਹਨ ਤੇ ਪਠਾਣ ਵੀ। ਸਿੱਖ ਤਹਿਮਦ ਤੇ ਪਜਾਮਾ ਅਤੇ ਪਠਾਣ ਸਲਵਾਰ ਪਾਉਂਦੇ ਹਨ। ਸਲਵਾਰ ਵੀ ਪਜਾਮੇ ਦੀ ਹੀ ਖੁੱਲ੍ਹੀ ਸ਼ਕਲ ਹੈ। ਦੋਵੇਂ ਕਮੀਜ਼ਾਂ ਅਤੇ ਵਾਸਕਟ ਵੀ ਪਾਉਂਦੇ ਹਨ। ਜਦੋਂ ਪਠਾਣ ਦੇ ਘਰ ਬੱਚਾ ਜਨਮ ਲੈਂਦਾ ਹੈ, ਉਸ ਦੇ ਕੰਨਾਂ ਵਿੱਚ ਪਹਿਲੀ ਆਵਾਜ਼ ਗੰਨ ਦੇ ਫਾਇਰ ਦੀ ਪੈਂਦੀ ਹੈ। ਬੇਟਾ ਹੋਵੇ ਤਾਂ ਪੰਜ ਅਤੇ ਬੇਟੀ ਹੋਵੇ ਤਾਂ ਤਿੰਨ ਫਾਇਰ ਕੱਢੇ ਜਾਂਦੇ ਹਨ। ਇਸ ਲਈ ਬੇਟੀ ਦੇ ਜਨਮ ਨੂੰ ਉਨ੍ਹਾਂ ਵਿੱਚ ਵੀ ਘੱਟ ਚੰਗਾ ਸਮਝਿਆ ਜਾਂਦਾ ਅਤੇ ਸਿੱਖਾਂ ਵਿੱਚ ਵੀ। ਇਤਿਹਾਸ ਵਿੱਚ ਇਨ੍ਹਾਂ ਦੋਵਾਂ ਕੌਮਾਂ ’ਤੇ ਬਹੁਤ ਕਠਿਨ ਵਕਤ ਆਉਂਦੇ ਰਹੇ ਹਨ। ਦੋਵੇਂ ਕੌਮਾਂ ਲੜਾਕੂ ਤੇ ਬਹਾਦਰ ਹਨ। ਸਾਦੇ ਤੇ ਦਲੇਰ ਹਨ। ਸਾਦਾ ਬੰਦਾ ਹੀ ਦਲੇਰ ਹੋ ਸਕਦਾ ਹੈ। ਕਦੀ ਵੀ ਚਲਾਕ ਬੰਦਾ ਦਲੇਰ ਨਹੀਂ ਹੋ ਸਕਦਾ। ਉਹ ਗਿਣ-ਮਿੱਥ ਕੇ ਚੱਲਦਾ ਹੈ। ਪਠਾਣਾਂ ਦੀ ਕੌਮੀ ਖੇਡ ਨਿਸ਼ਾਨੇਬਾਜ਼ੀ ਹੈ। ਸਿੱਖਾਂ ਦੀ ਵੀ ਕੌਮੀ ਖੇਡ ਤਲਵਾਰਬਾਜ਼ੀ ਹੈ। ਹੋਲੇ-ਮਹੱਲੇ ’ਤੇ ਵੀ ਇਸ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਦੋਵੇਂ ਕੌਮਾਂ ਨੂੰ ਘੋੜਿਆਂ ਦਾ ਬਹੁਤ ਸ਼ੌਂਕ ਹੈ। ਕਈ ਗੁਰੂ ਘਰਾਂ ਨੂੰ ਘੋੜੇ ਪਠਾਣ ਹੀ ਦਿੰਦੇ ਸਨ। ਪਠਾਣ ਹਥਿਆਰਾਂ ਦੇ ਬਹੁਤ ਸ਼ੌਕੀਨ ਹਨ ਤੇ ਸਿੱਖ ਵੀ ਹਥਿਆਰਾਂ ਦਾ ਸ਼ੌਂਕ ਰੱਖਦੇ ਹਨ। ਜਿਸ ਤਰ੍ਹਾਂ ਲੋਕਾਂ ਨੂੰ ਨਵੀਆਂ-ਨਵੀਆਂ ਗੱਡੀਆਂ ਦਿਖਾਉਣ ਦਾ ਸ਼ੌਂਕ ਹੈ, ਉਸੇ ਤਰ੍ਹਾਂ ਪਠਾਣਾਂ ਨੂੰ ਨਵੇਂ-ਨਵੇਂ ਹਥਿਆਰ ਦਿਖਾਉਣ ਦਾ ਸ਼ੌਂਕ ਹੈ। ਕਾਬੁਲ ਤੋਂ ਲੈ ਕੇ ਕਰਾਚੀ ਤੱਕ ਟਰਾਂਸਪੋਰਟ ਦਾ ਸਾਰਾ ਕਾਰੋਬਾਰ ਪਠਾਣਾਂ ਕੋਲ ਹੈ। ਅੰਮ੍ਰਿਤਸਰ ਤੋਂ ਲੈ ਕੇ ਕਲਕੱਤੇ ਤੱਕ ਟਰਾਂਸਪੋਰਟ ਦੇ ਕੰਮ ’ਚ ਜ਼ਿਆਦਾ ਸਿੱਖ ਹਨ। ਬਹੁਤ ਸਾਰੇ ਸਿੱਖ ਅੰਮ੍ਰਿਤਸਰ ਤੋਂ ਟਰੱਕ ਚਲਾ ਕੇ ਕਲਕੱਤੇ ਤਕ ਜਾਂਦੇ ਹਨ। ਬੱਸਾਂ, ਟਰੱਕਾਂ ਤੇ ਰਿਕਸ਼ਿਆਂ ਦੇ ਬਹੁਤ ਡਰਾਈਵਰ ਪਠਾਣ ਹਨ। ਪਾਕਿਸਤਾਨ ਦੀ ਬੱਸਾਂ ਦੀ ਇੱਕ ਟਰਾਂਸਪੋਰਟ ਦੀ ਬਹੁਤ ਵੱਡੀ ਕੰਪਨੀ ਦਾ ਨਾਂਅ ਹੀ ਨਿਊ ਖਾਨ ਹੈ। ਸਿੱਖਾਂ ਦੇ ਢਾਬੇ ਵੀ ਬਹੁਤ ਹਨ। ਪਠਾਣ ਵੀ ਹੋਟਲਾਂ ਦਾ ਬਹੁਤ ਕੰਮ ਕਰਦੇ ਹਨ। ਇਨ੍ਹਾਂ ਦੇ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿੱਚ ਬਹੁਤ ਹੋਟਲ ਨੇ। ਕਈ ਖਾਣਿਆਂ ਦੇ ਨਾਂਅ ਹੀ ਪਠਾਣਾਂ ’ਤੇ ਆਧਾਰਿਤ ਜਿਵੇਂ ਕਾਬੁਲੀ ਪਲਾਉ ਤੇ ਪਿਸ਼ਾਵਰੀ ਕਬਾਬ। ਪਾਕਿਸਤਾਨ ਵਿੱਚ ਟਰੱਕ ਡਰਾਈਵਰਾਂ ਦੇ ਹੋਟਲਾਂ ਦੀ ਇੱਕ ਵੱਡੀ ਤਾਦਾਦ ਹੈ, ਜਿਸ ਦਾ ਨਾਂਅ ਹੈ ਸ਼ਨਵਾਰੀ ਹੋਟਲ। ਸ਼ਨਵਾਰੀ ਪਠਾਣਾਂ ਦੀ ਹੀ ਇੱਕ ਕੌਮ ਹੈ। ਪਠਾਣ ਮਜ਼ਦੂਰੀ ਕਰਨ ਵਾਸਤੇ ਦੂਜੇ ਮੁਲਕਾਂ ਵਿੱਚ ਤੁਰ ਜਾਂਦੇ ਸੀ। ਪੁਰਾਣੇ ਜ਼ਮਾਨੇ ਵਿੱਚ ਪੰਜਾਬ ਦੇ ਪਿੰਡਾਂ ਦੀਆਂ ਕੱਚੀਆਂ ਕੰਧਾਂ ਵੀ ਪਠਾਣ ਆ ਕੇ ਬਣਾਉਂਦੇ ਸਨ। ਸਿੱਖ ਇਸ ਕੰਮ ਵਿੱਚ ਪਠਾਣਾਂ ਨਾਲੋਂ ਅੱਗੇ ਲੰਘ ਗਏ ਹਨ। ਸਿੱਖ ਕੰਮਾਂਕਾਰਾਂ ਵਾਸਤੇ ਪੂਰੇ ਇੰਡੀਆ ’ਚ ਫੈਲੇ। ਦੁਬਈ ਕੰਮ ਕਰਨ ਵਾਸਤੇ ਗਏ। ਫਿਰ ਯੂਰਪ, ਕੈਨੇਡਾ ਤੇ ਅਮਰੀਕਾ ਨੂੰ ਜਾ ਆਬਾਦ ਕੀਤਾ। ਪਠਾਣ ਵੀ ਦੁਬਈ, ਸਾਊਦੀ ਅਰਬ ਤੋਂ ਬਾਅਦ ਇੰਡੋਨੇਸ਼ੀਆ, ਮਲੇਸ਼ੀਆ, ਅਮਰੀਕਾ ਤੇ ਕੈਨੇਡਾ ਤੱਕ ਪਹੁੰਚ ਗਏ ਹਨ।

ਸਿੱਖ ਤੇ ਪਠਾਣ ਦੋਵੇਂ ਹੀ ਦੁਸ਼ਮਣਦਾਰ ਹਨ। ਇਹ ਦੁਸ਼ਮਣੀਆਂ ਪਾਲਦੇ ਹਨ ’ਤੇ ਇਹ ਦੁਸ਼ਮਣੀਆਂ ਨਸਲਾਂ ਤੱਕ ਜਾਂਦੀਆਂ ਹਨ। ਜਦੋਂ ਹਿੰਦੁਸਤਾਨ ਤੇ ਮੁਗ਼ਲਾਂ ਨੇ ਕਬਜ਼ਾ ਕੀਤਾ 1526 ਵਿੱਚ ਤਾਂ ਉਸ ਤੋਂ ਪਹਿਲਾਂ ਮੁਗ਼ਲਾਂ ਨੇ ਅਫ਼ਗਾਨਿਸਤਾਨ ’ਤੇ ਕਬਜ਼ਾ ਕੀਤਾ ਸੀ। ਮੁਗ਼ਲ ਪਠਾਣਾਂ ਉੱਤੇ ਹੁਕਮ ਚਲਾਉਂਦੇ ਰਹੇ। ਬਾਬਰ ਨੇ 1526 ’ਚ ਪਠਾਣਾਂ ਦੇ ਬਾਦਸ਼ਾਹ ਇਬਰਾਹਿਮ ਲੋਧੀ ਨੂੰ ਹਰਾ ਕੇ ਹਿੰਦੁਸਤਾਨ ’ਤੇ ਕਬਜ਼ਾ ਕੀਤਾ ਸੀ। ਉਸ ਤੋਂ ਬਾਅਦ ਇਕ ਹੋਰ ਪਠਾਣ ਸ਼ੇਰ ਸ਼ਾਹ ਸੂਰੀ ਨੇ ਹਿਮਾਂਯੂ ਨੂੰ ਹਰਾ ਕੇ ਈਰਾਨ ਭਜਾ ਦਿੱਤਾ ਸੀ। ਬਾਅਦ ਵਿੱਚ ਸ਼ੇਰ ਸ਼ਾਹ ਸੂਰੀ ਨੇ ਪਠਾਣਾਂ ਨੂੰ ਹਰਾ ਕੇ ਦੁਬਾਰਾ ਕਬਜ਼ਾ ਕੀਤਾ ਸੀ। ਇੱਥੇ ਵੀ ਉਨ੍ਹਾਂ ਪਠਾਣਾਂ ਨੂੰ ਹੀ ਆਪਣਾ ਸ਼ਿਕਾਰ ਬਣਾਇਆ। ਸਿੱਖ ਤੇ ਪਠਾਣ ਦੋਵੇਂ ਹੀ ਮੁਗ਼ਲਾਂ ਦੇ ਵੱਡੇ ਦੁਸ਼ਮਣ ਸਨ। ਮੁਗ਼ਲਾਂ ਦੇ ਖ਼ਿਲਾਫ਼ ਹੋਈਆਂ ਜੰਗਾਂ ਵਿੱਚ ਪਠਾਣ ਮੁਕਾਮੀ ਹਿੰਦੂ ਰਾਜਪੂਤਾਂ ਨਾਲ ਮਿਲ ਕੇ ਮੁਗ਼ਲਾਂ ਦੇ ਖ਼ਿਲਾਫ਼ ਲੜਦੇ ਰਹੇ। 1526 ਦੀ ਲੜਾਈ ਵਿੱਚ ਵੀ ਪਠਾਣ ਅਤੇ ਹਿੰਦੂ ਰਾਜਪੂਤਾਂ ਨੇ ਮਿਲ ਕੇ ਮੁਗ਼ਲਾਂ ਦਾ ਸਾਹਮਣਾ ਕੀਤਾ ਸੀ। ਉਸ ਸਮੇਂ ਸਿੱਖ ਹੁੰਦੇ ਤਾਂ ਉਨ੍ਹਾਂ ਵੀ ਪਠਾਣਾਂ ਨਾਲ ਮਿਲ ਕੇ ਮੁਗ਼ਲਾਂ ਦਾ ਮੁਕਾਬਲਾ ਕਰਨਾ ਸੀ। ਇਹ ਮੁਗ਼ਲਾਂ ਦਾ ਡੱਟ ਕੇ ਮੁਕਾਬਲਾ ਕਰਦੇ ਰਹੇ। ਪਾਕਿਸਤਾਨ ਦੇ ਕੇ.ਪੀ.ਕੇ. (ਖ਼ੈਬਰ ਪਖਤੂਨਖਵਾ) ਸੂਬੇ ਦੇ ਖੁਸ਼ਹਾਲ ਖਾਂ ਖਟਕ ਜੋ ਪਸ਼ਤੋ ਭਾਸ਼ਾ ਦਾ ਵੱਡਾ ਸ਼ਾਇਰ ਸੀ, ਉਹ ਸਾਰੀ ਉਮਰ ਮੁਗ਼ਲਾਂ ਨਾਲ ਜੰਗ ਕਰਦਾ ਰਿਹਾ। ਉਸ ਦੀ ਸਾਰੀ ਸ਼ਾਇਰੀ ਮੁਗ਼ਲਾਂ ਦੇ ਖ਼ਿਲਾਫ਼ ਸੀ। ਸਿੱਖ ਵੀ ਸਾਰੀ ਉਮਰ ਮੁਗ਼ਲਾਂ ਦੇ ਖ਼ਿਲਾਫ਼ ਲੜਦੇ ਰਹੇ। ਸਿੱਖ ਅਤੇ ਪਠਾਣਾਂ ਦੀ ਇਕ ਖ਼ਾਸ ਗੱਲ ਇਹ ਹੈ ਕਿ ਜਦੋਂ ਕੋਈ ਬਾਹਰੋਂ ਦੁਸ਼ਮਣ ਆ ਜਾਂਦਾ ਹੈ ਤਾਂ ਇਹ ਸਾਰੇ ਇਕੱਠੇ ਹੋ ਕੇ ਉਸ ਦਾ ਸਾਹਮਣਾ ਕਰਦੇ ਸਨ। ਜਦੋਂ ਦੁਸ਼ਮਨ ਨੂੰ ਹਰਾ ਕੇ ਕੱਢ ਦਿੰਦੇ ਹਨ ਫਿਰ ਆਪਸ ਵਿੱਚ ਜੰਗ ਕਰਦੇ ਹਨ। ਇਨ੍ਹਾਂ ਵਿੱਚ ਇਕ ਹੋਰ ਗੱਲ ਸਾਂਝੀ ਹੈ ਕਿ ਇਹ ਦੁਸ਼ਮਣਾਂ ਹੱਥ ਵੀ ਵਿਕ ਜਾਂਦੇ ਹਨ। ਅਫ਼ਗਾਨਿਸਤਾਨ ’ਤੇ ਆਪਣੇ ਜ਼ਮਾਨੇ ਦੀਆਂ ਤਿੰਨ ਸੁਪਰ ਤਾਕਤਾਂ ਨੇ ਹਮਲਾ ਕੀਤਾ। ਬਰਤਾਨੀਆ, ਰੂਸ ਤੇ ਅਮਰੀਕਾ। ਅਮਰੀਕਾ ਦੇ ਨਾਲ 45 ਹੋਰ ਮੁਲਕਾਂ ਦੀਆਂ ਫ਼ੌਜਾਂ ਸਨ। ਅਮਰੀਕਾ ਤੇ ਰੂਸ ਦੋਵਾਂ ਦੇ ਹੱਥੀਂ ਕੁਝ ਲੋਕਲ ਪਠਾਣ ਵਿਕ ਗਏ। ਬਾਕੀ ਪਠਾਣ ਉਨ੍ਹਾਂ ਦੋਵਾਂ ਦੇ ਖ਼ਿਲਾਫ਼ ਲੜਦੇ ਰਹੇ। ਆਖਿਰ ਵਿੱਚ ਉਨ੍ਹਾਂ ਨੇ ਤਿੰਨਾਂ ਤਾਕਤਾਂ ਨੂੰ ਮੁਲਕ ’ਚੋਂ ਬਾਹਰ ਕੱਢ ਦਿੱਤਾ। ਸਿੱਖਾਂ ਦਾ ਇਤਿਹਾਸ ਵੀ ਇਹੋ ਹੀ ਹੈ। ਬਹੁਤ ਸਾਰੇ ਸਿੱਖ ਅਹਿਮਦ ਸ਼ਾਹ ਅਬਦਾਲੀ ਨਾਲ ਲੜਦੇ ਰਹੇ। ਕੁਝ ਸਿੱਖ ਰਾਜਿਆਂ ਨੇ ਮਾਈ ਫ਼ਤੋਂ ਦੇ ਰਾਹੀਂ ਅਹਿਮਦ ਸ਼ਾਹ ਅਬਦਾਲੀ ਨੂੰ 7 ਲੱਖ ਰੁਪਏ ਦੇ ਕੇ ਰਾਜੇ ਦਾ ਖ਼ਿਤਾਬ ਲਿਆ। ਰਣਜੀਤ ਸਿੰਘ ਦੇ ਮਰਨ ਤੋਂ ਬਾਅਦ ਕੁਝ ਸਿੱਖ ਲੀਡਰ ਅੰਗਰੇਜ਼ਾਂ ਨਾਲ ਮਿਲ ਗਏ। ਉਨ੍ਹਾਂ ਸਿੱਖ ਹਕੂਮਤ ਦਾ ਖ਼ਾਤਮਾ ਕਰ ਦਿੱਤਾ।

ਪਠਾਣਾਂ ਨੂੰ ਜਦੋਂ-ਜਦੋਂ ਮੌਕਾ ਮਿਲਿਆ, ਉਨ੍ਹਾਂ ਆਪਣੇ ਮੁਲਕ ਤੋਂ ਬਾਹਰ ਆ ਕੇ ਦੂਜੇ ਮੁਲਕਾਂ ’ਤੇ ਕਬਜ਼ਾ ਕਰ ਲਿਆ, ਜਿਵੇਂ ਹਿੰਦੁਸਤਾਨ, ਲਾਹੌਰ ਅਤੇ ਈਰਾਨ। ਜਦੋਂ ਸਿੱਖਾਂ ਨੂੰ ਮੌਕਾ ਮਿਲਿਆ ਤਾਂ ਉਨ੍ਹਾਂ ਵੀ ਦੂਜੇ ਮੁਲਕਾਂ ’ਤੇ ਕਬਜ਼ਾ ਕਰ ਲਿਆ। ਜਿਵੇਂ ਮੁਲਤਾਨ, ਕਸ਼ਮੀਰ, ਗਿਲਗਿਤ ਅਤੇ ਕਾਬੁਲ ’ਤੇ।

ਮੁਗ਼ਲਾਂ ਦੇ ਨਾਲ ਲੜਾਈ ਵੇਲੇ ਸਿੱਖ ਵੱਖਰੀਆਂ-ਵੱਖਰੀਆਂ ਮਿਸਲਾਂ ਵਿੱਚ ਹੁੰਦੇ ਸਨ। ਜਦੋਂ ਮੁਗ਼ਲਾਂ ਦੀਆਂ ਜਾਂ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਆਉਂਦੀਆਂ ਸਨ ਤਾਂ ਇਹ ਪਹਾੜਾਂ ਅਤੇ ਜੰਗਲਾਂ ਵੱਲ ਨਿਕਲ ਜਾਂਦੇ ਸਨ। ਅਫ਼ਗਾਨਿਸਤਾਨ ਵਿੱਚ ਜਦੋਂ ਕੋਈ ਬਾਹਰੋਂ ਹਮਲਾਵਰ ਆਉਂਦਾ ਜਿਵੇਂ ਰੂਸ ਜਾਂ ਅਮਰੀਕਾ ਉਦੋਂ ਅਫ਼ਗਾਨੀ ਵੀ ਪਹਾੜਾਂ ਅਤੇ ਜੰਗਲਾਂ ਵੱਲ ਨੱਸ ਜਾਂਦੇ ਸਨ। ਉਹ ਦੋਵੇਂ ਹੀ ਉੱਥੋਂ ਬਹਿ ਕੇ ਗੋਰਿਲਾ ਵਾਰ ਲੜਦੇ ਸਨ। ਦੋਵਾਂ ਮੁਲਕਾਂ ਵਿੱਚ ਜਦੋਂ ਬਾਹਰੋਂ ਹਮਲਾਵਰ ਆਉਂਦੇ ਸਨ ਤਾਂ ਦੋਵਾਂ ਕੌਮਾਂ ਦੇ ਪੜ੍ਹੇ-ਲਿਖੇ ਲੋਕ ਉਨ੍ਹਾਂ ਹਮਲਾਵਰਾਂ ਨਾਲ ਮਿਲ ਜਾਂਦੇ ਸਨ ਤੇ ਹਕੂਮਤ ਕਰਦੇ ਸਨ। ਉਥੋਂ ਦੇ ਅਨਪੜ੍ਹ ਲੋਕ ਸਨ ਉਹ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਸਨ ਤੇ ਅੰਤ ਜਿੱਤ ਵੀ ਜਾਂਦੇ ਸਨ। ਇਸ ਲਈ ਪੜ੍ਹੇ-ਲਿਖੇ ਲੋਕਾਂ ਨੂੰ ਫਿਰ ਇੱਥੋਂ ਭੱਜਣਾ ਪੈਂਦਾ ਸੀ।

ਪੰਜਾਬ ਵਿੱਚ ਚੜ੍ਹਦੇ ਪਾਸੋਂ ਕੋਈ ਹਮਲਾਵਰ ਨਹੀਂ ਆਇਆ ਸਿਵਾਏ ਅੰਗਰੇਜ਼ਾਂ ਦੇ। ਇਹ ਸਾਰੇ ਲਹਿੰਦੇ ਪਾਸੋਂ ਹੀ ਆਉਂਦੇ ਸਨ। ਅਫ਼ਗਾਨਿਸਤਾਨ ਵਿੱਚ ਵੀ ਜਦੋਂ ਕੋਈ ਹਮਲਾਵਰ ਬਾਹਰੋਂ ਆ ਕੇ ਹਮਲਾ ਕਰਦਾ ਸੀ। ਭਾਵੇਂ ਉਹ ਰੂਸ ਹੋਵੇ ਜਾਂ ਅਮਰੀਕਾ, ਇਹ ਸਾਰੇ ਲਹਿੰਦੇ ਪਾਸੋਂ ਹੀ ਆਉਂਦੇ ਸਨ ਸਿਵਾਏ ਸਿੱਖਾਂ ਦੇ ਤੇ ਅੰਗਰੇਜ਼ਾਂ ਦੇ। ਰੂਸੀਆਂ ਤੇ ਅਮਰੀਕਨਾਂ ਨੇ ਤਾਲਿਬਾਨ ਦੇ ਲੀਡਰਾਂ ਦੀ ਹੈੱਡ ਮਨੀ (ਸਿਰਾਂ ਦਾ ਮੁੱਲ) ਰੱਖੀ ਹੋਈ ਸੀ। ਸਿੱਖਾਂ ਦੀ ਵੀ ਹੈੱਡ ਮਨੀ ਹੁੰਦੀ ਸੀ, ਉਹ ਮੁਗ਼ਲਾਂ ਵੱਲੋਂ ਰੱਖੀ ਜਾਂਦੀ ਸੀ। ਅਫ਼ਗਾਨਿਸਤਾਨ ਦਾ ਗੁਆਂਢੀ ਦੇਸ਼ ਪਾਕਿਸਤਾਨ ਹੈ ਅਤੇ ਸਿੱਖਾਂ ਦਾ ਵੀ ਕਰੀਬ ਦਾ ਗੁਆਂਢੀ ਪਾਕਿਸਤਾਨ ਹੀ ਹੈ। ਇਸ ਕਾਰਨ ਦੋਵਾਂ ਦੀ ਮਦਦ ਕਰਨ ਦਾ ਇਲਜ਼ਾਮ ਪਾਕਿਸਤਾਨ ’ਤੇ ਲੱਗਦਾ ਰਹਿੰਦਾ ਹੈ।

ਜਦੋਂ ਵੀ ਕਦੇ ਅਫ਼ਗਾਨਿਸਤਾਨ ’ਤੇ ਹਮਲਾ ਹੁੰਦਾ ਹੈ ਤਾਂ ਉੱਥੋਂ ਦੇ ਕੁਝ ਲੋਕ ਪਾਕਿਸਤਾਨ ਤੇ ਕੁਝ ਈਰਾਨ ਵੱਲ ਭੱਜ ਜਾਂਦੇ। ਪੰਜਾਬ ’ਤੇ ਵੀ ਜਦੋਂ ਹਮਲਾ ਹੁੰਦਾ ਤਾਂ ਇੱਥੋਂ ਦੇ ਸਿੱਖ ਕੁਝ ਪਾਕਿਸਤਾਨ ਤੇ ਕੁਝ ਬਾਹਰਲੇ ਮੁਲਕ ਵੱਲ ਚਲੇ ਜਾਂਦੇ। ਇਸ ਤਰ੍ਹਾਂ ਉਹ ਆਪਣੀ ਜਾਨ ਬਚਾਉਂਦੇ। ਜਦੋਂ ਰੂਸ ਅਤੇ ਅਮਰੀਕਾ ਅਫ਼ਗਾਨਿਸਤਾਨ ਛੱਡ ਕੇ ਗਏ ਤਾਂ ਉਹ ਆਪਣਾ ਅਸਲ੍ਹਾ ਵੀ ਇੱਥੇ ਹੀ ਛੱਡ ਗਏ। ਅਹਿਮਦ ਸ਼ਾਹ ਅਬਦਾਲੀ ਜਦੋਂ ਪੰਜਾਬੋਂ ਗਿਆ ਤਾਂ ਉਹ ਆਪਣੀਆਂ ਤੋਪਾਂ ਇੱਥੋਂ ਦੀ ਭੰਗੀ ਮਿਸਲ ਕੋਲ ਛੱਡ ਗਿਆ, ਜਿਸ ਨੂੰ ਭੰਗੀ ਤੋਪ ਕਿਹਾ ਜਾਂਦਾ ਹੈ। ਇਹ ਤੋਪ ਅਜੇ ਵੀ ਲਾਹੌਰ ਵਿਖੇ ਪਈ ਹੈ। ਯੁੱਧ ਸਮੇਂ ਅਫ਼ਗਾਨੀ ਲੋਕ ਪੈਦਲ ਪਹਾੜਾਂ ਵਿੱਚ ਰਹਿੰਦੇ ਤੇ ਸੁੱਕੀਆਂ ਰੋਟੀਆਂ ਖਾ ਕੇ ਗੁਜ਼ਾਰਾ ਕਰਦੇ। ਉਨ੍ਹਾਂ ਕੋਲ ਖਾਣ-ਪੀਣ ਨੂੰ ਕੁਝ ਨਹੀਂ ਹੁੰਦਾ ਸੀ। ਦੋਨੋਂ ਵਾਰ ਇਨ੍ਹਾਂ ਨਾਲ ਅਜਿਹਾ ਹੀ ਹੋਇਆ। ਜਦੋਂ ਮੁਗ਼ਲਾਂ ਨੇ ਸਿੱਖਾਂ ’ਤੇ ਹਮਲਾ ਕੀਤਾ ਜਾਂ ਉਨ੍ਹਾਂ ਉੱਤੇ ਹੋਰ ਕੋਈ ਔਖਾ ਵਕਤ ਆਇਆ ਤਾਂ ਉਹ ਜੰਗਲਾਂ ਵੱਲ ਚਲੇ ਜਾਂਦੇ ਤੇ ਸੁੱਕੀਆਂ ਰੋਟੀਆਂ ਖਾ ਕੇ, ਆਪਣੇ ਘੋੜੇ ਦੀ ਕਾਠੀ ’ਤੇ ਬਹਿ ਕੇ ਗੁਜ਼ਾਰਾ ਕਰਦੇ। ਉਸ ਸਮੇਂ ਦੌਰਾਨ ਸਿੱਖਾਂ ਨੂੰ ਵੀ ਜੇਲ੍ਹਾਂ ’ਚ ਰੱਖਿਆ ਗਿਆ, ਮਾਰਿਆ ਕੁੱਟਿਆ ਗਿਆ ਤੇ ਉਨ੍ਹਾਂ ਦੇ ਕਤਲ ਵੀ ਕੀਤੇ ਗਏ। ਸਿੱਖਾਂ ’ਤੇ ਹੋਰ ਵੀ ਕਈ ਤਸ਼ੱਦਦ ਢਾਹੇ ਗਏ। ਅਮਰੀਕਾ ਅਤੇ ਰੂਸ ਅਫ਼ਗਾਨੀਆਂ ਨਾਲ ਵੀ ਏਦਾਂ ਹੀ ਕਰਦੇ ਰਹੇ। ਪਰ ਅਮਰੀਕੀ ਉੱਥੋਂ ਦੇ ਹੋਰ ਲੋਕਾਂ ਨਾਲ ਮਿਲ ਕੇ ਕਿਲ੍ਹਾ ਜੰਗੀ ਵਿਖੇ ਅਫ਼ਗਾਨੀ ਕੈਦੀਆਂ ਅਤੇ ਹੋਰ ਦੂਜੇ ਕੈਦੀਆਂ ਨੂੰ ਕੈਦ ਕਰੀ ਰੱਖਦੇ। ਉਨ੍ਹਾਂ ਨਾਲ ਝੂਠਾ ਵਾਅਦਾ ਕਰਦੇ ਕਿ ਅਸੀਂ ਤੁਹਾਨੂੰ ਕਿਸੇ ਸੁਰੱਖਿਅਤ ਥਾਂ ’ਤੇ ਲੈ ਜਾਵਾਂਗੇ। ਪਰ ਉਹ ਉਨ੍ਹਾਂ ਨੂੰ ਕੰਟੇਨਰਾਂ ਵਿੱਚ ਬੰਦ ਕਰਕੇ ਉੱਥੋਂ ਦੇ ਇਲਾਕੇ ਦਸ਼ਤ ਏ ਲੈਲਾ ਜੋ ਇੱਥੋਂ ਦਾ ਰੇਗਿਸਤਾਨ ਹੈ, ਉੱਥੇ ਉਨ੍ਹਾਂ ਨੂੰ ਕੰਟੇਨਰਾਂ ਵਿੱਚ ਬੰਦ ਕਰਕੇ ਧੁੱਪਾਂ ਵਿੱਚ ਖੜ੍ਹਾ ਕਰ ਦਿੰਦੇ। ਗਰਮ ਰੇਤ ਦੇ ਸੇਕ ਨਾਲ ਉਹ ਉੱਥੇ ਹੀ ਭੁੱਜ ਜਾਂਦੇ। ਇੱਥੇ ਇਕ ਅਜੀਬ ਗੱਲ ਹੈ ਕਿ ਪਠਾਣ ਲੋਕ ਅਫ਼ਗਾਨਿਸਤਾਨ ਦੀ ਕੁੱਲ ਆਬਾਦੀ ਦਾ 50 ਫ਼ੀਸਦੀ ਹਨ। ਉਨ੍ਹਾਂ ਤੋਂ ਦੋ ਗੁਣਾਂ ਵੱਧ ਪਸ਼ਤੂਨ ਪਾਕਿਸਤਾਨ ਵਿਖੇ ਵੱਸਦੇ ਹਨ। ਬਿਲਕੁਲ ਇਸੇ ਤਰ੍ਹਾਂ ਪੰਜਾਬ ਵਿੱਚ ਸਿੱਖ ਵੀ 49 ਤੋਂ 51 ਫ਼ੀਸਦੀ ਹਨ ਤੇ ਇਨ੍ਹਾਂ ਦੇ ਭਾਈਬੰਦ ਦੋ ਗੁਣਾਂ ਤੋਂ ਵੀ ਵੱਧ ਪਾਕਿਸਤਾਨ ਵਿਖੇ ਵਸਦੇ ਹਨ। ਇਕੋ ਖ਼ੂਨ। ਉਨ੍ਹਾਂ ਦਾ ਖ਼ੂਨੀ ਰਿਸ਼ਤਾ ਇੱਧਰ ਬਣਦਾ ਹੈ।

ਅਫ਼ਗਾਨਿਸਤਾਨ ਵਿੱਚ ਬਾਕੀ ਪਸ਼ਤੂਨ, ਤਾਜਕ ਅਤੇ ਉਸਬਕ ਲੋਕ ਵਸਦੇ ਹਨ। ਇਨ੍ਹਾਂ ਦੀ ਜ਼ੁਬਾਨ ਵੀ ਆਪਸ ਵਿੱਚ ਨਹੀਂ ਮਿਲਦੀ। ਉਨ੍ਹਾਂ ਦੀ ਜ਼ੁਬਾਨ ਫ਼ਾਰਸੀ ਤੇ ਉਸਬਕ ਹੈ। ਪਸ਼ਤੂਨ ਉੱਥੋਂ ਦੇ ਜੱਟ ਨੇ ਤੇ ਲੜਣ-ਭਿੜਣ ਵਾਲੀ ਕੌਮ ਹੈ, ਦੂਜੇ ਉੱਥੋਂ ਦੇ ਬਣੀਏ ਹਨ। ਫ਼ਾਰਸੀ ਉਨ੍ਹਾਂ ਦੀ ਸਰਕਾਰੀ ਜ਼ੁਬਾਨ ਹੈ। ਅਫ਼ਗਾਨਿਸਤਾਨ ਦੇ ਲੋਕ ਜ਼ਿਆਦਾ ਪੜ੍ਹੇ-ਲਿਖੇ ਨਹੀਂ ਹਨ। ਚੜ੍ਹਦੇ ਪੰਜਾਬ ਵਿੱਚ ਵੀ ਇਹੋ ਹਾਲ ਹੈ। ਇੱਥੋਂ ਦੇ ਜੱਟ ਲੋਕ ਜਾਂ ਰਾਜਪੂਤ ਨੇ, ਇਹ ਲੜਨ-ਮਰਨ ਵਾਲੀ ਕੌਮ ਹੈ। ਬਾਕੀ ਦੇ ਬਾਣੀਏ ਜਾਂ ਹਿੰਦੂ ਹਨ ਉਹ ਪੜ੍ਹੇ ਲਿਖੇ ਹਨ ਤੇ ਸ਼ਹਿਰਾਂ ਵਿੱਚ ਵੱਸਦੇ ਹਨ। ਉੱਥੇ ਇੱਥੇ ਇਨ੍ਹਾਂ ਦੀ ਜ਼ੁਬਾਨ ਜ਼ਿਆਦਾ ਚੱਲਦੀ ਹੈ। ਪਸ਼ਤੋ ਜ਼ੁਬਾਨ ਉਥੋਂ ਦੀ ਅੱਧੀ ਆਬਾਦੀ ਬੋਲਦੀ ਹੈ। ਪਸ਼ਤੂਨੀ ਲੋਕ ਉਨ੍ਹਾਂ ਦੀ ਜ਼ੁਬਾਨ ਸਿੱਖ ਗਏ ਹਨ। ਪੰਜਾਬ ਦਾ ਸੂਰਤੇ ਹਾਲ ਇਹ ਸੀ ਕਿ ਦੋਵਾਂ ਦੀ ਜ਼ੁਬਾਨ ’ਚ ਪ ਪਸ਼ਤੋ ਤੇ ਪ ਪੰਜਾਬੀ। ਪਾਕਿਸਤਾਨ ਵਿੱਚ ਵੀ ਪੰਜਾਬੀ ਬੋਲੀ ਜਾਂਦੀ ਹੈ। ਪਸ਼ਤੋ ਜ਼ੁਬਾਨ ਵੀ ਪਾਕਿਸਤਾਨ ਵਿੱਚ ਬਹੁਤ ਬੋਲੀ ਜਾਂਦੀ ਹੈ, ਕਿਉਂਕਿ ਇਹ ਦੋਵੇਂ ਪਾਕਿਸਤਾਨ ਦੀਆਂ ਸਰਹੱਦਾਂ ਦੇ ਨਾਲ ਲੱਗਦੇ ਹਨ। ਪਸ਼ਤੋ ਦੇ ਦੋ ਵੱਡੇ ਸ਼ਾਇਰ ਪਾਕਿਸਤਾਨ ਦੇ ਹਨ, ਰਹਿਮਾਨ ਬਾਬਾ ਤੇ ਖੁਸ਼ਹਾਲ ਖਾਂ ਖਟਕ। ਪੰਜਾਬੀ ਦੇ ਵੱਡੇ ਸ਼ਾਇਰਾਂ ਨੇ ਵੀ ਲਹਿੰਦੇ ਪੰਜਾਬ ਵਿੱਚ ਜਨਮ ਲਿਆ ਜਿਵੇਂ ਬਾਬਾ ਫ਼ਰੀਦ, ਵਾਰਿਸ ਸ਼ਾਹ, ਬੁੱਲ੍ਹੇ ਸ਼ਾਹ ਅਤੇ ਸ਼ਾਹ ਹੁਸੈਨ। ਕਾਫ਼ੀ ਹੋਰ ਸ਼ਾਇਰ ਵੀ ਇੱਥੇ ਹੀ ਵੱਸਦੇ ਹਨ।

ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਪਾਕਿਸਤਾਨ ਦੀ ਸਰਹੱਦ ਦੇ ਨੇੜੇ ਹੈ। ਕੋਈ 300-400 ਮੀਲ ਦੂਰ ਹੋਵੇਗੀ। ਇਹ ਮੁਲਕ ਛੋਟਾ ਹੈ, ਇੰਡੀਆ ਜਿੱਡਾ ਵੱਡਾ ਨਹੀਂ। ਇੰਡੀਆ ਦੀ ਰਾਜਧਾਨੀ ਦਿੱਲੀ ਵੀ ਪਾਕਿਸਤਾਨੀ ਸਰਹੱਦ ਤੋਂ ਤਕਰੀਬਨ 400-500 ਮੀਲ ਦੂਰ ਹੈ। ਕਲਕੱਤਾ ਪਾਕਿਸਤਾਨੀ ਸਰਹੱਦ ਤੋਂ ਤਕਰੀਬਨ 1500-1600 ਮੀਲ ਦੂਰ ਹੋਵੇਗਾ।

(ਬਾਕੀ ਸਫ਼ਾ 31 ’ਤੇ)

# ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਾਲੇ ਫਾਰਮ ਵਿੱਚ ਜਾਤ ਪਾਤ ਨੂੰ ਦਰਸਾਉਂਦੇ ਕਾਲਮ ਸਿੱਖ ਸਿਧਾਂਤ ਵਿਰੋਧੀ



ਬਘੇਲ ਸਿੰਘ ਧਾਲੀਵਾਲ
99142-58142



ਦੁਨੀਆਂ ਦੇ ਨਕਸ਼ੇ 'ਤੇ ਸਿੱਖ ਕੌਮ ਇੱਕ ਅਜਿਹੀ ਨਵੀਨਤਮ ਕੌਮ ਹੈ, ਜਿਸ ਅੰਦਰ ਗੁਰੂ ਸਾਹਿਬਾਨਾਂ ਨੇ ਕੋਈ ਜਾਤ ਵੰਡ ਦੀ ਗੁੰਜਾਇਸ਼ ਨਹੀ ਸੀ ਛੱਡੀ, ਜੇਕਰ ਇਹ ਕਿਹਾ ਜਾਵੇ ਕਿ ਗੁਰੂ ਨਾਨਕ ਸਾਹਿਬ ਵੱਲੋਂ ਸਮਾਜੀ ਵੰਡ ਦੇ ਵਿਤਕਰੇ ਅਤੇ ਊਚ ਨੀਚ ਦੇ ਨਫਰਤੀ ਵਰਤਾਰੇ ਨੂੰ ਠੱਲ੍ਹ ਪਾਉਣ ਲਈ ਤੀਸਰੇ ਪੰਥ ਦੀ ਸਥਾਪਨਾ ਕੀਤੀ ਗਈ ਸੀ ,ਤਾਂ ਕੁਝ ਗਲਤ ਨਹੀਂ ਹੋਵੇਗਾ। ਸਿੱਖ ਕੌਮ ਦੇ ਸੰਸਥਾਪਕ ਜੁੱਗ ਪੁਰਸ਼ ਬਾਬਾ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬੜੇ ਸਪੱਸ਼ਟ ਅਤੇ ਕਰੜੇ ਸ਼ਬਦਾਂ ਵਿੱਚ ਊਚ ਨੀਚ ਨੂੰ ਨਕਾਰਿਆ ਹੈ। ਉਹਨਾਂ ਦੇ ਮੂਲ ਸਿਧਾਂਤ

" ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥" ਨੂੰ ਸਿੱਖਾਂ ਨੇ ਕਾਫ਼ੀ ਹੱਦ ਤੱਕ ਵਿਸਾਰ ਦਿੱਤਾ ਹੈ। ਇਸ ਦਾ ਕਾਰਨ ਇਹ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਸਿੱਖ ਸੰਸਥਾਵਾਂ ਤੇ ਧਨਾਢ ਲੋਕਾਂ ਦਾ ਕਬਜ਼ਾ ਹੈ, ਜਿਹੜੇ ਆਪਣੇ ਨਿੱਜੀ ਮੁਫਾਦਾਂ ਦੀ ਖਾਤਰ ਸਿੱਖ ਵਿਰੋਧੀ ਤਾਕਤਾਂ ਦੀਆਂ ਕਠਪੁਤਲੀਆਂ ਬਣ ਕੇ ਸਿੱਖੀ ਸਿਧਾਂਤਾਂ ਨੂੰ ਭਾਰੀ ਢਾਹ ਲਾ ਰਹੇ ਹਨ। ਸਿੱਖੀ ਅੰਦਰ ਊਚ ਨੀਚ ਦਾ ਪਾੜਾ ਧਨਾਢ ਜਮਾਤ ਦਾ ਹੀ ਪਾਇਆ ਹੋਇਆ ਹੈ,ਜਿਹੜੀ ਸਿੱਖੀ ਦੇ ਭੇਖ ਵਿੱਚ ਸਿੱਖ ਸਿਧਾਂਤਾਂ ਦਾ ਮਲੀਆਮੇਟ ਕਰਨ ਲਈ ਸਿੱਖ ਵਿਰੋਧੀ ਤਾਕਤਾਂ ਦੇ ਕੁਹਾੜੇ ਦਾ ਦਸਤਾ ਬਣੀ ਹੋਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਾਲੇ ਫਾਰਮਾਂ ਵਿੱਚ ਜਾਤ ਪਾਤ ਨੂੰ ਦਰਸਾਉਂਦੇ ਕਾਲਮ ਉਹਨਾਂ ਧਨਾਢ ਸਿੱਖਾਂ ਦੀ ਮਿਲੀ ਭੁਗਤ ਦਾ ਨਤੀਜਾ ਹੈ, ਜਿਸਨੇ ਇੱਕ ਵਾਰ ਫਿਰ ਨਵਾਂ ਬਿਖੇੜਾ ਖੜ੍ਹਾ ਕਰ ਦਿੱਤਾ ਹੈ। ਭਾਵੇਂ ਇਹ ਵਰਤਾਰਾ ਕੋਈ ਨਵਾਂ ਨਹੀ ਹੈ, ਪਿਛਲੇ ਸਮਿਆਂ ਵਿੱਚ ਵੀ ਇਸੇ ਤਰ੍ਹਾਂ ਹੀ ਚੱਲਦਾ ਆ ਰਿਹਾ ਹੈ, ਪ੍ਰੰਤੂ ਇਸ ਵਰਤਾਰੇ ਨੇ ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨ "ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ " ਨੂੰ ਨਜ਼ਰ ਅੰਦਾਜ਼ ਕਰਕੇ ਕੌਮ ਨੂੰ ਦੁਬਿਧਾ ਵਿੱਚ ਪਾ ਦਿੱਤਾ ਹੈ। ਸਿੱਖ ਇਸ ਵੇਲੇ ਬੜੀ ਮੁਸੀਬਤ ਵਿੱਚ ਫਸ ਚੁੱਕੇ ਹਨ। ਉਹਨਾਂ ਨੂੰ ਇਹ ਸਮਝ ਨਹੀ ਲੱਗ ਰਹੀ ਕਿ ਉਹ ਆਪਣੇ ਗੁਰੂ ਦੀ ਗੱਲ ਮੰਨਣ ਜਾਂ ਫਿਰ ਕੌਮ ਦੇ ਅਖੌਤੀ ਆਗੂਆਂ, ਘੜੰਮ ਚੌਧਰੀਆਂ ਦੇ ਕਹੇ ਲੱਗ ਕੇ ਜਿਸ ਤਰ੍ਹਾਂ ਪਿਛਲੇ ਲੰਮੇ ਅਰਸੇ ਤੋਂ ਗੁਰੂ ਦੀ ਮਤਿ ਨੂੰ ਵਿਸਾਰ ਕੇ ਮਨੂਵਾਦੀ ਵਰਨ ਵੰਡ ਵਿੱਚ ਉਲਝ ਕੇ ਰਹਿ ਗਏ ਹਨ,ਕੀ ਹੁਣ ਵੀ ਉਹਦੇ ਮੁਤਾਬਿਕ ਹੀ ਅੱਖਾਂ ਬੰਦ ਕਰਕੇ ਚੱਲਦੇ ਰਹਿਣ। ਇਹ ਸਵਾਲ ਹੁਣ ਸਿੱਖ ਮਨਾਂ ਵਿੱਚ ਉੱਠਣ ਲੱਗੇ ਹਨ, ਕਿਉਂਕਿ ਇਹ ਦੁਬਿਧਾ ਸਿੱਖ ਕੌਮ ਦੀ ਨਿਆਰੀ ਨਿਰਾਲੀ ਹੋਂਦ ਨਾਲ ਜੁੜੀ ਹੋਈ ਬੜੀ ਗੰਭੀਰ ਸਮੱਸਿਆ ਹੈ। ਇਹਦੇ ਬਾਰੇ ਗੰਭੀਰਤਾ ਨਾਲ ਸੋਚਣਾ, ਲਿਖਣਾ ਅਤੇ ਬੋਲਣਾ ਹਰ ਸਿੱਖ ਦਾ ਫਰਜ਼ ਬਣਦਾ ਹੈ। ਸਿੱਖ ਨੂੰ ਗੁਰੂ ਸਾਹਿਬਾਨਾਂ ਨੇ ਦੁਨੀਆਂ ਤੋਂ ਨਿਆਰਾ ਨਿਰਾਲਾ ਰੂਪ ਰੰਗ ਹੀ ਨਹੀ, ਬਲਕਿ ਪਹਿਰਾਵਾ, ਰਹਿਣ, ਸਹਿਣ,ਵੱਖਰੇ ਸਮਾਜਿਕ ਰੀਤੀ ਰਿਵਾਜ ਅਤੇ ਮਜ਼ਬੂਤ ਸਿਧਾਂਤ ਵੀ ਦਿੱਤੇ ਹਨ। ਗੁਰੂ ਨਾਨਕ ਸਾਹਿਬ ਦਾ ਇਹ ਨਿਰਾਲਾ ਪੰਥ ਜਾਤੀ ਵੰਡ ਪ੍ਰਨਾਲੀ ਤੋ ਮੁਕਤ ਰੱਖਿਆ ਗਿਆ ਸੀ। ਉਹਨਾਂ ਨੇ ਜਾਤ ਪਾਤ ਦੇ ਨਾਲ ਨਾਲ ਸਮਾਜ ਵਿੱਚ ਫੈਲੀਆਂ ਹੋਰ ਵੀ ਮਨੁੱਖਤਾ ਵਿਰੋਧੀ ਮਾਨਤਾਵਾਂ ਨੂੰ ਰੱਦ ਕਰਦਿਆਂ ਔਰਤ ਨੂੰ ਬਰਾਬਰ ਦਾ ਦਰਜਾ ਦੇ ਕੇ ਨਿਵਾਜਿਆ। 1699 ਦੀ ਵਿਸਾਖੀ ਵਾਲੇ ਦਿਨ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਸਾਹਿਬ ਜੀ ਸਮੇਤ ਪਹਿਲੇ ਨੌਂ ਗੁਰੂ ਸਾਹਿਬਾਨਾਂ ਦੇ ਨਿਰਾਲੇ ਪੰਥ ਦੇ ਸੰਕਲਪ ਨੂੰ ਦ੍ਰਿੜ ਕਰਦਿਆਂ ਸਿੱਖਾਂ ਨੂੰ ਸੰਪੂਰਨ ਪੰਥ ਦਾ ਦਰਜਾ ਦਿੱਤਾ ਹੈ। ਸਿੱਖ ਬਨਣ ਤੋ ਬਾਅਦ ਕਿਸੇ ਵੀ ਵਿਅਕਤੀ ਦੀ ਪਿਛਲੀ ਜਾਤ ਪਾਤ ਖਤਮ ਹੋ ਜਾਂਦੀ ਹੈ,ਉਹਦੀ ਪਿਛਲੀ ਪਛਾਣ ਖਤਮ ਕਰਕੇ ਨਵਾਂ ਰੂਪ ਬਖ਼ਸ਼ ਦਿੱਤਾ ਗਿਆ ਹੈ। ਉਹ ਹੁਣ ਜਾਤ ਪਾਤ ਤੋ ਮੁਕਤ ਇੱਕ ਸੰਪੂਰਨ ਮਨੁੱਖ ਬਣ ਗਿਆ ਹੈ। ਜਿਸ ਦੀ ਪਛਾਣ ਸਿਰਫ਼ ਤੇ ਸਿਰਫ਼ ਗੁਰੂ ਦਾ ਸਿੱਖ ਹੈ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਲੈਣ ਤੋਂ ਬਾਅਦ ਉਹਦਾ ਸਿਰਨਾਵਾਂ ਹੀ ਬਦਲ ਜਾਂਦਾ ਹੈ। ਸੰਪੂਰਨ ਸਿੰਘ ਸਜਣ ਤੋ ਬਾਅਦ ਉਹਦਾ ਪਿਛਲੀ ਜਾਤ ਗੋਤ ਨਾਲ ਕੋਈ ਵਾਹ ਵਾਸਤਾ ਨਹੀਂ ਰਹਿੰਦਾ, ਉਹਦਾ ਸਿਰਨਾਵਾਂ ਪਿਤਾ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ, ਜਨਮ ਅਸਥਾਨ ਸ੍ਰੀ ਅਨੰਦਪੁਰ ਸਾਹਿਬ ਵਜੋਂ ਖ਼ਾਲਸਾ ਵਿਧਾਨ ਵਿੱਚ ਦਰਜ ਹੋ ਜਾਂਦਾ ਹੈ। ਅਜੋਕੇ ਸੰਦਰਭ ਵਿੱਚ ਬਹੁਤ ਸਾਰੇ ਸਿੱਖਾਂ ਦੇ ਮਨਾਂ ਵਿੱਚ ਇਹ ਗੱਲ ਖਟਕਦੀ ਰਹਿੰਦੀ ਹੈ ਕਿ ਜਦੋਂ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰੂ ਸਾਹਿਬਾਨਾਂ ਦੇ 'ਹਮਰੀ ਜਾਤਿ ਪਾਤਿ ਗੁਰੁ ਸਤਿਗੁਰੁ ਹਮ ਵੇਚਿਓ ਸਿਰੁ ਗੁਰ ਕੇ ' ਅਤੇ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਦੇ ਗੁਰ ਸਿਧਾਂਤ ਨੂੰ ਤਿਲਾਂਜਲੀ ਦੇ ਕੇ ਮਨੂ ਸਿਮਰਤੀ ਦੇ ਜਾਤ ਪਾਤ ਅਤੇ ਊਚ ਨੀਚ ਵਾਲੇ ਗੈਰ ਮਾਨਵੀ ਸਿਧਾਂਤ ਖੁਦ ਹੀ ਸਿੱਖ ਪੰਥ ਤੇ ਥੋਪੇਗੀ, ਫਿਰ ਸਿੱਖ ਕੌਮ ਦੀ ਹੋਂਦ ਸੁਰਖਿਅਤ ਕਿਵੇਂ ਰਹਿ ਸਕੇਗੀ ? ਇਹ ਸਵਾਲ 'ਤੇ ਹਰ ਸਿੱਖ ਨੂੰ ਚਿੰਤਾ ਅਤੇ ਚਿੰਤਨ ਕਰਨ ਦੀ ਲੋੜ ਹੈ। ਨਿੱਜੀ ਲੋਭ ਲਾਲਸਾ ਖਾਤਰ ਕੌਮ ਦੀ ਹੋਂਦ ਨੂੰ ਖ਼ਤਰਿਆਂ ਵਿੱਚ ਪਾਉਣ ਵਾਲੇ ਉਹਨਾਂ ਧਨਾਢਾਂ ਤੋਂ ਸਿੱਖ ਸੰਸਥਾਵਾਂ ਨੂੰ ਮੁਕਤ ਕਰਾਉਣ ਦੀ ਜਰੂਰਤ ਹੈ, ਜਿਹੜੇ ਦੇਖਣ ਨੂੰ ਸਿੱਖ ਪ੍ਰਤੀਤ ਹੁੰਦੇ ਹਨ,ਪਰ ਅਸਲ ਵਿੱਚ ਉਹ ਸਿੱਖ ਨਹੀਂ ਬਲਕਿ ਸਿੱਖੀ ਦੇ ਭੇਖ ਵਿੱਚ ਕੌਮ ਦੇ ਦੁਸ਼ਮਣ ਹਨ, ਜਿੰਨਾਂ ਨੇ ਲੰਮੇ ਅਰਸੇ ਤੋ ਸਿੱਖੀ ਸਿਧਾਂਤਾਂ ਵਿੱਚ ਸੰਨ ਲਾ ਕੇ ਸਿੱਖ ਵਿਚਾਰਧਾਰਾ ਨੂੰ ਖੋਖਲਾ ਕਰਨ ਦੀ ਮੁਹਿੰਮ ਵਿੱਢੀ ਹੋਈ ਹੈ।

ਇਸ ਤੋਂ ਵੱਡੀ ਸਿੱਖ ਕੌਮ ਦੀ ਅਣਗਹਿਲੀ ਅਤੇ ਲਾਪਰਵਾਹੀ ਹੋਰ ਕੀ ਸਮਝੀ ਜਾਵੇਗੀ, ਜਿਸ ਨੇ ਹੁਣ ਤੱਕ ਹੁੰਦੀਆਂ ਆ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਰਿਜ਼ਰਵ ਕੋਟੇ ਨੂੰ ਮਨਜ਼ੂਰ ਹੀ ਕਿਉਂ ਕੀਤਾ ? ਕਿਉਂ ਨਹੀ ਇਹ ਮਦ ਦਾ ਉਦੋਂ ਹੀ ਵਿਰੋਧ ਕੀਤਾ ਜਦੋਂ ਇਹ ਦਰਜ ਕਰਕੇ ਰਿਜ਼ਰਵ ਕੋਟੇ ਦੀ ਵਿਵਸਥਾ ਕੀਤੀ ਗਈ ਸੀ। ਰਿਜ਼ਰਵ ਕੋਟੇ ਦੀ ਵਿਵਸਥਾ ਹੀ ਮੂਲ ਰੂਪ ਵਿੱਚ ਇਸ ਸਾਰੀ ਬਿਮਾਰੀ ਦੀ ਜੜ ਹੈ, ਜਿਸ ਨਾਲ ਸਿੱਖ ਕੌਮ ਦੇ ਸਿਧਾਂਤ ਤਾਰ ਤਾਰ ਹੋਏ ਹਨ। ਸਭ ਤੋ ਪਹਿਲਾਂ ਇਹ ਲੋੜ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਿਰੋਲ ਸਿੱਖੀ ਸਿਧਾਂਤਾਂ ਦੇ ਅਨੁਕੂਲ ਹੋਣ। ਸਿੱਖੀ ਵਿੱਚੋਂ ਜਾਤ ਪਾਤ ਅਤੇ ਊਚ ਨੀਚ ਦੇ ਕੋਹੜ ਨੂੰ ਜੜ ਤੋ ਵੱਢਣ ਦਾ ਹੋਰ ਕੋਈ ਚਾਰਾ ਨਹੀ ਹੈ ? ਇੱਥੇ ਇੱਕ ਗੱਲ ਹੋਰ ਬੜੀ ਦਿਲਚਸਪ ਹੋਣ ਦੇ ਨਾਲ ਨਾਲ ਅਫਸੋਸਨਾਕ ਵੀ ਹੈ ਕਿ ਸਾਰੀਆਂ ਉਹ ਸਿੱਖ ਧਿਰਾਂ,ਜਿਹੜੀਆਂ ਸਿੱਖੀ ਸਿਧਾਂਤਾਂ ਦੀ ਰਾਖੀ ਕਰਨ ਦਾ ਢੰਡੋਰਾ ਪਿੱਟਦੀਆਂ ਨਹੀ ਥੱਕਦੀਆਂ, ਉਹਨਾਂ ਨੇ ਸਿੱਖੀ ਸਿਧਾਂਤਾਂ ਦੀ ਰਾਖੀ ਕਰਨ ਲਈ ਆਵਾਜ਼ ਬੁਲੰਦ ਕਰਨ ਦੀ ਬਜਾਏ ਸਭ ਦਾ ਧਿਆਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ 'ਤੇ ਕੇਂਦਰਿਤ ਕੀਤਾ ਹੋਇਆ ਹੈ। ਇਹਦੇ ਲਈ ਸਿੱਖੀ ਸਿਧਾਂਤ ਅਤੇ ਅਸੂਲਾਂ ਨੂੰ ਦਰਕਿਨਾਰ ਕਰਕੇ ਸਿੱਖ ਸੰਸਥਾਵਾਂ 'ਤੇ ਕਾਬਜ਼ ਸਰਕਾਰੀਏ ਸਿੱਖ ਆਪਣੇ ਆਪ ਨੂੰ ਪੰਥਕ ਸਿੱਧ ਕਰਨ ਵਿੱਚ ਅਤੇ ਪੰਥਕ ਅਖਵਾਉਣ ਵਾਲੇ ਆਗੂ ਸਰਕਾਰੀਏ ਬਨਣ ਲਈ ਹਰ ਹਰਬਾ ਵਰਤਦੇ ਦੇਖੇ ਜਾ ਸਕਦੇ ਹਨ। ਇਸ ਤੋਂ ਪਹਿਲਾਂ ਹੋਈਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਨਸ਼ਿਆਂ ਦਾ ਸੇਵਨ ਸ਼ਰੇਆਮ ਹੁੰਦਾ ਰਿਹਾ ਹੈ। ਸੌ ਹੱਥ ਰੱਸਾ ਸਿਰੇ ਗੰਢ ਵਾਲੀ ਗੱਲ ਹੈ ਕਿ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਫਿਰ ਪੈਦਾਵਾਰ ਦੀ ਆਸ ਰੱਖਣੀ ਮੂਰਖਤਾ ਹੀ ਹੋਵੇਗੀ। ਸੋ ਹੁਣ ਸਮਾਂ ਇਹ ਮੰਗ ਕਰਦਾ ਹੈ ਕਿ ਜੇਕਰ ਸਿੱਖੀ ਦੀ ਜੋਤ ਨੂੰ ਜਗਦਾ ਰੱਖਣਾ ਹੈ,ਤਾਂ ਸਮੁੱਚੇ ਸਿੱਖ ਪੰਥ ਨੂੰ ਇਕੱਠੇ ਹੋ ਕੇ ਸਿੱਖੀ ਸਿਧਾਂਤਾਂ ਦਾ ਘਾਣ ਕਰਨ ਵਾਲਿਆਂ ਤੋਂ ਨਿਖੇੜਾ ਕਰਨਾ ਹੋਵੇਗਾ। ਗੁਰੂ ਦੇ ਸਿਧਾਂਤ 'ਤੇ ਪਹਿਰਾ ਦੇਣ ਲਈ ਵਚਨਬੱਧ ਹੋਣਾ ਪਵੇਗਾ। ਸਿੱਖੀ ਸਿਧਾਂਤਾਂ ਨੂੰ ਲੱਗੀ ਊਚ ਨੀਚ ਦੀ ਘੁਣ ਦਾ ਇਲਾਜ ਤਾਂ ਹੀ ਸੰਭਵ ਹੋ ਸਕਦਾ ਹੈ, ਜਦੋਂ ਸਿੱਖ ਖੁਦ ਸਿੱਖੀ ਵਿੱਚ ਪਰਪੱਕ ਹੋਣ ਦਾ ਤਹੱਈਆ ਕਰ ਲੈਣ,ਇਸ ਲਈ ਜਿੰਨੀ ਦੇਰ ਸਿੱਖੀ ਅਸੂਲਾਂ 'ਤੇ ਪਹਿਰਾ ਦਿੰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚੋਂ ਜਾਤ ਪਾਤ ਵਾਲੇ ਕੋਹੜ ਦੀ ਅਸਲ ਜੜ ਰਿਜ਼ਰਵ ਕੋਟੇ ਵਾਲੀ ਮਦ ਨੂੰ ਖਤਮ ਨਹੀ ਕਰਵਾਇਆ ਜਾਂਦਾ, ਓਨੀ ਦੇਰ ਊਚ ਨੀਚ ਅਤੇ ਜਾਤ ਪਾਤ ਖਤਮ ਹੋਣ ਦੀ ਆਸ ਨਹੀਂ ਕੀਤੀ ਜਾ ਸਕਦੀ। ਇਸ ਤੋਂ ਅਗਲਾ ਕਦਮ ਗੁਰਦੁਆਰਾ ਪ੍ਰਬੰਧ ਨੂੰ ਸੱਚੇ ਸੁੱਚੇ ਗੁਰਸਿੱਖਾਂ ਦੇ ਹੱਥਾਂ ਵਿੱਚ ਸੌਂਪਣਾ ਹੋਣਾ ਚਾਹੀਦਾ ਹੈ। ਸੋ ਉਪਰੋਕਤ ਤੋਂ ਬਗੈਰ ਸਿੱਖੀ ਸਿਧਾਂਤਾਂ ਦਾ ਕਾਇਮ ਰਹਿਣਾ ਸੰਭਵ ਨਹੀ ਹੈ।




(ਬਾਕੀ ਸਫ਼ਾ 29 'ਤੇ)

# ਕਦੋਂ ਲੱਗਣਗੀਆਂ ਸੜਕ ਹਾਦਸਿਆਂ ਦੀ ਰਫ਼ਤਾਰ ਨੂੰ ਬ੍ਰੇਕਾਂ ?

## ਭਾਰਤ 'ਚ ਹਰ ਘੰਟੇ ਵਾਪਰਦੇ ਹਨ 53 ਹਾਦਸੇ ਜਿਨ੍ਹਾਂ ਵਿੱਚ 19 ਲੋਕਾਂ ਦੀ ਹੋ ਜਾਂਦੀ ਹੈ ਮੌਤ





ਇੱਕ ਪਾਸੇ ਭਾਰਤ ਸਰਕਾਰ ਸੜਕੀ ਆਵਾਜਾਈ ਨੂੰ ਆਸਾਨ ਅਤੇ ਸੁਰੱਖਿਅਤ ਬਣਾਉਣ ਦੇ ਵੱਡੇ-ਵੱਡੇ ਦਾਅਵੇ ਕਰਦੀ ਹੈ ਪਰ ਅਸਲੀਅਤ ਇਹ ਹੈ ਕਿ ਭਾਰਤ ਦੀਆਂ ਸੜਕਾਂ ਬੇਹੱਦ ਅਸੁਰੱਖਿਅਤ ਹਨ ਜੋ ਹਰ ਰੋਜ਼ ਅਨੇਕਾਂ ਲੋਕਾਂ ਦੀਆਂ ਜਾਨਾਂ ਲੈ ਰਹੀਆਂ ਹਨ ਅਤੇ ਜ਼ਖ਼ਮੀ ਕਰ ਰਹੀਆਂ ਹਨ। ਇਨ੍ਹਾਂ ਵਿੱਚੋਂ ਵੱਡੀ ਗਿਣਤੀ ਵਿੱਚ ਅਜਿਹੇ ਲੋਕ ਹਨ ਜੋ ਜੀਵਨ ਭਰ ਲਈ ਅਪਾਹਜ ਹੋ ਜਾਂਦੇ ਹਨ ਜਾਂ ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਅਪਾਹਜ ਹੋ ਜਾਂਦੇ ਹਨ। ਭਾਰਤ ਵਿੱਚ 2022 ਦੌਰਾਨ ਸੜਕ ਹਾਦਸਿਆਂ ਬਾਰੇ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ ਸਾਲਾਨਾ ਰਿਪੋਰਟ ਬਹੁਤ ਚਿੰਤਾਜਨਕ ਹੈ। ਸਥਿਤੀ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਭਾਰਤ ਵਿੱਚ ਹਰ ਘੰਟੇ ਵਿੱਚ ਔਸਤਨ 53 ਹਾਦਸੇ ਵਾਪਰਦੇ ਹਨ, ਜਿਨ੍ਹਾਂ ਵਿੱਚ 19 ਲੋਕਾਂ ਦੀ ਮੌਤ ਹੋ ਜਾਂਦੀ ਹੈ। ਇਨ੍ਹਾਂ ਅੰਕੜਿਆਂ ਨੂੰ ਚਿਤਾਵਨੀ ਵਜੋਂ ਲਿਆ ਜਾਣਾ ਚਾਹੀਦਾ ਹੈ ਅਤੇ ਇਨ੍ਹਾਂ ਹਾਦਸਿਆਂ ਤੋਂ ਬਚਣ ਲਈ ਪ੍ਰਭਾਵੀ ਕਦਮ ਚੁੱਕੇ ਜਾਣੇ ਚਾਹੀਦੇ ਹਨ। ਨਾ ਸਿਰਫ਼ ਸੜਕਾਂ ਸੁਰੱਖਿਅਤ ਹੋਣੀਆਂ ਚਾਹੀਦੀਆਂ ਹਨ, ਸਗੋਂ ਵਾਹਨਾਂ ਦੀ ਹਾਲਤ ਵੀ ਚੰਗੀ ਹੋਣੀ ਚਾਹੀਦੀ ਹੈ ਅਤੇ ਡਰਾਈਵਿੰਗ ਵੀ ਨਿਰਵਿਘਨ ਹੋਣੀ ਚਾਹੀਦੀ ਹੈ, ਤਾਂ ਹੀ ਸੜਕੀ ਆਵਾਜਾਈ ਨੂੰ ਸੁਰੱਖਿਅਤ ਬਣਾ ਕੇ ਨਾਗਰਿਕਾਂ ਦੀਆਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ।

ਹਰ ਸਾਲ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਪੁਲਿਸ ਵਿਭਾਗਾਂ ਦੁਆਰਾ ਅਜਿਹੀਆਂ ਰਿਪੋਰਟਾਂ ਜਾਰੀ ਕੀਤੀਆਂ ਜਾਂਦੀਆਂ ਹਨ। ਸਾਲ 2022 ਦੇ ਅੰਕੜੇ ਸੜਕ ਹਾਦਸਿਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਦਰਸਾਉਂਦੇ ਹਨ ਅਤੇ ਇਨ੍ਹਾਂ ਕਾਰਨ ਹੋਈਆਂ ਮੌਤਾਂ ਅਤੇ ਜ਼ਖਮੀਆਂ ਦੀ ਗਿਣਤੀ ਵਿੱਚ ਵਾਧਾ ਦਰਸਾਉਂਦੇਹਨ। ਇਹ ਅੰਕੜੇ ਏਸ਼ੀਆ ਪੈਸੀਫਿਕ ਰੋਡ ਐਕਸੀਡੈਂਟ ਡਾਟਾ ਦੇ ਤਹਿਤ ਜਾਰੀ ਕੀਤੇ ਗਏ ਹਨ। ਇਸ ਮੁਤਾਬਕ ਸਾਲ 2022 ਦੌਰਾਨ ਦੇਸ਼ ਭਰ ਵਿੱਚ 4,61,312 ਸੜਕ ਹਾਦਸੇ ਵਾਪਰੇ। ਇਨ੍ਹਾਂ ਵਿੱਚੋਂ 1,68,491 ਲੋਕਾਂ ਦੀ ਮੌਤ ਹੋ ਗਈ ਅਤੇ 4,43,366 ਲੋਕ ਜ਼ਖ਼ਮੀ ਹੋਏ। ਪਿਛਲੇ ਸਾਲ ਦੇ ਮੁਕਾਬਲੇ ਹਾਦਸਿਆਂ ਵਿੱਚ 11.9 ਫੀਸਦੀ ਵਾਧਾ ਹੋਇਆ ਹੈ। 9.4 ਫੀਸਦੀ ਹੋਰ ਲੋਕਾਂ ਦੀ ਮੌਤ ਹੋਈ ਜਦਕਿ ਜ਼ਖਮੀਆਂ ਦੀ ਗਿਣਤੀ 15.3 ਫੀਸਦੀ ਵਧੀ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੜਕ ਹਾਦਸਿਆਂ ਦਾ ਸਭ ਤੋਂ ਵੱਡਾ ਕਾਰਨ ਨਿਰਧਾਰਤ ਸਪੀਡ ਤੋਂ ਤੇਜ਼ ਗੱਡੀ ਚਲਾਉਣਾ, ਸ਼ਰਾਬ ਪੀ ਕੇ ਗੱਡੀ ਚਲਾਉਣਾ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨਾ ਹੈ। ਸੜਕ ਹਾਦਸਿਆਂ ਬਾਰੇ ਡਰਾਈਵਰਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ। ਉਨ੍ਹਾਂ ਲਈ ਵਿੱਦਿਅਕ ਅਤੇ ਸਿਖਲਾਈ ਮੁਹਿੰਮਾਂ ਵੀ ਜ਼ਰੂਰੀ ਦੱਸੀਆਂ ਗਈਆਂ ਹਨ। ਸਵਾਲ ਇਹ ਹੈ ਕਿ ਕੁਝ ਸਾਲ ਪਹਿਲਾਂ ਭਾਰਤ ਸਰਕਾਰ ਨੇ ਨਿਯਮਾਂ ਨੂੰ ਤੋੜਨ ਵਾਲਿਆਂ ਲਈ ਭਾਰੀ ਜੁਰਮਾਨੇ ਤੈਅ ਕੀਤੇ ਸਨ। ਮਾਹਿਰਾਂ ਨੇ ਉਦੋਂ ਇਹ ਰਾਏ ਪ੍ਰਗਟ ਕੀਤੀ ਸੀ ਕਿ ਭਾਰੀ ਵਿੱਤੀ ਸਜ਼ਾ ਨਾਲੋਂ ਜਾਗਰੂਕਤਾ ਬਿਹਤਰ ਹੱਲ ਹੈ। ਮੰਤਰਾਲੇ ਵੱਲੋਂ ਇਹ ਵੀ ਦਾਅਵਾ ਕੀਤਾ ਜਾ ਰਿਹਾ ਹੈ ਕਿ ਸੜਕ ਹਾਦਸਿਆਂ ਨੂੰ ਰੋਕਣ ਲਈ ਕਈ ਤਰੀਕੇ ਅਪਣਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਡਰਾਈਵਰਾਂ ਦੀ ਸਿਖਲਾਈ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਸੜਕਾਂ ਦੀ ਗੁਣਵੱਤਾ, ਵਾਹਨਾਂ ਦੇ ਮਿਆਰ, ਟ੍ਰੈਫਿਕ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਸਮੇਤ ਹਾਦਸਿਆਂ ਨੂੰ ਰੋਕਣ ਦੇ ਹੋਰ ਪਹਿਲੂਆਂ 'ਤੇ ਕੰਮ ਕਰਨ ਦਾ ਵੀ ਦਾਅਵਾ ਕੀਤਾ ਗਿਆ ਹੈ। ਸੜਕ ਹਾਦਸਿਆਂ ਨੂੰ ਰੋਕਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਮਿਲ ਕੇ ਕੰਮ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ ਗਿਆ।



ਮੰਤਰਾਲੇ ਸਮੇਤ ਕਈ ਹੋਰ ਸਬੰਧਤ ਸੰਸਥਾਵਾਂ ਇਨ੍ਹਾਂ ਨੂੰ ਰੋਕਣ ਲਈ ਦ੍ਰਿੜ੍ਹ ਹਨ। ਇਸ ਪ੍ਰੋਗਰਾਮ ਨੂੰ '4ਈ' ਨਾਮ ਦਿੱਤਾ ਗਿਆ ਹੈ, ਜਿਸ ਵਿੱਚ ਸਿੱਖਿਆ, ਇੰਜੀਨੀਅਰਿੰਗ (ਸੜਕ ਅਤੇ ਵਾਹਨ ਦੋਵੇਂ), ਲਾਗੂਕਰਨ ਅਤੇ ਐਮਰਜੈਂਸੀ ਦੇਖਭਾਲ (ਬਾਕੀ ਸਫ਼ਾ 31 'ਤੇ)



# ਗ਼ਦਰ ਲਹਿਰ ਦਾ ਬਾਗ਼ੀ ਨਾਇਕ ਕਰਤਾਰ ਸਿੰਘ ਸਰਾਭਾ

ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗਦਰ ਲਹਿਰ ਆਜ਼ਾਦੀ ਤੇ ਬਰਾਬਰੀ ਦਾ ਰਾਹ ਦਿਖਾਉਣ ਵਾਲੀ ਪਹਿਲੀ ਲਹਿਰ ਹੈ। ਇਸ ਦਾ ਆਰੰਭ 25 ਜੂਨ 1913 ਵਿੱਚ ਅਮਰੀਕਾ ਵਿੱਚ ਹੋਇਆ। ਜਿਸ ਵਿੱਚ ਹਿੰਦੀ ਮਿਹਨਤਕਸ਼ ਜਲਾਵਤਨ ਦੇਸ਼ ਭਗਤ ਅਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਆਜ਼ਾਦੀ ਦੀ ਲੜਾਈ ਵਿੱਚ ਲਾਂ ਅਤੇ ਫਾਂਸੀਆਂ ਇਸੇ ਲਹਿਰ ਹੇਠ ਹੋਈਆਂ। ਜਿਸ ਨੇ ਹਿੰਦੀਆਂ ਦੇ ਖ਼ੂਨ ਵਿੱਚ ਆਜ਼ਾਦੀ ਲਈ ਮਰ ਮਿਟਣ ਦਾ ਜੋਸ਼ ਭਰਿਆ। ਇਸੇ ਲਹਿਰ ਦੇ ਮਹਾਨ ਨਾਇਕ ਕਰਤਾਰ ਸਿੰਘ ਸਰਾਭਾ ਦਾ ਨਾਉਂ ਇਤਿਹਾਸ ਵਿੱਚ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਸ ਦੇ ਕਾਰਨਾਮੇ ਬੇਮਿਸਾਲ ਸਨ। ਉਹ ਸੰਜੀਦਗੀ ਅਤੇ ਜੋਸ਼ ਦਾ ਇਕਸਾਰ ਸੁਮੇਲ ਸੀ।

ਸਰਾਭਾ ਦਾ ਜਨਮ ਲੁਧਿਆਣਾ ਪੱਛਮੀ ਦੇ ਦੇ ਪਿੰਡ ਸਰਾਭਾ, ਪੁਰਾਤਨ ਨਾਉਂ ਸਿਰਹਾਬ ਮਤਲਬ ਹਰੀ ਭਰੀ ਜਗ੍ਹਾ, ਮਾਤਾ ਸਾਹਿਬ ਕੌਰ, ਪਿਤਾ ਮੰਗਲ ਸਿੰਘ ਦੇ ਗ੍ਰਹਿ ਵਿਖੇ 24 ਮਈ 1896 ਵਿੱਚ ਹੋਇਆ. ਛੋਟੀ ਉਮਰ ਵਿੱਚ ਹੀ ਉਸ ਦੇ ਮਾਪੇ ਅਕਾਲ ਚ ਲਾਣਾ ਕਰ ਗਏ ਸਨ। ਉਸ ਦਾ ਪਲਾਣ ਪੋਸ਼ਣ ਉਸ ਦੇ ਦਾਦਾ ਬਚਨ ਸਿੰਘ ਨੇ ਕੀਤਾ। ਮੁੱਢਲੀ ਵਿਦਿਆ ਪਿੰਡ ਦੇ ਸਕੂਲ ਵਿੱਚ ਪ੍ਰਾਪਤ ਕੀਤੀ। ਨੌਵੀਂ ਜਮਾਤ ਤਕ ਪੜਾਈ ਮਾਲਵਾ ਹਾਈ ਸਕੂਲ ਲੁਧਿਆਣਾ ਵਿਖੇ ਕੀਤੀ। ਉਹ 5 ਫੁੱਟ ਅੱਠ ਇੰਚ ਦਾ ਸੋਹਣਾ ਤੰਦਰੁਸਤ ਗੱਭਰੂ ਸੀ। ਬੜਾ ਹੱਸ ਮੁੱਖ , ਮਖੌਲੀਆ ਅਤੇ ਸ਼ਰਾਰਤੀ ਸੀ। ਉਸ ਵਿੱਚ ਇੱਕ ਚੰਗੇ ਆਗੂ ਵਾਲੇ ਗੁਣ ਸਨ। ਉਹ ਹਰ ਇੱਕ ਕੰਮ ਅੱਗੇ ਹੋ ਕਰਦਾ। ਆਪਣੇ ਇਸ ਆਚਰਣ ਕਰਕੇ ਹਰਮਨ ਪਿਆਰਾ ਸੀ। ਦਸਵੀਂ ਦੀ ਪੜ੍ਹਾਈ ਆਪਣੇ ਚਾਚਾ ਕੋਲ ਰਹਿ ਕੇ ਰਵੇਨਸ਼ਾਹ ਯੂਨੀਵਰਸਿਟੀ ਕਟਕ ਉੜੀਸਾ ਤੋਂ 1912 ਵਿੱਚ ਕੀਤੀ। ਉਸ ਨੂੰ ਅੰਗਰੇਜ਼ੀ ਸਾਹਿਤ ਪੜ੍ਹਨ ਦਾ ਬੜਾ ਸ਼ੌਕ ਸੀ। ਬੰਗਾਲ, ਉੜੀਸਾ ਦੀ ਆਜ਼ਾਦੀ ਦੀ ਲਹਿਰ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ।

ਜਨਵਰੀ 1912 ਨੂੰ ਸਾਨਫਰਾਂਸਿਸਕੋ ਅਮਰੀਕਾ ਪਹੁੰਚ ਗਿਆ। ਪਹੁੰਚਦਿਆਂ ਹੀ ਉਸ ਨੇ ਵੇਖਿਆ ਕਿ ਆਵਾਜਾਈ ਮਹਿਕਮਾ ਭਾਰਤੀਆਂ ਦੀ ਬੜੀ ਸਖ਼ਤ ਪੁੱਛ ਪੜਤਾਲ ਕਰ ਰਿਹਾ ਸੀ। ਇੱਕ ਸਾਥੀ ਕੋਲੋਂ ਉਸ ਨੂੰ ਮਾਲੂਮ ਹੋਇਆ ਕਿ ਦੁਨੀਆਂ ਦੇ ਦੇਸ਼ ਭਾਰਤ ਇੱਕ ਗੁਲਾਮ ਦੇਸ਼ ਹੋਣ ਕਰਕੇ ਉਥੋਂ ਦੇ ਵਾਸੀਆਂ ਨੂੰ ਸ਼ੱਕ ਅਤੇ ਭੈੜੀ ਨਜ਼ਰ ਨਾਲ ਵੇਖਦੇ ਹਨ। ਇਸ ਵਤੀਰੇ ਦਾ ਸਰਾਭਾ ਦੇ ਦਿਲ ਨੂੰ ਬੜਾ ਸਦਮਾ ਲੱਗਿਆ। ਉਸ ਨੇ ਦੇਖਿਆ ਕਿ ਅਮਰੀਕਾ ਵਿੱਚ ਨਸਲਵਾਦ ਜ਼ੋਰਾਂ ਤੇ ਹੈ। ਉਸ ਨੂੰ ਭਾਰਤੀਆਂ ਨਾਲ ਵਿਤਕਰੇ ਅਤੇ ਦੁਰਦਸ਼ਾ ਦਾ ਪਤਾ ਲੱਗਿਆ। ਉਹ ਘੱਟ ਉਜਰਤ ਤੇ ਕੰਮ ਕਰਦੇ ਸਨ। ਕਈ ਥਾਈਂ ਰੁਜ਼ਗਾਰ ਵੀ ਖੁਸ ਜਾਂਦੇ ਸਨ। ਇੱਥੋਂ ਤਕ ਕਿ ਮਾਰ ਕੁਟਾਈ ਵੀ ਹੋ ਜਾਂਦੀ ਸੀ। ਆਜ਼ਾਦ ਦੇਸ਼ ਵਿੱਚ ਵਿਚਰਦਿਆਂ ਉਸ ਨੂੰ ਭਾਰਤੀ ਗੁਲਾਮੀ ਦਾ ਫਰਕ ਨਜ਼ਰ ਆਇਆ। ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਵਿਦੇਸ਼ਾਂ ਵਿੱਚ ਸਾਡੀ ਬੇਇੱਜ਼ਤੀ ਨਾ ਹੁੰਦੀ। ਸਰਾਭਾ ਨੇ ਕੈਲੀਫੋਰਨੀਆ ਦੀ ਯੂਨੀਵਰਸਿਟੀ ਬਰਕਲੇ ਵਿੱਚ ਰਸਾਇਣ ਵਿਗਿਆਨ ਦੀ ਪੜਾਈ ਵਿੱਚ ਦਾਖਲਾ ਲਿਆ।

ਭਾਰਤ ਦੀ ਗੁਲਾਮੀ ਤੋਂ ਚਿੰਤਾਤੁਰ ਹੋ ਕੇ ਉਸ ਨੇ ਜੋਸ਼ ਵਿੱਚ ਕਿਹਾ ਕਿ ਮੇਰੀ ਜਿੰਦਗੀ ਹੁਣ ਕੌਮ ਅਤੇ ਦੇਸ਼ ਦੀ ਅਮਾਨਤ ਹੈ। ਉਸ ਨੂੰ ਦੇਸ਼ ਸੇਵਾ ਦੀ ਲਗਨ ਲੱਗ ਗਈ। ਉਸਨੇ ਜਾਣ ਲਿਆ ਕਿ ਭਾਰਤੀਆਂ ਦੇ ਦਿਲਾਂ ਵਿੱਚ ਇਥੇ ਰਹਿੰਦੇ ਵੀ ਦਿਲ ਵਿੱਚ ਭਾਰਤ ਦੀ ਗੁਲਾਮੀ ਦਾ ਰੋਸ ਹੈ। ਉਸਨੇ ਸਾਥੀਆਂ ਵਿੱਚ ਰਾਜਨੀਤਿਕ ਜਾਗ੍ਰਿਤੀ ਦਾ ਕੰਮ ਆਰੰਭ ਦਿੱਤਾ। ਮਈ 1912 ਵਿੱਚ ਹੋਈ ਇਕੱਤਰਤਾ ਵਿੱਚ ਬੜੇ ਉੱਘੇ ਲੋਕ ਹਾਜ਼ਰ ਹੋਏ ਕਿ ਸਾਨੂੰ ਭਾਰਤ ਵਿਚੋਂ ਗੁਲਾਮੀ ਦੀ ਲਾਹਨਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਭਾਰਤ ਦੀ ਆਜ਼ਾਦੀ ਲਈ ਵਿਉਂਤਬੰਦੀ ਕੀਤੀ ਜਾਵੇ। ਇਸ ਵਿਉਂਤ ਵਿੱਚ ਇੱਕ ਅਖ਼ਬਾਰ ਕੱਢਣ ਦੀ ਤਜਵੀਜ਼ ਦਾ ਮਤਾ ਪਾਸ ਹੋਇਆ। ਉਸ ਵੇਲੇ ਗਦਰ ਪਾਰਟੀ ਦਾ ਮੁੱਢ ਬੱਝ ਰਿਹਾ ਸੀ। ਸਰਾਭਾ ਨੂੰ ਪ੍ਰਧਾਨ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲਾ ਹਰਦਿਆਲ ਨਾਲ ਬੜੇ ਨੇੜੇ ਹੋ ਕੇ ਗਦਰ ਲਈ ਕੰਮ ਕਰਨ ਦਾ ਮੌਕਾ ਮਿਲਿਆ,ਜਿਸ ਨਾਲ ਉਹ ਪਾਰਟੀ ਵਿੱਚ ਜਲਦੀ ਹੀ ਹਰਮਨ ਪਿਆਰਾ ਹੋ ਗਿਆ। ਪਾਰਟੀ ਦੇ ਕੇਂਦਰ ਸਾਨਫਰਾਂਸਿਸਕੋ ਤੋਂ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਪ੍ਰਚਾਰ ਹਿੱਤ ਗਦਰ ਨਾਉਂ ਦਾ ਅਖ਼ਬਾਰ ਉਰਦੂ ਅਤੇ ਪੰਜਾਬੀ ਵਿੱਚ ਜਾਰੀ ਕੀਤਾ। ਸਰਾਭਾ ਨੇ ਅਖ਼ਬਾਰ ਦੇ ਕੰਮ ਦੀ ਪੂਰੀ ਜਿੰਮੇਵਾਰੀ ਸੰਭਾਲੀ। ਅਖ਼ਬਾਰ ਵਿੱਚ ਅੰਗਰੇਜ਼ਾਂ ਦੇ ਜ਼ੁਲਮ ਅਤ ਚਲਾਕੀਆਂ ਦਾ ਭੇਦ ਖੋਲ੍ਹਿਆ ਜਾਂਦਾ। ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਬਗਾਵਤ ਕਰਨ ਦੀ ਵਿਉਂਤ , ਅਸਲਾ ਸੰਭਾਲਣ ਤੇ ਵਰਤਣ ਦੇ ਨਾਲ ਹੀ ਬੰਬ ਬਣਾਉਣ ਦੇ ਤਰੀਕੇ ਦਸੇ ਜਾਂਦੇ ਸਨ। ਅਖ਼ਬਾਰ ਡਾਕ ਰਾਹੀਂ ਜਿਥੇ ਕਿਤੇ ਵੀ ਭਾਰਤੀ ਵਸਦੇ ਸਨ, ਸੰਸਾਰ ਪੱਧਰ ਤੇ ਮੁਫ਼ਤ ਭੇਜਿਆ ਜਾਂਦਾ ਸੀ। ਅਖ਼ਬਾਰ ਦਾ ਖਰਚਾ ਮੈਂਬਰਾਂ ਦੇ ਚੰਦੇ ਅਤੇ ਸਹਿਯੋਗ ਨਾਲ ਚੱਲਣ ਲੱਗਿਆ। ਸਰਾਭਾ ਦਾ ਮੁੱਖ ਮੰਤਵ ਲਿਖਤਾਂ ਰਾਹੀਂ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲਈ ਤਿਆਰ ਕਰਨਾ ਸੀ।

ਅਖ਼ਬਾਰ ਜਲਦੀ ਹੀ ਇਤਨਾ ਮਸ਼ਹੂਰ ਹੋ ਗਿਆ ਕਿ ਗਦਰ ਦੇ ਨਾਅਰੇ ਗੂੰਜਣ ਲੱਗੇ। ਲੋਕਾਂ ਵਿੱਚ ਬੜਾ ਜੋਸ਼ ਤੇ ਉਤਸ਼ਾਹ ਆਇਆ। ਲੋਕਾਂ ਵਿੱਚ ਕੁਰਬਾਨੀ ਦਾ ਜਜ਼ਬਾ ਜਾਗ ਪਿਆ। ਉਹ ਦੇਸ਼ ਦੀ ਆਨ, ਸ਼ਾਨ ਵਾਸਤੇ ਤਨ,ਮਨ ਤੇ ਧੰਨ ਵਾਰਨ ਲਈ ਤਿਆਰ ਹੋ ਗਏ। ਸਰਾਭਾ ਨੇ ਪੱਕੇ ਤੌਰ 'ਤੇ ਗਦਰ ਦਾ ਬਾਗੀ ਸਿਪਾਹੀ ਬਣਨ ਲਈ ਬੰਬ ਬਣਾਉਣਾ, ਪਿਸਤੌਲ ਚਲਾਉਣਾ, ਜਹਾਜ਼ ਬਣਾਉਣਾ, ਮੁਰੰਮਤ ਕਰਨਾ ਅਤੇ ਉਡਾਉਣਾ ਇੱਕ ਜਹਾਜ਼ਾਂ ਦੀ ਕੰਪਨੀ ਨਿਊਯਾਰਕ ਤੋਂ ਸਿਖਿਆ। ਸਰਗਰਮ ਸਰਾਭਾ ਨੇ ਪਾਰਟੀ ਦੇ ਪ੍ਰੋਗਰਾਮਾਂ ਵਿੱਚ ਗਾਉਣਾ ਸ਼ੁਰੂ ਕਰ ਦਿੱਤਾ। 'ਚੱਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਇਹੋ ਆਖਰੀ ਵਚਨ ਤੇ ਫੁਰਮਾਨ ਹੋ ਗਏ। ਸਰਾਭਾ ਦੀਆਂ ਆਜ਼ਾਦੀ ਪ੍ਰਤੀ ਸਰਗਰਮੀਆਂ ਨੂੰ ਵੇਖਦਿਆਂ ਗਦਰ ਪਾਰਟੀ ਨੇ ਇੱਕ ਵਿਸ਼ੇਸ਼ ਇਕੱਤਰਤਾ ਵਿੱਚ ਉਸ ਨੂੰ ਪ੍ਰਬੰਧਕੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ। ਉਸ ਨੇ ਬੜੀ ਮਿਹਨਤ ਤੇ ਲਗਨ ਨਾਲ ਅੰਗਰੇਜ਼ਾਂ ਦੀ ਗੁਲਾਮੀ ਦਾ ਜੂਲ਼ਾ ਲਾਉਣ ਲਈ ਅਮਰੀਕਾ ਤੇ ਕੈਨੇਡਾ ਵਿੱਚ ਭਾਰਤੀਆਂ ਨੂੰ ਸੰਗਠਿਤ ਕਰਨ ਦਾ ਕੰਮ ਕੀਤਾ।

1914 ਵਿੱਚ ਪਹਿਲੀ ਸੰਸਾਰ ਜੰਗ ਵਿੱਚ ਇੰਗਲੈਂਡ ਉਲਝ ਗਿਆ। ਗਦਰ ਪਾਰਟੀ ਲਈ ਭਾਰਤ ਨੂੰ ਆਜ਼ਾਦ ਕਰਵਾਉਣ ਦਾ ਸੁਨਹਿਰੀ ਮੌਕਾ ਸੀ। ਗਦਰ ਅਖ਼ਬਾਰ ਨੇ ਆਪਣੇ 5 ਅਗਸਤ 1914 ਦੇ ਅੰਕ ਵਿੱਚ ਅੰਗਰੇਜ਼ੀ ਸ਼ਾਸਨ ਦੇ ਵਿਰੁੱਧ ਹਥਿਆਰਬੰਦ ਜੰਗ ਦਾ ਐਲਾਨ ਕਰ ਦਿੱਤਾ, ਅਖ਼ਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ, ਕਸਬਿਆਂ ਅਤੇ ਫ਼ੌਜੀ ਛਾਉਣੀਆਂ ਵਿੱਚ ਭੇਜੀਆਂ ਗਈਆਂ। ਸਤੰਬਰ 15, 1914 ਨੂੰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਣੂੰ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰੀ ਰਸਤੇ ਕਲਕੱਤਾ ਪਹੁੰਚ ਗਏ। ਵੱਖ ਵੱਖ ਰਸਤਿਆਂ ਰਾਹੀਂ ਸੈਂਕੜੇ ਗਦਰੀ ਭਾਰਤ ਪਹੁੰਚ ਗਏ। ਸਰਾਭਾ ਅਤੇ ਪਿੰਗਲੇ ਯੁਗਾਂਤਰ ਪਾਰਟੀ ਦੇ ਨੇਤਾ ਰਾਜ ਬਿਹਾਰੀ ਬੋਸ ਨੂੰ ਬਨਾਰਸ ਜਾ ਮਿਲੇ। ਉਹਨਾਂ ਦਾ ਨਿਸ਼ਾਨਾ ਸੀ ਕਿ ਜਿਵੇਂ ਕਿਵੇਂ ਵੀ ਅੰਗਰੇਜ਼ੀ ਰਾਜ ਨੂੰ ਹਿੰਦੁਸਤਾਨ ਵਿਚੋਂ ਕੱਢ ਕੇ ਕ੍ਰਿਤੀ ਰਾਜ ਸਥਾਪਤ ਕੀਤਾ ਜਾਵੇ। ਸਰਾਭਾ ਨੇ ਦੱਸਿਆ ਕਿ 20 ਹਜ਼ਾਰ ਹੋਰ ਗਦਰੀ ਜਲਦੀ ਹੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖ਼ੁਫ਼ੀਆ ਵਿਭਾਗ ਵਲੋਂ ਖ਼ਬਰਾਂ ਦੇ ਆਧਾਰ 'ਤੇ ਅਨੇਕਾਂ ਗਦਰੀਆਂ ਨੂੰ ਬੰਦਰਗਾਹਾਂ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ।

ਸਰਾਭਾ ਨੇ ਅੰਗਰੇਜ਼ਾਂ ਵਿਰੁੱਧ ਪ੍ਰਚਾਰ ਕਰਨ ਲਈ ਅਖ਼ਬਾਰ, ਪਰਚੇ ਅਤੇ ਇਸ ਹਾਰ ਨੌਜਵਾਨਾਂ ਵਿੱਚ ਵੰਡੇ, ਜਦੋਂ ਦਸੰਬਰ 1914 ਵਿੱਚ ਭਾਈ ਪਰਮਾਨੰਦ ਭਾਰਤ ਪੁੱਜੇ, ਉਦੋਂ ਤਕ ਸਰਾਭਾ ਲੁਧਿਆਣਾ ਵਿੱਚ ਸਥਾਪਤ ਹੋ ਚੁੱਕੇ ਸਨ। ਉਸ ਦਾ ਇਲਾਕੇ ਵਿੱਚ ਪੂਰਾ ਪ੍ਰਭਾਵ ਸੀ। ਉਹ ਹਥਿਆਰ ਲੈਣ ਲਈ ਬੰਗਾਲ ਗਏ। ਸਰਾਭਾ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫ਼ੌਜੀ ਛਾਉਣੀਆਂ ਵਿੱਚ ਫ਼ੌਜੀਆਂ ਨੂੰ ਵਿਦਰੋਹ ਲਈ ਉਕਸਾਇਆ। ਸਰਾਭਾ ਅਤੇ ਉਸ ਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿੱਚ ਝਾਬੇਵਾਲ ਅਤੇ ਲੋਹਟਬੱਧੀ ਵਿਖੇ ਬੰਬ ਬਣਾਉਣ ਵਿੱਚ ਸਫਲ ਹੋ ਗਏ।

ਵਿਦਰੋਹ ਦੀ ਤਿਆਰੀ ਵਿੱਚ 25 ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸੰਨ 1857 ਦੇ ਹਥਿਆਰਬੰਦ ਇਨਕਲਾਬ ਤੋਂ ਬਾਅਦ ਗਦਰੀਆਂ ਨੇ ਦੂਸਰਾ ਹਥਿਆਰਬੰਦ ਹਮਲਾ ਅੰਗਰੇਜ਼ੀ ਸਰਕਾਰ ਵਿਰੁੱਧ ਕਰਨਾ ਸੀ। ਸਰਾਭਾ ਅਤੇ ਸਾਥੀਆਂ ਨਾਲ 12 ਫਰਵਰੀ 1915 ਨੂੰ ਹੋਈ ਇਕੱਤਰਤਾ ਵਿੱਚ ਫੈਸਲਾ ਕੀਤਾ ਕਿ 21 ਫਰਵਰੀ 1915 ਨੂੰ ਬਗਾਵਤ ਕੀਤੀ ਜਾਵੇ। ਜਿਸ ਵਿੱਚ ਫਿਰੋਜ਼ਪੁਰ ਅਤੇ ਮੀਆ ਮੀਰ ਛਾਉਣੀਆਂ 'ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲਾ ਦੀਆਂ ਛਾਉਣੀਆਂ ਵਿੱਚ ਬਗਾਵਤ ਕੀਤੀ ਜਾਵੇ। ਸਰਾਭਾ ਨੂੰ ਕਿਰਪਾਲ ਸਿੰਘ ਤੇ ਸ਼ੱਕ ਹੋ ਗਿਆ ਕਿ ਉਹ ਮੁਖਬਰ ਹੈ। ਸਰਾਭਾ ਨੇ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਗਦਰ ਦੀ ਤਾਰੀਖ਼ 19 ਫਰਵਰੀ 1915 ਕਰ ਦਿੱਤੀ। ਪਰ ਕਿਰਪਾਲ ਸਿੰਘ ਨੇ ਇਹ ਭੇਦ ਅੰਗ੍ਰੇਜਾਂ ਨੂੰ ਦੇ ਦਿੱਤਾ। ਸਰਾਭਾ ਮਿੱਥੇ ਸਮੇਂ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ ਪਰ 19 ਫਰਵਰੀ 1915 ਤੋਂ ਪਹਿਲਾਂ ਹੀ ਅਨੇਕਾਂ ਗਦਰੀ ਗ੍ਰਿਫ਼ਤਾਰ ਹੋ ਗਏ ਸਨ। ਫ਼ੌਜੀਆਂ ਕੋਲੋਂ ਹਥਿਆਰ ਵੀ ਸੁੱਟਵਾ ਲਏ ਸਨ। ਇਸ ਲਈ ਫ਼ੌਜ ਬਗਾਵਤ ਨਾ ਕਰ ਸਕੀ। ਜਿਹੜੇ ਗਦਰੀ ਬਚ ਗਏ ਸਨ, ਉਹਨਾਂ ਨੂੰ ਹਿੰਦੂਸਤਾਨ ਛੱਡ ਜਾਣ ਦਾ ਗਦਰ ਪਾਰਟੀ ਨੇ ਹੁਕਮ ਦੇ ਦਿੱਤਾ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਅਫਗਾਨਿਸਤਾਨ ਵੱਲ ਚਲ ਪਏ ਪਰ ਤਿੰਨੇ ਹੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ ਕਿ ਪੁਲਿਸ ਨੇ 2 ਮਾਰਚ 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿੱਚ ਵਿਲਸਨਪੁਰ ਵਿਖੇ ਘੋੜ ਸਵਾਰ ਫ਼ੌਜ 22 ਨੂੰ ਵਰਗਲਾਉਣ ਦੇ ਦੋਸ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ।

13 ਸਤੰਬਰ 1915 ਨੂੰ ਮੁਕਦਮਾ ਚਲਿਆ ਤਾਂ ਸਰਾਭਾ ਨੇ ਸਾਰੇ ਦੋਸ਼ਾਂ ਦੀ ਜਿੰਮੇਵਾਰੀ ਆਪਣੇ ਸਿਰ ਲੈ ਲਈ। ਜੱਜ ਵੀ ਉਸਦੀ ਦ੍ਰਿੜ ਵਿਦਵਤਾ ਤੋਂ ਪ੍ਰਭਾਵਿਤ ਹੋਇਆ ਕਿ ਉਮਰ ਵਿੱਚ ਸਭ ਤੋਂ ਛੋਟਾ ਗਦਰੀ ਇਨੀ ਨਿਡਰਤਾ ਨਾਲ ਬਿਆਨ ਦਿੰਦਾ ਹੈ। ਸਰਾਭਾ ਨੇ ਕਿਹਾ ਕਿ ਮੈਨੂੰ ਆਪਣੇ ਦੇਸ਼ ਲਈ ਕੀਤੀ ਸੇਵਾ 'ਤੇ ਮਾਣ ਹੈ।



ਸੈਂਟਰਲ ਜੇਲ ਲਾਹੌਰ ਵਿੱਚ ਬੈਠੀ ਅਦਾਲਤ ਨੇ 63 ਗਰਦੀਆਂ ਵਿਰੁੱਧ ਫੈਸਲਾ ਸੁਣਾਇਆ। ਸਰਾਭਾ ਸਾਢੇ ਉਨੀ ਸਾਲ ਦਾ ਸਭ ਤੋਂ ਛੋਟਾ ਸੀ। ਸਰਾਭਾ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜਾ ਸੁਣਾਈ। ਗਦਰਰੀਆਂ ਵੱਲੋਂ ਕੇਸ ਦੀ ਪੈਰ;ਵਾਈ ਕਰ ਰਹੇ ਵਕੀਲ ਰਘੂਵਰ ਸਹਾਏ ਨੇ ਉਹਨਾਂ ਦੀ ਫਾਂਸੀ ਦਾ ਮੁੱਦਾ ਵਾਇਸਰਾਏ ਕੋਲ ਰਖਿਆ। ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ 24 ਗਦਰੀਆਂ ਵਿਚੋਂ 17 ਦੀ ਫਾਂਸੀ ਦਾ ਸਜ਼ਾ ਤੋਂ ਸਜ਼ਾ ਏ ਕਾਲੇਪਾਣੀ ਕਰਾ ਦਿੱਤੀ। ਸਰਾਭਾ ਦੀ ਫਾਂਸੀ ਤੁੜਵਾਉਣ ਦੀ ਕੋਸ਼ਿਸ ਕੀਤੀ ਪਰ ਵਾਇਸਰਾਏ ਨੇ ਅਪੀਲ ਖਾਰਜ ਕਰ ਦਿੱਤੀ।

ਸਰਾਭਾ ਬਾਰੇ ਫੈਸਲਾ ਲਿਖਿਆ ਕਿ ਸਾਰੇ ਗਦਰੀਆਂ ਵਿਚੋਂ ਸਰਾਭਾ ਸਭ ਤੋਂ ਜਿਆਦਾ ਖਤਰਨਾਕ ਹੈ। ਅਮਰੀਕਾ ਤੋਂ ਭਾਰਤ ਤਕ ਕੋਈ ਵੀ ਅਜਿਹੀ ਘਟਨਾ ਨਹੀਂ ਜਿਸ ਵਿੱਚ ਸਰਾਭਾ ਸ਼ਾਮਲ ਨਾ ਹੋਵੇ। ਇਹ ਰਹਿਮ ਦੇ ਕਾਬਲ ਨਹੀਂ। ਸਰਾਭਾ ਨੇ ਕਿਹਾ ਕਿ ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲਗੇਗੀ। ਉਨੀ ਜਦਲੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ। ਇਹੀ ਜਜਬਾ ਅੱਗੇ ਜਾ ਕੇ ਕ੍ਰਾਂਤੀਕਾਰੀ ਭਗਤ ਸਿੰਘ ਅਤੇ ਊਧਮ ਸਿੰਘ ਦੇ ਸੰਘਰਸ਼ ਦਾ ਮਾਰਗ ਦਰਸ਼ਨ ਬਣਿਆ। ਮੁਕਦਮੇ ਤੋਂ ਬਾਅਦ ਸਰਾਭਾ ਚੜ੍ਹਦੀਕਲਾ ਵਿੱਚ ਰਿਹਾ। ਉਸਦੀ ਕਵਿਤਾ ਦੇ ਬੋਲ ਹਨ

ਖਾਤਰ ਵਤਨ ਦੀ ਲੱਗੇ ਹਾਂ ਚੜ੍ਹਨ ਫਾਂਸੀ
ਸਾਨੂੰ ਦੇਖ ਕੇ ਨਹੀਂ ਘਬਰਾ ਜਾਣਾ
ਸਾਡੀ ਮੌਤ ਨੇ ਵਤਨ ਦੇ ਵਾਸੀਆਂ ਦੇ
ਦਿਲੀ ਵਤਨ ਦਾ ਇਸ਼ਕ ਜਗਾ ਜਾਣਾ

ਅਖੀਰ 16 ਨਵੰਬਰ 1915 ਨੂੰ ਸਾਢੇ ਉਨੀ ਸਾਲ ਦੀ ਉਮਰ ਵਿੱਚ ਕਰਤਾਰ ਸਿੰਘ ਸਰਾਭਾ ਨੂੰ ਉਨਾਂ ਦੇ ਛੇ ਸਾਥੀਆਂ ਬਖਸ਼ੀਸ ਸਿੰਘ, ਜ਼ਿਲ੍ਹਾ ਅੰਮ੍ਰਿਤਸਰ, ਜਗਤ ਸਿੰਘ ਜ਼ਿਲ੍ਹਾ ਲਾਹੌਰ, ਸ਼ਰੈਣ ਸਿੰਘ1 ਅਤੇ ਸ਼ਰੈਣ ਸਿੰਘ 2 ਦੋਵੇਂ ਅੰਮ੍ਰਿਤਸਰ ਜ਼ਿਲ੍ਹੇ ਦੇ, ਵਿਸ਼ਣੂੰ ਗਣੇਸ਼ ਪਿੰਗਲੇ ਜ਼ਿਲ੍ਹਾ ਪੂਨਾ ਮਹਾਰਾਸ਼ਟਰ, ਦੇ ਨਾਹਲ ਸੈਂਟਰਲ ਜੇਲ੍ਹ ਲਾਹੌਰ ਵਿੱਚ ਫ਼ਾਂਸੀ ਦੇ ਦਿੱਤੀ ਗਈ। ਸਰਾਭਾ ਦੀ ਆਖਰੀ ਖ਼ਾਹਿਸ ਸੀ ਕਿ ਮੇਰੇ ਨਾਮ ਨਾਲ ਬਾਗੀ ਲਗਾਇਆ ਜਾਵੇ । ਬਾਗੀ ਸਰਾਭਾ ਨੇ ਜੇਲਰ ਨੂੰ ਆਖਿਆ ਕਿ ਜੇਲਰ ਸਾਬ੍ਹ, ਯੇ ਮਤ ਸੋਚਨਾ ਕਿ ਬਾਗੀ ਕਰਤਾਰ ਸਿੰਘ ਮਰ ਜਾਏਗਾ, ਮੇਰੇ ਖ਼ੂਨ ਕੇ ਜਿਤਨੇ ਕਤਰੇ ਹੈ, ਉਤਨੇ ਕਰਤਾਰ ਸਿੰਘ ਔਰ ਪੈਦਾ ਹੋਂਗੇ। ਔਰ ਦੇਸ਼ ਕੀ ਆਜ਼ਾਦੀ ਕੇ ਲੀਏ ਕਾਮ ਕਰੇਗੇ। ਸਰਾਭਾ ਦੀ ਯਾਦ ਵਿੱਚ ਉਸ ਦੇ ਪਿੰਡ ਵਿਖੇ ਦੋ ਏਕੜ ਜਗ੍ਹਾ ਵਿੱਚ ਉਸ ਦਾ ਬੁੱਤ, ਲਾਈਬ੍ਰੇਰੀ ਅਤੇ ਪਾਰਕ ਹੈ।

ਅੰਤਿਕਾ

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖਾਲੀਆਂ ਨੇ,
ਜਿਹਨਾਂ ਦੇਸ਼ ਦੀ ਸੇਵਾ ਵਿੱਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾ ਝੱਲੀਆਂ ਨੇ॥
-ਕਰਤਾਰ ਸਿੰਘ ਸਰਾਭਾ



# ਕੀ ਹੁੰਦੀ ਹੈ ਨਕਲੀ ਬਰਸਾਤ?

## ਹਵਾ ਪ੍ਰਦੂਸ਼ਨ ਘਟਾਉਣ ਲਈ ਵੀ ਕੀਤੀ ਜਾਂਦੀ ਹੈ ਨਕਲੀ ਬਰਸਾਤ





ਨਕਲੀ ਬਰਸਾਤ ਵਰਗੇ ਸ਼ਬਦ ਤੁਸੀਂ ਕਈ ਵਾਰ ਸੁਣੇ ਹੋਣਗੇ। ਕਈ ਵਾਰ ਇਸ ਦੀ ਵਰਤੋਂ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਕੀਤੀ ਜਾਂਦੀ ਹੈ ਅਤੇ ਕਈ ਵਾਰ ਮੀਂਹ ਨਾ ਪੈਣ 'ਤੇ ਇਸ ਦੀ ਮਦਦ ਲਈ ਜਾਂਦੀ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਇਹ ਪ੍ਰਕਿਰਿਆ ਕੀਤੀ ਜਾਂਦੀ ਹੈ ? ਭਾਵ, ਮਨੁੱਖ ਦੁਆਰਾ ਬਣਾਈ ਬਰਸਾਤ ਕਿਵੇਂ ਪ੍ਰਾਪਤ ਕੀਤੀ ਜਾਂਦੀ ਹੈ ? ਜੇਕਰ ਨਹੀਂ, ਤਾਂ ਤੁਹਾਡੇ ਸਵਾਲਾਂ ਦੇ ਜਵਾਬ ਇੱਥੇ ਮਿਲ ਜਾਣਗੇ।

ਨਕਲੀ ਬਰਸਾਤ ਦੀ ਸਭ ਤੋਂ ਮਸ਼ਹੂਰ ਵਿਧੀ ਨੂੰ 'ਕਲਾਊਡ ਸੀਡਿੰਗ' ਕਿਹਾ ਜਾਂਦਾ ਹੈ। ਇਸ 'ਚ ਉਨ੍ਹਾਂ ਬੱਦਲਾਂ ਨੂੰ ਚੁਣਿਆ ਜਾਂਦਾ ਹੈ, ਜਿਨ੍ਹਾਂ 'ਚ ਪਹਿਲਾਂ ਤੋਂ ਕੁਝ ਨਮੀ ਮੌਜੂਦ ਹੁੰਦੀ ਹੈ। ਫਿਰ ਜਹਾਜ਼ ਦੀ ਮਦਦ ਨਾਲ ਸਿਲਵਰ ਆਇਓਡਾਈਡ, ਆਮ ਨਮਕ, ਸੁੱਕੀ ਬਰਫ਼ ਜਾਂ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ ਉਨ੍ਹਾਂ ਬੱਦਲਾਂ 'ਤੇ ਸੁੱਟੀਆਂ ਜਾਂਦੀਆਂ ਹਨ। ਇਨ੍ਹਾਂ ਕਾਰਨ ਮੌਜੂਦ ਨਮੀ ਇਕੱਠੀ ਹੋ ਜਾਂਦੀ ਹੈ, ਜਿਸ ਕਾਰਨ ਮੀਂਹ ਪੈਂਦਾ ਹੈ। ਕਲਾਉਡ ਸੀਡਿੰਗ ਦੇ ਦੋ ਮੁੱਖ ਤਰੀਕੇ ਹਨ। ਪਹਿਲਾ ਠੰਡਾ ਕਲਾਉਡ ਸੀਡਿੰਗ ਅਤੇ ਦੂਜਾ ਗਰਮ ਕਲਾਉਡ ਸੀਡਿੰਗ ਹੈ।

### ਖ਼ਤਰਨਾਕ ਵੀ ਹੈ ਨਕਲੀ ਬਰਸਾਤ

ਕਈ ਸੰਸਥਾਵਾਂ ਦਾ ਕਹਿਣਾ ਹੈ ਕਿ ਸਿਲਵਰ ਆਇਓਡਾਈਡ ਜਾਨਵਰਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ। ਮੌਸਮ ਨੂੰ ਖਰਾਬ ਕਰ ਸਕਦਾ ਹੈ। ਇੰਨਾ ਹੀ ਨਹੀਂ ਇਸ 'ਤੇ ਕਾਫੀ ਖਰਚਾ ਵੀ ਆਉਂਦਾ ਹੈ। ਇਸ ਤੋਂ ਇਲਾਵਾ ਨਕਲੀ ਬਰਸਾਤ ਕਾਰਨ ਹੜ੍ਹਾਂ ਦਾ ਖਤਰਾ ਵੀ ਪੈਦਾ ਹੋ ਜਾਂਦਾ ਹੈ।

### ਕਿਉਂ ਜ਼ਰੂਰੀ ਹੈ

ਨਕਲੀ ਬਰਸਾਤ ਦਾ ਸਹਾਰਾ ਉਨ੍ਹਾਂ ਥਾਵਾਂ 'ਤੇ ਲੈਣਾ ਪੈਂਦਾ ਹੈ ਜਿੱਥੇ ਬਰਸਾਤ ਘੱਟ ਹੁੰਦੀ ਹੈ। ਇਸ ਦੀ ਮਦਦ ਨਾਲ ਮੀਂਹ ਕਾਰਨ ਫ਼ਸਲਾਂ ਦਾ ਨੁਕਸਾਨ ਨਹੀਂ ਹੁੰਦਾ। ਕਈ ਇਲਾਕਿਆਂ 'ਚ ਬਣ ਰਹੇ ਤੂਫਾਨ ਨੂੰ ਸ਼ਾਂਤ ਕਰਨ ਲਈ ਨਕਲੀ ਬਾਰਿਸ਼ ਵੀ ਕੀਤੀ ਜਾਂਦੀ ਹੈ।

### ਭਾਰਤ 'ਚ ਕਈ ਵਾਰ ਕਰਵਾਈ ਜਾ ਚੁੱਕੀ ਹੈ ਨਕਲੀ ਬਰਸਾਤ

ਭਾਰਤ ਵਿੱਚ ਕਈ ਦਹਾਕਿਆਂ ਤੋਂ ਨਕਲੀ ਬਰਸਾਤ ਦੀ ਸਫਲਤਾਪੂਰਵਕ ਵਰਤੋਂ ਕੀਤੀ ਜਾ ਰਹੀ ਹੈ। ਆਈਆਈਟੀ ਨਾਲ ਸਬੰਧਤ ਰੇਨ ਐਂਡ ਕਲਾਊਡ ਫਿਜ਼ਿਕਸ ਰਿਸਰਚ ਨੇ ਇਸ ਸਬੰਧ ਵਿੱਚ ਬਹੁਤ ਯੋਗਦਾਨ ਪਾਇਆ ਹੈ।

ਨਕਲੀ ਬਰਸਾਤ ਦੀ ਤਕਨੀਕ ਦਾ ਮਹਾਰਾਸ਼ਟਰ ਅਤੇ ਲਖਨਊ ਦੇ ਕੁਝ ਹਿੱਸਿਆਂ ਵਿੱਚ ਪ੍ਰੀਖਣ ਕੀਤਾ ਜਾ ਚੁੱਕਾ ਹੈ। ਪਰ ਪ੍ਰਦੂਸ਼ਣ ਨਾਲ ਨਜਿੱਠਣ ਲਈ ਕਿਸੇ ਵੀ ਵੱਡੇ ਖੇਤਰ ਵਿੱਚ ਇਸਦੀ ਵਰਤੋਂ ਨਹੀਂ ਕੀਤੀ ਗਈ ਹੈ।

ਟਾਟਾ ਫਰਮ ਨੇ 1951 ਵਿੱਚ ਪੱਛਮੀ ਘਾਟ ਵਿੱਚ ਕਈ ਥਾਵਾਂ 'ਤੇ ਅਜਿਹੀ ਬਰਸਾਤ ਕੀਤੀ ਸੀ। ਫਿਰ ਪੁਣੇ ਦੇ ਰੇਨ ਐਂਡ ਕਲਾਊਡ ਇੰਸਟੀਚਿਊਟ ਨੇ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਦੇ ਕਈ ਖੇਤਰਾਂ ਵਿੱਚ ਅਜਿਹੀ ਨਕਲੀ ਬਰਸਾਤ ਕੀਤੀ। ਭਾਰਤ ਵਿੱਚ ਸਾਲ 1983, 84 ਵਿੱਚ ਅਜਿਹੀ ਬਰਸਾਤ ਹੋਈ ਸੀ ਅਤੇ ਅਜਿਹਾ ਕੰਮ ਤਾਮਿਲਨਾਡੂ ਵਿੱਚ 93-94 ਵਿੱਚ ਸੋਕੇ ਨਾਲ ਨਜਿੱਠਣ ਲਈ ਕੀਤਾ ਗਿਆ ਸੀ। ਕਰਨਾਟਕ ਵਿੱਚ 2003-04 ਵਿੱਚ ਨਕਲੀ ਮੀਂਹ ਪਿਆ ਸੀ।

ਆਈਆਈਟੀ ਦੇ ਪ੍ਰੋਫੈਸਰਾਂ ਨੇ ਦੱਸਿਆ ਸੀ ਕਿ ਮਾਨਸੂਨ ਤੋਂ ਪਹਿਲਾਂ ਅਤੇ ਇਸ ਦੌਰਾਨ ਨਕਲੀ ਬਰਸਾਤ ਕਰਨਾ ਆਸਾਨ ਹੈ, ਪਰ ਸਰਦੀਆਂ ਦੇ ਮੌਸਮ ਵਿੱਚ ਇਹ ਆਸਾਨ ਨਹੀਂ ਹੈ ਕਿਉਂਕਿ ਇਸ ਸਮੇਂ ਦੌਰਾਨ ਬੱਦਲਾਂ ਵਿੱਚ ਨਮੀ ਦੀ ਮਾਤਰਾ ਜ਼ਿਆਦਾ ਨਹੀਂ ਹੁੰਦੀ ਹੈ।

### ਨਕਲੀ ਬਰਸਾਤ ਕਿਵੇਂ ਘਟਾ ਸਕਦੀ ਹੈ ਪ੍ਰਦੂਸ਼ਣ

ਭਾਰਤ ਵਿੱਚ ਕਲਾਉਡ ਸੀਡਿੰਗ ਦਾ ਪਹਿਲਾ ਪ੍ਰਯੋਗ 1951 ਵਿੱਚ ਕੀਤਾ ਗਿਆ ਸੀ। ਐਸ ਕੇ ਚੈਟਰਜੀ, ਭਾਰਤੀ ਮੌਸਮ ਵਿਭਾਗ ਦੇ ਪਹਿਲੇ ਡਾਇਰੈਕਟਰ ਜਨਰਲ, ਇੱਕ ਪ੍ਰਸਿੱਧ ਬੱਦਲ ਵਿਗਿਆਨੀ ਸਨ। ਇਸ ਦੇ ਪ੍ਰਯੋਗ ਭਾਰਤ ਵਿੱਚ ਉਨ੍ਹਾਂ ਦੀ ਅਗਵਾਈ ਵਿੱਚ ਸ਼ੁਰੂ ਹੋਏ। ਫਿਰ ਉਸਨੇ ਹਾਈਡਰੋਜਨ ਗੈਸ ਨਾਲ ਭਰੇ ਗੁਬਾਰਿਆਂ ਵਿੱਚ ਬੱਦਲਾਂ ਦੇ ਉੱਪਰ ਲੂਣ ਅਤੇ ਸਿਲਵਰ ਆਇਓਡਾਈਡ ਭੇਜ ਕੇ ਨਕਲੀ ਬਰਸਾਤ ਤਿਆਰ ਕੀਤੀ। ਭਾਰਤ ਵਿੱਚ, ਕਲਾਉਡ ਸੀਡਿੰਗ ਦੀ ਵਰਤੋਂ ਸੋਕੇ ਦਾ ਮੁਕਾਬਲਾ ਕਰਨ ਅਤੇ ਡੈਮਾਂ ਦੇ ਪਾਣੀ ਦੇ ਪੱਧਰ ਨੂੰ ਵਧਾਉਣ ਲਈ ਕੀਤੀ ਜਾਂਦੀ ਹੈ।

### ਬਰਸਾਤ ਦੇ ਖ਼ਤਰੇ ਤੋਂ ਬਚਾਓ ਲਈ ਵਰਤੋਂ

2008 ਵਿੱਚ ਬੀਜਿੰਗ ਉਲੰਪਿਕ ਦੌਰਾਨ, ਚੀਨ ਨੇ 21 ਮਿਜ਼ਾਈਲਾਂ ਦੀ ਵਰਤੋਂ ਕਰਦੇ ਹੋਏ ਇਸ ਢੰਗ ਦੀ ਵਰਤੋਂ ਕੀਤੀ ਸੀ, ਤਾਂ ਜੋ ਉਲੰਪਿਕ ਖੇਡਾਂ ਦੌਰਾਨ ਬਰਸਾਤ ਦੇ ਖਤਰੇ ਤੋਂ ਬਚਿਆ ਜਾ ਸਕੇ। ਹਾਲਾਂਕਿ, ਹਾਲ ਹੀ ਵਿੱਚ ਚੀਨ ਤੋਂ ਅਜਿਹੀ ਕੋਈ ਖਬਰ ਨਹੀਂ ਆਈ ਹੈ ਜਿਸ ਤੋਂ ਪਤਾ ਲੱਗਦਾ ਹੋਵੇ ਕਿ ਉਹ ਪ੍ਰਦੂਸ਼ਣ ਨਾਲ ਨਜਿੱਠਣ ਲਈ ਅਜੇ ਵੀ ਇਸ ਤਰੀਕੇ ਦੀ ਵਰਤੋਂ ਕਰਦਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਚੀਨ ਨੇ ਹੁਣ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਲਈ ਕਲਾਊਡ ਸੀਡਿੰਗ ਬੰਦ ਕਰ ਦਿੱਤੀ ਹੈ।

### ਜਦੋਂ ਨਕਲੀ ਬਰਸਾਤ ਨਾ ਹੋ ਸਕੀ

ਸਾਲ 2018 'ਚ ਦਿੱਲੀ 'ਚ ਪ੍ਰਦੂਸ਼ਣ ਵਧਣ ਕਾਰਨ ਨਕਲੀ ਬਰਸਾਤ ਕਰਵਾਉਣ ਦੀ ਤਿਆਰੀ ਕੀਤੀ ਗਈ ਸੀ। ਆਈਆਈਟੀ ਕਾਨਪੁਰ ਦੇ ਵਿਗਿਆਨੀਆਂ ਨੇ ਹਵਾ ਪ੍ਰਦੂਸ਼ਣ ਦੀ ਗੰਭੀਰ ਸਥਿਤੀ ਨਾਲ ਨਜਿੱਠਣ ਲਈ ਨਕਲੀ ਮੀਂਹ ਤਿਆਰ ਕੀਤਾ ਸੀ। ਬਸ ਮੌਸਮ ਦੇ ਅਨੁਕੂਲ ਹੋਣ ਦੀ ਉਡੀਕ ਸੀ। ਆਈਆਈਟੀ ਦੇ ਪ੍ਰੋਫੈਸਰ ਨੇ ਨਕਲੀ ਬਰਸਾਤ ਬਣਾਉਣ ਲਈ ਇਸਰੋ ਤੋਂ ਇੱਕ ਜਹਾਜ਼ ਵੀ ਹਾਸਲ ਕੀਤਾ ਸੀ, ਪਰ ਮੌਸਮ ਦੇ ਮਾੜੇ ਹਾਲਾਤਾਂ ਕਾਰਨ ਨਕਲੀ ਬਰਸਾਤ ਨਹੀਂ ਹੋ ਸਕੀ।



TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਗਵਾਚਿਆ ਬਚਪਨ, ਵਧੀ ਜ਼ਿੰਮੇਵਾਰੀ

- ਕੂੜੇ ਦੇ ਢੇਰ ’ਤੇ ਰੋਟੀ ਦੀ ਤਲਾਸ਼ ਕਰ ਰਹੇ ਬੱਚੇ
- ਕਿਤਾਬਾਂ ਵਾਲੇ ਬੈਗ ਦੀ ਬਜਾਏ ਮੋਢਿਆਂ ’ਤੇ ਹਨ ਕੂੜੇ ਦੇ ਬੈਗ

ਦੇਸ਼ ਵਿੱਚ ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਹੈ। 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਲਈ ਸਿੱਖਿਆ ਨੂੰ ਮੌਲਿਕ ਅਧਿਕਾਰ ਦਾ ਦਰਜਾ ਦਿੱਤਾ ਗਿਆ ਹੈ ਪਰ ਫਿਰ ਵੀ ਵੱਡੀ ਗਿਣਤੀ ਬੱਚੇ ਸਕੂਲ ਤੋਂ ਦੂਰ ਹਨ। ਅੱਜ ਵੀ ਬਹੁਤ ਸਾਰੇ ਬੱਚੇ ਦੁਕਾਨਾਂ ਅਤੇ ਘਰਾਂ ’ਚ ਬਾਲ ਮਜ਼ਦੂਰੀ ਕਰਦੇ ਦਿਖਾਈ ਦਿੰਦੇ ਹਨ। ਇਸ ਤੋਂ ਇਲਾਵਾ ਕਈ ਬੱਚੇ ਕੂੜਾ ਚੁੱਕ ਕੇ ਆਪਣਾ ਗੁਜ਼ਾਰਾ ਚਲਾਉਣ ਲਈ ਮਜਬੂਰ ਹਨ। ਇਹ ਬੱਚੇ ਸਕੂਲ ਜਾਣ ਦੀ ਬਜਾਏ ਕੂੜੇ ਦੇ ਢੇਰਾਂ ’ਤੇ ਧੁੱਪ ਅਤੇ ਮੀਂਹ ਵਿੱਚ ਆਪਣਾ ਬਚਪਨ ਬਰਬਾਦ ਕਰ ਰਹੇ ਹਨ। ਦੱਸ ਦੇਈਏ ਕਿ ਸਰਕਾਰ ਨੇ 6 ਤੋਂ 14 ਸਾਲ ਦੀ ਉਮਰ ਦੇ ਬੱਚਿਆਂ ਨੂੰ ਲਾਜ਼ਮੀ ਸਿੱਖਿਆ ਪ੍ਰਦਾਨ ਕਰਨ ਦੀ ਯੋਜਨਾ ਸ਼ੁਰੂ ਕੀਤੀ ਹੈ। ਇਸ ਦੇ ਬਾਵਜੂਦ ਬਾਲ ਮਜ਼ਦੂਰੀ ਦੀ ਗਿਣਤੀ ਘੱਟ ਨਹੀਂ ਹੋ ਰਹੀ। ਬੱਚੇ ਸਕੂਲ ਜਾਣ ਦੀ ਬਜਾਏ ਆਪਣਾ ਅਤੇ ਆਪਣੇ ਪਰਿਵਾਰ ਦਾ ਪੇਟ ਭਰਨ ਲਈ ਕੂੜੇ ਦੇ ਢੇਰਾਂ ਤੋਂ ਪਲਾਸਟਿਕ ਦੀਆਂ ਬੋਤਲਾਂ ਚੁੱਕਣ ਲਈ ਮਜਬੂਰ ਹਨ। ਕੂੜਾ ਚੁੱਕਣ ਵਾਲੇ ਜ਼ਿਆਦਾਤਰ ਬੱਚਿਆਂ ਦਾ ਕਹਿਣਾ ਹੈ ਕਿ ਭਾਵੇਂ ਉਹ ਸਕੂਲ ਜਾਣਾ ਚਾਹੁੰਦੇ ਹਨ ਪਰ ਗਰੀਬੀ ਕਾਰਨ ਉਹ ਸਕੂਲ ਨਹੀਂ ਜਾ ਸਕਦੇ। ਇਸ ਸਬੰਧੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਸਕੂਲ ਤੋਂ ਬਾਹਰ ਰਹਿ ਰਹੇ ਸਾਰੇ ਬੱਚਿਆਂ ਦਾ ਸਰਵੇਖਣ ਕੀਤਾ ਗਿਆ ਸੀ। ਵਿਭਾਗ ਦੀ ਕੋਸ਼ਿਸ਼ ਹੈ ਕਿ 6 ਤੋਂ 14 ਸਾਲ ਤੱਕ ਦੇ ਬੱਚੇ ਸਿੱਖਿਆ ਤੋਂ ਵਾਂਝੇ ਨਾ ਰਹਿਣ। ਬੱਚਿਆਂ ਨੂੰ ਸਕੂਲਾਂ ਵਿੱਚ ਲਿਆਉਣ ਲਈ ਵੀ ਉਪਰਾਲੇ ਕੀਤੇ ਜਾ ਰਹੇ ਹਨ। ਤੁਹਾਨੂੰ ਦੱਸ ਦੇਈਏ ਕਿ ਇਸੇ ਲੜੀ ਤਹਿਤ ਸਰਕਾਰ ਦੀ ਭਲਾਈ ਸਕੀਮ ਤਹਿਤ ਮਿਡ-ਡੇ-ਮੀਲ ਮੁਹੱਈਆ ਕਰਵਾਇਆ ਜਾ ਰਿਹਾ ਹੈ। ਪਰ ਪਰਿਵਾਰ ਦਾ ਗੁਜ਼ਾਰਾ ਚਲਾਉਣ ਦੀ ਜ਼ਿੰਮੇਵਾਰੀ ਕਾਰਨ ਇਹ ਬੱਚੇ ਸਕੂਲ ਜਾਣ ਤੋਂ ਅਸਮਰੱਥ ਹਨ। ਦੂਜੇ ਪਾਸੇ ਗਲੀਆਂ ਵਿੱਚ ਕੂੜਾ ਇਕੱਠਾ ਕਰਕੇ ਕੋਈ ਬੱਚਾ 40 ਤੋਂ 50 ਰੁਪਏ ਕਮਾ ਲੈਂਦਾ ਹੈ। ਜਿਸ ਰਾਹੀਂ ਉਹ ਆਪਣਾ ਅਤੇ ਆਪਣੇ



ਪਰਿਵਾਰ ਦਾ ਗੁਜ਼ਾਰਾ ਚਲਾਉਂਦੇ ਹਨ। ਅਜਿਹੇ ’ਚ ਜੇਕਰ ਉਹ ਸਕੂਲ ਜਾਂਦਾ ਹੈ ਤਾਂ ਉਸਦੀ ਰੋਜ਼ੀ-ਰੋਟੀ ਰੁਕ ਜਾਵੇਗੀ। ਕਿਰਤ ਵਿਭਾਗ ਦੇ ਲੱਖਾਂ ਦਾਅਵਿਆਂ ਦੇ ਬਾਵਜੂਦ ਅੱਜ ਵੀ ਦੇਸ਼ ਦੇ ਕਈ ਬੱਚੇ ਕੂੜੇ ਦੇ ਢੇਰਾਂ, ਚਾਹ-ਮਠਿਆਈ ਦੀਆਂ ਦੁਕਾਨਾਂ ’ਤੇ ਭਾਂਡੇ ਧੋਣ ਵਿੱਚ ਆਪਣਾ ਬਚਪਨ ਬਿਤਾਉਣ ਲਈ ਮਜਬੂਰ ਹਨ।

ਸਰਕਾਰ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਚਿੰਤਤ ਹੋਣ ਦਾ ਦਾਅਵਾ ਕਰਦੀ ਹੈ ਪਰ ਦੇਸ਼ ਵਿੱਚ ਸੈਂਕੜੇ ਬੱਚੇ ਕੂੜੇ ਦੇ ਢੇਰਾਂ ਵਿੱਚ ਆਪਣਾ ਭਵਿੱਖ ਲੱਭ ਰਹੇ ਹਨ। ਸਰਕਾਰ ਨੇ ਸਿੱਖਿਆ ਦਾ ਅਧਿਕਾਰ ਕਾਨੂੰਨ ਲਾਗੂ ਕੀਤਾ ਤਾਂ ਜੋ ਗਰੀਬਾਂ ਦੇ ਬੱਚੇ ਵੀ ਵਧੀਆ ਸਿੱਖਿਆ ਪ੍ਰਾਪਤ ਕਰ ਸਕਣ।

ਗਰੀਬਾਂ ਨੂੰ ਸਸਤੇ ਭਾਅ ’ਤੇ ਖਾਣਾਂ ਮੁਹੱਈਆ ਕਰਵਾਉਣ ਲਈ ਖਾਦ ਸੁਰੱਖਿਆ ਕਾਨੂੰਨ ਲਾਗੂ ਕੀਤਾ। ਇੰਨਾ ਹੀ ਨਹੀਂ ਗਰੀਬਾਂ ਦੀ ਭਲਾਈ ਅਤੇ ਸਹਾਇਤਾ ਲਈ ਕਈ ਯੋਜਨਾਵਾਂ ਚਲਾਈਆਂ ਗਈਆਂ। ਇਸ ਦੇ ਬਾਵਜੂਦ ਵੱਖ ਵੱਖ ਇਲਾਕਿਆਂ ਵਿੱਚ ਗਰੀਬਾਂ ਦੇ ਬੱਚੇ ਅੱਜ ਵੀ ਕੂੜੇ ਦੇ ਢੇਰਾਂ ’ਤੇ ਆਪਣਾ ਭਵਿੱਖ ਲੱਭ ਰਹੇ ਹਨ। ਉਨ੍ਹਾਂ ਦੀ ਰੋਜ਼ੀ-ਰੋਟੀ ਕੂੜੇ ਦੇ ਇਸ ਢੇਰ ’ਤੇ ਨਿਰਭਰ ਕਰਦੀ ਹੈ। ਯਾਨੀ ਉਹ ਕੂੜੇ ਦੇ ਢੇਰਾਂ ਤੋਂ ਕਬਾੜ ਚੁੱਕ ਕੇ ਆਪਣਾ ਗੁਜ਼ਾਰਾ ਚਲਾ ਰਹੇ ਹਨ। ਕੂੜੇ ਦੇ ਢੇਰਾਂ ਵਿੱਚ ਕਬਾੜ ਚੁੱਕਣ ਕਾਰਨ ਉਹ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਵੀ ਹੋ ਜਾਂਦੇ ਹਨ। ਪਰ ਜੇ ਉਹ ਕਰਦੇ ਹਨ, ਕਿਉਂਕਿ ਉਨ੍ਹਾਂ ਕੋਲ ਕੋਈ ਹੋਰ ਸਾਧਨ ਨਹੀਂ ਹੈ।

ਕੂੜੇ ਵਿੱਚੋਂ ਲੋਹਾ, ਕੱਚ ਅਤੇ ਪਲਾਸਟਿਕ ਦੀਆਂ ਬੋਤਲਾਂ, ਲੱਕੜ ਦੀਆਂ ਵਸਤੂਆਂ ਅਤੇ ਕਾਗਜ਼ ਆਦਿ ਦੀ ਚੋਣ ਕਰਨ ਵਾਲੇ ਇਹ ਬੱਚੇ ਸਮਾਜਿਕ ਅਤੇ ਪ੍ਰਸ਼ਾਸਨਿਕ ਅਣਗਹਿਲੀ ਦਾ ਸ਼ਿਕਾਰ ਹੁੰਦੇ ਹਨ। ਰੋਜ਼ੀ-ਰੋਟੀ ਕਮਾਉਣ ਲਈ ਕੂੜੇ ਵਿੱਚੋਂ ਕਚਰਾ ਚੁੱਕਣਾ ਉਨ੍ਹਾਂ ਦੀ ਕਿਸਮਤ ਬਣ ਗਿਆ ਹੈ।

ਬਾਲ ਮਜ਼ਦੂਰੀ ਐਕਟ ਤਹਿਤ ਬੱਚਿਆਂ ਨੂੰ ਕੰਮ ’ਤੇ ਲਗਾਉਣਾ ਕਾਨੂੰਨੀ ਜੁਰਮ ਹੈ ਪਰ ਕੂੜੇ ਦੇ ਢੇਰ ’ਚ ਆਪਣਾ ਭਵਿੱਖ ਲੱਭਣ ਵਾਲੇ ਬੱਚਿਆਂ ਦਾ ਇਸ ਐਕਟ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਇਹ ਉਨ੍ਹਾਂ ਦਾ ਨਿੱਤ ਦਾ ਕੰਮ ਹੈ ਅਤੇ ਇਹੀ ਉਨ੍ਹਾਂ ਦੇ ਗੁਜ਼ਾਰੇ ਦਾ ਸਾਧਨ ਵੀ ਹੈ। ਕੂੜੇ ਦੇ ਢੇਰ ਵਿੱਚੋਂ ਸਮਾਨ ਚੁੱਕ ਕੇ ਇਹ ਬੱਚੇ ਨਾ ਸਿਰਫ਼ ਆਪਣਾ ਪੇਟ ਪਾਲਦੇ ਹਨ ਸਗੋਂ ਘਰ ਦਾ ਗੁਜ਼ਾਰਾ ਚਲਾਉਣ ਵਿੱਚ ਵੀ ਮਦਦ ਕਰਦੇ ਹਨ।

## ਸਭ ਕੁਝ ਸਹੀ ਹੈ ਸਰਕਾਰੀ ਅੰਕੜਿਆਂ ਵਿੱਚ

ਜਿੱਥੋਂ ਤੱਕ ਸਿੱਖਿਆ ਦੇ ਅਧਿਕਾਰ ਕਾਨੂੰਨ ਦਾ ਸਬੰਧ ਹੈ, ਸਰਕਾਰੀ ਅੰਕੜਿਆਂ ਵਿੱਚ ਸਭ ਕੁਝ ਸਹੀ ਹੈ, ਯਾਨੀ ਉਹ ਬੱਚੇ ਜੋ ਸਕੂਲ ਨਹੀਂ ਜਾਂਦੇ ਜਾਂ ਕੂੜਾ ਇਕੱਠਾ ਕਰਨ ਵਿੱਚ ਦਿਨ ਕੱਟਦੇ ਹਨ। ਉਹ ਵੀ ਸਰਕਾਰੀ ਸਕੂਲਾਂ ਵਿੱਚ ਦਾਖਲ ਹਨ। ਉਨ੍ਹਾਂ ਦੇ ਨਾਂ ’ਤੇ ਸਰਕਾਰੀ ਸਹੂਲਤਾਂ ਵੀ ਲਈਆਂ ਜਾਂਦੀਆਂ ਹਨ। ਯਾਨੀ ਕਿ ਸਿੱਖਿਆ ਦਾ ਅਧਿਕਾਰ ਕਾਨੂੰਨ ਸਰਕਾਰੀ ਅੰਕੜਿਆਂ ਵਿੱਚ ਬਿਲਕੁਲ ਸਹੀ ਹੈ ਪਰ ਜ਼ਮੀਨੀ ਪੱਧਰ ’ਤੇ ਸਥਿਤੀ ਵੱਖਰੀ ਹੈ।



## ਸਕੂਲ ਬੈਗ ਦੀ ਬਜਾਏ ਚੁੱਕਿਆ ਕੂੜਾ ਬੈਗ

ਸੂਰਜ ਦੀਆਂ ਪਹਿਲੀਆਂ ਕਿਰਨਾਂ ਨਾਲ ਇਹ ਬੱਚੇ ਕਬਾੜ ਨੂੰ ਇਕੱਠਾ ਕਰਨ ਲਈ ਪਿੱਠ ’ਤੇ ਪਲਾਸਟਿਕ ਦੇ ਥੈਲੇ ਲੈ ਕੇ ਨਿਕਲ ਪੈਂਦੇ ਹਨ। ਇਸ ਸਮੂਹ ਵਿੱਚ ਬਹੁਤ ਸਾਰੇ ਬੱਚੇ ਸ਼ਾਮਲ ਹਨ। ਕੋਈ ਵੀ ਇਨ੍ਹਾਂ ਬੱਚਿਆਂ ਦੀ ਸਿਹਤ ਸੁਰੱਖਿਆ ਦੀ ਗਰੰਟੀ ਦੇਣ ਲਈ ਤਿਆਰ ਨਹੀਂ ਹੈ। ਸਰਕਾਰੀ ਵਿਭਾਗ ਇਨ੍ਹਾਂ ਬੱਚਿਆਂ ਪ੍ਰਤੀ ਪੂਰੀ ਤਰ੍ਹਾਂ ਉਦਾਸੀਨ ਹੈ। ਸਕਰੈਪਯਾਰਡ ਵਿੱਚੋਂ ਚੁਣੇ ਗਏ ਬੱਚੇ ਸਾਮਾਨ ਲੈਣ ਵਾਲੇ ਸਕਰੈਪ ਡੀਲਰਾਂ ਕੋਲ ਚਲੇ ਜਾਂਦੇ ਹਨ। ਸਕਰੈਪ ਡੀਲਰ ਉਨ੍ਹਾਂ ਨੂੰ ਕੁਝ ਪੈਸੇ ਦੇ ਕੇ ਉਨ੍ਹਾਂ ਦਾ ਸਾਮਾਨ ਖਰੀਦਦੇ ਹਨ।

## ਭਵਿੱਖ ਦੀ ਰੂਪਰੇਖਾ ਗਾਇਬ

ਸਰਵ ਸਿੱਖਿਆ ਅਭਿਆਨ ਅਤੇ ਬੇਟੀ ਪੜ੍ਹਾਓ-ਬੇਟੀ ਬਚਾਓ ਮੁਹਿੰਮ ਦੇ ਬਾਵਜੂਦ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਇਸ ਸਮੇਂ ਹਜ਼ਾਰਾਂ ਬੱਚੇ ਕੂੜੇ ਦੇ ਢੇਰਾਂ ਵਿੱਚ ਪਲ ਰਹੇ ਹਨ ਅਤੇ ਭਵਿੱਖ ਦੀ ਰੂਪਰੇਖਾ ਗਾਇਬ ਹੈ। ਕੂੜਾ ਕਰਕਟ ਨਾਲ ਆਪਣੇ ਪਰਿਵਾਰਾਂ ਦਾ ਢਿੱਡ ਭਰਨ ਵਾਲੇ ਬੱਚੇ ਫਲਸਫੇ ਦੇ ਉਪਯੋਗਤਾਵਾਦੀ ਸਿਧਾਂਤ ਦਾ ਪ੍ਰਮਾਣ ਜਾਪਦੇ ਹਨ ਪਰ ਇਸ ਵਰਗ ਪ੍ਰਤੀ ਸਰਕਾਰ ਅਤੇ ਪ੍ਰਸ਼ਾਸਨ ਦੀ ਉਦਾਸੀਨਤਾ ਅਤੇ ਉਦਾਸੀਨਤਾ ਅਗਾਂਹਵਧੂ ਸਮਾਜ ਨੂੰ ਅੰਦਰੋਂ ਖੋਖਲਾ ਕਰ ਰਹੀ ਹੈ।

ਕਿਸੇ ਵੀ ਵਰਗ ਦਾ ਕੋਈ ਪਾਠਕ ਇਹ ਕਲਪਨਾ ਨਹੀਂ ਕਰ ਸਕਦਾ ਕਿ ਭੁੱਖੇ ਰਹਿਣ ਜਾਂ ਜ਼ਹਿਰੀਲੀ ਗੈਸ ਦੇ ਸਾਹ ਲੈਣ ਵਿਚਕਾਰ ਚੋਣ ਕਰਨੀ ਕਿੰਨੀ ਔਖੀ ਰਹੀ ਹੋਵੇਗੀ। ਕੁਝ ਅਨੁਭਵਾਂ ਨੂੰ ਸਿਰਫ਼ ਪੜ੍ਹ ਕੇ, ਸੁਣ ਕੇ ਜਾਂ ਦੇਖ ਕੇ ਅਨੁਭਵ ਨਹੀਂ ਕੀਤਾ ਜਾ ਸਕਦਾ। ਕਹਿੰਦੇ ਹਨ ਕਿ ਸੋਨਾ ਅੱਗ ਵਿੱਚ ਤਪ ਕੇ ਹੀ ਕੁੰਦਨ ਬਣ ਜਾਂਦਾ ਹੈ। ਹੁਣ ਸਾਨੂੰ ਕੁੰਦਨ ਬਾਰੇ ਤਾਂ ਪਤਾ ਨਹੀਂ ਪਰ ਇਸ ਅੱਗ ਵਿੱਚ ਬੱਚਿਆਂ ਦਾ ਭਵਿੱਖ ਜ਼ਰੂਰ ਸੁਆਹ ਹੋ ਰਿਹਾ ਹੈ।

# ਛੋਟੇ ਬੱਚੇ ਨੂੰ ਬਿਸਕੁਟ ਖੁਆਉਣਾ ਹੈ ਹਾਨੀਕਾਰਕ

ਬਿਸਕੁਟ ਬਾਲਗਾਂ ਲਈ ਵਧੀਆ ਸਨੈਕ ਹਨ, ਪਰ ਦੁੱਧ ਵਾਲੇ ਬਿਸਕੁਟ ਛੋਟੇ ਬੱਚਿਆਂ ਨੂੰ ਨਹੀਂ ਦਿੱਤੇ ਜਾਣੇ ਚਾਹੀਦੇ। ਮਾਹਿਰਾਂ ਅਨੁਸਾਰ ਇਸ ਨਾਲ ਬੱਚਿਆਂ ਵਿੱਚ ਕਬਜ਼ ਅਤੇ ਮੋਟਾਪੇ ਦੀ ਸ਼ਿਕਾਇਤ ਵੱਧ ਜਾਂਦੀ ਹੈ।



ਬਿਸਕੁਟ ਇੱਕ ਬਹੁਤ ਹੀ ਪ੍ਰਸਿੱਧ ਸਨੈਕ ਹੈ। ਸਾਡੇ ਵਿੱਚੋਂ ਜ਼ਿਆਦਾਤਰ ਸਵੇਰੇ ਚਾਹ ਦੇ ਨਾਲ ਇੱਕ ਜਾਂ ਦੋ ਬਿਸਕੁਟ ਖਾਣਾ ਪਸੰਦ ਕਰਦੇ ਹਨ। ਉਹ ਕਈ ਤਰ੍ਹਾਂ ਦੇ ਸਵਾਦ, ਆਕਾਰ ਅਤੇ ਬਣਤਰ ਵਿੱਚ ਆਉਂਦੇ ਹਨ। ਬੱਚੇ ਖਾਸ ਕਰਕੇ ਬਿਸਕੁਟ ਪਸੰਦ ਕਰਦੇ ਹਨ। ਜੇਕਰ ਉਹ ਭੁੱਖ ਲੱਗਣ ’ਤੇ ਬਿਸਕੁਟ ਖਾਂਦੇ ਹਨ ਤਾਂ ਉਨ੍ਹਾਂ ਦਾ ਪੇਟ ਬਹੁਤ ਜਲਦੀ ਭਰ ਜਾਂਦਾ ਹੈ। ਜੇਕਰ ਤੁਹਾਡਾ ਬੱਚਾ ਛੋਟਾ ਹੈ ਅਤੇ ਹੁਣੇ ਹੀ ਠੋਸ ਖੁਰਾਕ ਲੈਣੀ ਸ਼ੁਰੂ ਕੀਤੀ ਹੈ, ਤਾਂ ਕੀ ਤੁਸੀਂ ਉਸਨੂੰ ਬਿਸਕੁਟ ਵੀ ਖਿਲਾ ਰਹੇ ਹੋ ?

ਹਾਲਾਂਕਿ ਬਿਸਕੁਟ ਨਰਮ ਹੁੰਦੇ ਹਨ, ਉਹ ਬੱਚੇ ਦੇ ਮੂੰਹ ਵਿੱਚ ਬਹੁਤ ਜਲਦੀ ਘੁਲ ਜਾਂਦੇ ਹਨ। ਇੱਕ ਵਾਰ ਜਦੋਂ ਬੱਚੇ ਨੂੰ ਇਨ੍ਹਾਂ ਦਾ ਸੁਆਦ ਆ ਜਾਂਦਾ ਹੈ, ਤਾਂ ਉਹ ਵਾਰ-ਵਾਰ ਇਨ੍ਹਾਂ ਨੂੰ ਖਾਣ ਦੀ ਜ਼ਿੱਦ ਕਰਦਾ ਹੈ। ਜੇਕਰ ਤੁਸੀਂ ਵੀ ਉਨ੍ਹਾਂ ਲੋਕਾਂ ’ਚੋਂ ਹੋ ਜੋ ਤੁਹਾਡੇ ਛੋਟੇ ਬੱਚੇ ਨੂੰ ਬਿਸਕੁਟ ਖਿਲਾਉਂਦੇ ਹਨ ਤਾਂ ਉਸ ਦੀ ਸਿਹਤ ਖਰਾਬ ਹੋ ਸਕਦੀ ਹੈ। ਇੰਸਟਾਗ੍ਰਾਮ ’ਤੇ ਬਾਲ ਰੋਗ ਮਾਹਿਰ ਡਾਕਟਰ ਅਰਪਿਤ ਗੁਪਤਾ ਨੇ ਮਾਪਿਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਛੋਟੇ ਬੱਚਿਆਂ ਨੂੰ ਦੁੱਧ ਦੇ ਬਿਸਕੁਟ ਨਾ ਖੁਆਉਣ।

ਬਿਸਕੁਟ ਜ਼ਰੂਰ ਸੁਆਦੀ ਲੱਗਦੇ ਹਨ। ਪਰ ਇਹ ਸਿਰਫ ਬਾਲਗਾਂ ਲਈ ਵਧੀਆ ਹਨ. ਖਾਸ ਤੌਰ ’ਤੇ ਜਿਹੜੇ ਬੱਚੇ ਛੋਟੇ ਬੱਚਿਆਂ ਨੂੰ ਦੁੱਧ ’ਚ ਬਿਸਕੁਟ ਮਿਲਾ ਕੇ ਖੁਆਉਂਦੇਹਨ, ਇਸ ਨਾਲ ਉਨ੍ਹਾਂ ਨੂੰ ਬਾਅਦ ’ਚ ਪਰੇਸ਼ਾਨੀ ਹੋ ਸਕਦੀ ਹੈ। ਮਾਹਿਰਾਂ ਅਨੁਸਾਰ ਜੇਕਰ ਬਿਸਕੁਟ ਆਟੇ, ਚੀਨੀ ਜਾਂ ਮਿਲਾਵਟ ਨਾਲ ਬਣੇ ਹੋਣ ਤਾਂ ਬੱਚਿਆਂ ਨੂੰ ਦੇਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

- ਮੈਦਾ ਇੱਕ ਸ਼ੁੱਧ ਆਟਾ ਹੈ, ਜਿਸ ਨੂੰ ਬਣਾਉਣ ਦੀ ਪ੍ਰਕਿਰਿਆ ਵਿੱਚ ਸਾਰੇ ਪੋਸ਼ਣ ਅਤੇ ਫਾਈਬਰ ਨੂੰ ਹਟਾ ਦਿੱਤਾ ਜਾਂਦਾ ਹੈ। ਜਿਸ ਤੋਂ ਬਾਅਦ ਇਹ ਸਿਰਫ਼ ਇੱਕ ਸਵਾਦ ਪਰ ਗੈਰ-ਸਿਹਤਮੰਦ ਸਨੈਕ ਬਣ ਜਾਂਦਾ ਹੈ। ਜੇਕਰ ਇਹ ਛੋਟੇ ਬੱਚੇ ਨੂੰ ਨਿਯਮਿਤ ਤੌਰ ’ਤੇ ਖੁਆਈ ਜਾਵੇ ਤਾਂ ਉਹ ਕਬਜ਼ ਤੋਂ ਪੀੜਤ ਹੋ ਸਕਦਾ ਹੈ।



ਬਿਸਕੁਟ ਵਰਗੇ ਪ੍ਰੋਸੈਸਡ ਫੂਡ ਵਿੱਚ ਬਹੁਤ ਜ਼ਿਆਦਾ ਖੰਡ ਹੁੰਦੀ ਹੈ। ਅਜਿਹੇ ’ਚ ਬੱਚਿਆਂ ਨੂੰ ਬਿਸਕੁਟ ਦੇਣ ਨਾਲ ਦੰਦਾਂ ਦੇ ਸੜਨ ਅਤੇ ਮੋਟਾਪੇ ਦੀ ਸਮੱਸਿਆ ਵਧ ਜਾਂਦੀ ਹੈ। ਇਸ ਤੋਂ ਇਲਾਵਾ ਉਸਨੂੰ ਚੀਨੀ ਖਾਣ ਦੀ ਆਦਤ ਵੀ ਪੈ ਸਕਦੀ ਹੈ।

ਬਹੁਤ ਸਾਰੀਆਂ ਬੇਕਿੰਗ ਕੰਪਨੀਆਂ ਭੋਜਨ ਦੀ ਗੁਣਵੱਤਾ ਨੂੰ ਵਧਾਉਣ ਲਈ ਐਡਿਟਿਵ ਦੀ ਵਰਤੋਂ ਕਰਦੀਆਂ ਹਨ। ਬਿਸਕੁਟ ਬਣਾਉਣ ਵੇਲੇ ਕਈ ਤਰ੍ਹਾਂ ਦੇ ਐਡਿਟਿਵ ਵੀ ਵਰਤੇ ਜਾਂਦੇ ਹਨ। ਜਿਸ ਤੋਂ ਬਾਅਦ ਉਨ੍ਹਾਂ ਦਾ ਸਵਾਦ ਤਾਂ ਵਧ ਜਾਂਦਾ ਹੈ ਪਰ ਹੁਣ ਇਹ ਬੱਚਿਆਂ ਲਈ ਖਾਣ ਲਈ ਜ਼ਿਆਦਾ ਸਿਹਤਮੰਦ ਨਹੀਂ ਰਹਿੰਦੇ।

ਕਹਾਣੀ

# ਸ਼ੇਰਨੀਆਂ

ਕੁਲਵੰਤ ਸਿੰਘ ਵਿਰਕ



ਹੋਰ ਬੱਚੇ ਤੇ ਸੌਂ ਗਏ ਸਨ ਪਰ ਸਭ ਤੋਂ ਛੋਟਾ ਅਜੇ ਜਾਗਦਾ ਸੀ, ਦਿਨੇ ਚੋਖਾ ਚਿਰ ਸੁੱਤਾ ਰਿਹਾ ਹੋਣ ਕਰਕੇ। ਮੇਰੀ ਵਹੁਟੀ ਉਸ ਦੇ ਨਾਲ ਲੰਮੀ ਪੈ ਕੇ ਉਸ ਨੂੰ ਸੁਆਣ ਦਾ ਚਾਰਾ ਕਰ ਰਹੀ ਸੀ। ਸਾਡੀ ਸਲਾਹ ਸੀ ਕਿ ਸੌਣ ਤੋਂ ਪਹਿਲਾਂ ਕੁਝ ਚਿਰ ਸੈਰ ਕਰ ਆਵੀਏ। ਪਰ ਕਾਕੇ ਦੇ ਸੌਣ ਤੀਕ ਕਿਸ ਤਰ੍ਹਾਂ ਜਾ ਸਕਦੇ ਸਾਂ? ਨਾਲ ਵੀ ਉਸ ਨੂੰ ਚੁਕਣਾ ਔਖਾ ਸੀ। ਇਸ ਲਈ ਮੈਂ ਪਹਿਲਾਂ ਇਕੱਲੇ ਹੀ ਜਾਣ ਦਾ ਫ਼ੈਸਲਾ ਕੀਤਾ। ਮੇਰੀ ਵਹੁਟੀ ਮਗਰੋਂ ਆ ਕੇ ਮੇਰੇ ਨਾਲ ਰਲ ਸਕਦੀ ਸੀ।

"ਚੰਗਾ, ਮੈਂ ਚਲਣਾ ਵਾਂ" ਮੈਂ ਮੰਜੀ ਤੋਂ ਉਠਦੇ ਹੋਏ ਕਿਹਾ, "ਜਦੋਂ ਸੌਂ ਗਿਆ ਤੂੰ ਵਡੀ ਪਾਰਕ ਵਿੱਚ ਆ ਜਾਵੀਂ, ਮੈਂ ਉਥੇ ਹੀ ਹੋਵਾਂਗਾ।"

"ਬੱਸ ਮੈਂ ਹੁਣੇ ਇਸ ਨੂੰ ਸੁਆ ਕੇ ਆ ਜਾਨੀ ਆਂ। ਗੱਲਾਂ ਕਰਦਿਆਂ ਕੋਲ ਨਹੀਂ ਸੌਂਦਾ। ਜ਼ਰਾ ਕੁ ਆਪ ਝੂਠੀ ਮੂਠੀ ਦੀਆਂ ਅੱਖਾਂ ਮੀਟੀਏ ਤਾਂ ਝਟ ਸੌਂ ਜਾਂਦਾ ਏ।" ਮੇਰੀ ਵਹੁਟੀ ਨੇ ਮੈਨੂੰ ਤੇ ਆਪਣੇ ਆਪ ਨੂੰ ਤਸੱਲੀ ਦਿਤੀ। ਮੈਂ ਇਕੱਲਾ ਬਾਹਰ ਟੁਰ ਪਿਆ।

ਮਾਡਲ ਟਾਊਨ ਦੀ ਇਸ ਸੜਕ ਦੇ ਦੋਹੀਂ ਪਾਸੀਂ ਮਕਾਨਾਂ ਵਿੱਚ ਬੱਤੀਆਂ ਅਜੇ ਜਗ ਰਹੀਆਂ ਸਨ। ਲੋਕੀਂ ਸੁੱਤੇ 'ਤੇ ਨਹੀਂ ਸਨ ਪਰ ਸੌਣ ਵਾਲੇ ਹੀ ਜਾਪਦੇ ਸਨ। ਮੋੜ ਦੇ ਘਰ ਵਿੱਚ ਪਤਲੇ ਪਰਦਿਆਂ ਪਿੱਛੇ ਕੋਈ ਕਪੜੇ ਬਦਲਦਾ ਇਸ ਤਰ੍ਹਾਂ ਲਗਦਾ ਸੀ ਜਿਵੇਂ ਪਰਛਾਵਿਆਂ ਦਾ ਨਾਟਕ ਹੋ ਰਿਹਾ ਹੋਵੇ। ਉਸ ਦੇ ਨਾਲ ਦੇ ਘਰ ਵਿਚ ਵੀ ਇਕ ਜੋੜਾ ਆਪਣੇ ਕਮਰੇ ਦੀਆਂ ਮਧਮ ਨੀਲੀਆਂ ਬੱਤੀਆਂ ਹੇਠ ਸੌਣ ਦੀਆਂ ਤਿਆਰੀਆਂ ਕਰ ਰਿਹਾ ਸੀ। ਮੈਨੂੰ ਕੁਝ ਸੁਆਦ ਜਿਹਾ ਆ ਰਿਹਾ ਸੀ ਜਿਹੜਾ ਇਸ ਖ਼ਿਆਲ ਤੇ ਆਉਂਦਾ ਹੈ ਕਿ ਲੋਕੀਂ ਅੰਦਰੀਂ ਵੜੇ ਸੌਣ ਦੀਆਂ ਤਿਆਰੀਆਂ ਕਰ ਰਹੇ ਹਨ ਤੇ ਤੁਸੀਂ ਬਾਹਰ ਫਿਰ ਰਹੇ ਹੋ। ਤੁਸੀਂ ਲੋਕਾਂ ਨੂੰ ਵੇਖ ਰਹੇ ਹੋ ਪਰ ਉਨ੍ਹਾਂ ਨੂੰ ਪਤਾ ਨਹੀਂ ਕਿ ਤੁਸੀਂ ਉਨ੍ਹਾਂ ਨੂੰ ਵੇਖ ਰਹੇ ਹੋ।

ਪਾਰਕ ਬਹੁਤ ਵੱਡੀ ਸੀ। ਹੇਠਾਂ ਸਾਫ਼ ਪੱਧਰੀ ਜ਼ਮੀਨ 'ਤੇ ਘਾਹ ਉਗਾਇਆ ਹੋਇਆ ਸੀ ਤੇ ਦੁਆਲੇ ਤਾਰ ਲਗੀ ਹੋਈ ਸੀ। ਲੰਘਣ ਆਉਣ ਲਈ ਵਿੱਚ ਵਿੱਚ ਕਿਤੇ ਖੱਪੇ ਛਡੇ ਹੋਏ ਸਨ। ਇਕ ਪਾਸੇ ਸੜਕ ਲੰਘਦੀ ਸੀ ਜਿਸ 'ਤੇ ਜਗ ਰਹੀਆਂ ਬੱਤੀਆਂ ਪਾਰਕ ਵਿੱਚ ਚਾਨਣ ਸੁਟਦੀਆਂ ਸਨ। ਇਸ ਤਰ੍ਹਾਂ ਪਾਰਕ ਵਿਚ ਏਨਾ ਕੁ ਚਾਨਣ ਸੀ ਜਿੰਨਾ ਅੱਠਾਂ ਕੁ ਦਿਨਾਂ ਦੇ ਚੰਨ ਦਾ ਹੁੰਦਾ ਏ। ਪਰ ਇਹ ਚਾਨਣ ਇਕਸਾਰ ਨਹੀਂ ਸੀ। ਸੜਕ ਦੇ ਕੰਢੇ ਉਤਲੇ ਦਰਖ਼ਤਾਂ ਦੇ ਲੰਮੇ ਲੰਮੇ ਪਰਛਾਵੇਂ ਪਾਰਕ ਵਿੱਚ ਡਿਗਦੇ ਸਨ ਤੇ ਕਈ ਥਾਵਾਂ ਤੇ ਅਨ੍ਹੇਰਾ ਕਰ ਰਹੇ ਸਨ। ਰਾਤ ਚਾਨਣੀ ਨਹੀਂ ਸੀ। ਅਨ੍ਹੇਰੀ ਰਾਤ ਨੇ, ਜਿਹੜੀ ਤਾਰਿਆਂ ਦੀ ਮਤਰੇਈ ਮਾਂ ਦਸੀ ਜਾਂਦੀ ਹੈ, ਸਾਰੇ ਤਾਰਿਆਂ ਨੂੰ ਬਾਹਰ ਕਢਿਆ ਹੋਇਆ ਸੀ, ਭਾਵੇਂ ਕਿਸੇ ਨੂੰ ਨਜ਼ਰ ਹੀ ਲਗ ਜਾਵੇ।

ਕਵਾਰਿਆਂ ਦਾ ਰਾਹ ਪਾਰਕ ਦੇ ਲੰਮੇ ਪਾਸੇ ਦੇ ਉਤੋਂ ਦੀ ਲੰਘਦਾ ਸੀ।

ਪਾਰਕ ਦੁਆਲੇ ਦੀ ਤਾਰ ਵਿਚਲੇ ਰਾਹਾਂ ਦਾ ਮੈਨੂੰ ਪਤਾ ਸੀ ਪਰ ਏਸੇ ਵੇਲੇ ਰਾਹੇ ਰਾਹ ਲੰਘਣ ਦੀ ਥਾਂ ਮੇਰਾ ਤਾਰ ਟੱਪ ਕੇ ਹੀ ਜਾਣ ਨੂੰ ਜੀ ਕੀਤਾ। ਅਨ੍ਹੇਰਾ ਤੇ ਕੁਵੇਲਾ ਹੋਣ ਕਰ ਕੇ ਮਨ ਪੁੱਠੇ ਕੰਮਾਂ ਵਲ ਜਾਂਦਾ ਸੀ।

ਤਾਰ ਲੰਘ ਕੇ ਇਕ ਸਿਰਿਓਂ ਮੈਂ ਦੂਜੇ ਸਿਰੇ ਨੂੰ ਟੁਰ ਪਿਆ। ਪਾਰਕ ਵਿੱਚ ਇਸ ਵੇਲੇ ਮੇਰੇ ਬਿਨਾਂ ਹੋਰ ਕੋਈ ਨਹੀਂ ਸੀ।

ਦੂਜੇ ਸਿਰੇ ਅਪੜ ਕੇ ਜਦ ਮੈਂ ਪਿਛਾਂਹ ਨੂੰ ਮੁੜਿਆਂ ਤਾਂ ਅਗਲੇ ਸਿਰੇ ਕੋਲ ਇੱਕ ਦਰਖ਼ਤ ਦੇ ਪ੍ਰਛਾਵੇਂ ਹੇਠ ਕੁਝ ਹੋਰ ਆਦਮੀ ਆ ਖਲੋਤੇ ਜਾਪਦੇ ਸਨ। ਕੁਝ ਨੇੜੇ ਆ ਕੇ ਮੈਨੂੰ ਦਿਸਿਆ ਕਿ ਉਹ ਦੋ ਸਨ ਤੇ ਉਨ੍ਹਾਂ ਕੋਲ ਸਾਈਕਲ ਵੀ ਸਨ। ਮੈਂ ਆਪਣੀ ਸੇਧੇ ਟੁਰੀ ਗਿਆ ਤੇ ਇਸ ਤਰ੍ਹਾਂ ਉਨ੍ਹਾਂ ਦੇ ਹੋਰ ਨੇੜੇ ਹੁੰਦਾ ਗਿਆ।

ਹੈਂ! ਇਹ ਤੇ ਕੁੜੀਆਂ ਸਨ, ਦੁਪੱਟੇ ਹੇਠਾਂ ਲਮਕ ਰਹੇ ਸਨ।

ਇਹ ਇਸ ਵੇਲੇ ਸਾਈਕਲ ਲੈ ਕੇ ਖੜੀਆਂ ਏਥੇ ਕੀ ਕਰ ਰਹੀਆਂ ਨੇ?

ਕਿਧਰੇ ਜਾਣਾ ਹੋਣੈਂ।

ਪਰ ਇਸ ਵੇਲੇ ਜਦੋਂ ਮਾਡਲ ਟਾਊਨ ਦੇ ਸ਼ੁਕੀਨ ਤੇ ਬਹੁਤੀ ਦੇਰ ਤਕ ਜਾਗਣ ਵਾਲੇ ਲੋਕ ਵੀ ਸੌਣ ਨੂੰ ਫਿਰਦੇ ਨੇ, ਇਨ੍ਹਾਂ ਕਿਥੇ ਜਾਣੈਂ?

ਕੋਈ ਖ਼ਰਾਬ ਥਾਂ ਈ ਹੋਣੀ ਏ। ਏਥੇ ਕਿਸੇ ਦੀ ਉਡੀਕ ਕਰ ਰਹੀਆਂ ਹੋਣਗੀਆਂ ਤੇ ਫਿਰ ਉਸ ਦੇ ਨਾਲ ਕਿਧਰੇ ਜਾਣਗੀਆਂ।

ਆਪਣਾ ਸਾਈਕਲ ਲੈ ਕੇ ਮੈਂ ਚੋਰੀ ਚੋਰੀ ਇਨ੍ਹਾਂ ਕੁੜੀਆਂ ਦੇ ਪਿਛੇ ਨਾ ਲਗ ਜਾਵਾਂ? ਹੇਠਲੀ ਦੁਨੀਆਂ ਦੀ ਕੋਈ ਝਾਕੀ ਵੇਖਣ ਨੂੰ ਮਿਲੇਗੀ।

ਪਰ ਫਿਰ ਮੈਂ ਸੋਚਿਆ – ਐਵੇਂ ਲੱਤਾਂ ਮਾਰਨ ਦਾ ਕੀ ਫ਼ਾਇਦਾ? ਇਹ ਜਾ ਕੇ ਕਿਸੇ ਦੇ ਘਰ ਜਾਂ ਹੋਟਲ ਵਿੱਚ ਵੜ ਜਾਣਗੀਆਂ ਤੇ ਮੈਂ ਬਾਹਰ ਖਲੋਤਾ ਰਹਿ ਜਾਵਾਂਗਾ। ਉਹ ਘਰ ਕਿਸੇ ਦਾ ਵੀ ਹੋ ਸਕਦਾ ਏ, ਮੈਂ ਕੀ ਕਰ ਸਕਦਾ ਹਾਂ?ਹੁਣ ਫਿਰ ਮੈਂ ਪਾਰਕ ਦੇ ਦੂਜੇ ਪਾਸੇ ਜਾ ਰਿਹਾ ਸਾਂ, ਕੁੜੀਆਂ ਤੋਂ ਦੂਰ ਵਾਲੇ ਪਾਸੇ। ਥੋੜ੍ਹੀ ਜਿਹੀ ਧੌਣ ਭਵਾ ਕੇ ਮੈਂ ਪਿਛਾਂਹ ਵੇਖਿਆ। ਕੁੜੀਆਂ ਉਥੇ ਹੀ ਖਲੋਤੀਆਂ ਸਨ। ਕੁਝ ਪੈਰ ਅਗੇ ਜਾ ਕੇ ਮੈਂ ਫਿਰ ਵੇਖਿਆ, ਕੁੜੀਆਂ ਅਜੇ ਵੀ ਉਥੇ ਖੜੀਆਂ ਸਨ। ਜਦੋਂ ਮੈਂ ਸਿਰੇ ਤੇ ਅਪੜ ਕੇ ਪਿਛਾਂਹ ਮੁੜਿਆ ਤਾਂ ਵੀ ਕੁੜੀਆਂ ਉਥੇ ਹੀ ਖੜੋਤੀਆਂ ਸਨ। ਵੇਖਣ ਨੂੰ ਤੇ ਅਸੀਂ ਦੋਵੇਂ ਧਿਰਾਂ ਆਪੋ ਆਪਣੇ ਕੰਮ ਲਗੀਆਂ ਹੋਈਆਂ ਸਾਂ, ਮੈਂ ਸੈਰ ਵਿੱਚ ਤੇ ਉਹ ਉਡੀਕ ਵਿੱਚ! ਪਰ ਮੇਰੀ ਸੈਰ ਦਾ ਭਾਵ ਉਨ੍ਹਾਂ ਦੀ ਉਡੀਕ ਦਾ ਅੰਤ ਵੇਖਣਾ ਤੇ ਉਹ ਸ਼ਾਇਦ ਸੈਰ ਦਾ ਅੰਤ ਉਡੀਕ ਰਹੀਆਂ ਸਨ। ਅਜੀਬ ਨਾਟਕ ਹੋ ਰਿਹਾ ਸੀ।

ਹੁਣ ਮੈਂ ਦੂਜੀ ਵਾਰ ਉਨ੍ਹਾਂ ਵਲ ਨੂੰ ਟੁਰਿਆ ਆ ਰਿਹਾ ਸਾਂ। ਕੁਝ ਨੇੜੇ ਆ ਕੇ ਮੈਨੂੰ ਲਗਾ ਕਿ ਉਹ ਗੱਲਾਂ ਕਰ ਰਹੀਆਂ ਨੇ। ਜਦੋਂ ਮੈਂ ਹੋਰ ਨੇੜੇ ਆਇਆ ਤਾਂ ਉਹ ਗੱਲਾਂ ਕਰਨੋਂ ਵੀ ਹਟ ਗਈਆਂ।

ਇਨ੍ਹਾਂ ਮੇਰੇ ਪੱਲੇ ਕੁਝ ਨਹੀਂ ਪਾਣਾ, ਭਾਵੇਂ ਮੈਂ ਕਿੰਨਾ ਚਿਰ ਏਥੇ ਫਿਰਦਾ ਰਵ੍ਹਾਂ। ਇਹ ਸੋਚ ਕੇ ਮੈਂ ਪਾਰਕ ਵਿਚੋਂ ਨਿਕਲ ਕੇ ਘਰ ਨੂੰ ਟੁਰ ਪਿਆ।

ਥੋੜ੍ਹੀ ਦੂਰ ਜਾ ਕੇ ਜਦ ਪੱਕੀ ਸੜਕ ਦਾ ਮੋੜ ਮੁੜਿਆ ਤਾਂ ਅਗੋਂ ਮੇਰੀ ਵਹੁਟੀ ਆ ਰਹੀ ਸੀ।

"ਕਾਕੇ ਨੇ ਬੜਾ ਚਿਰ ਲਾ ਦਿਤਾ ਸੌਂਦਿਆਂ। ਏਸ ਲਈ ਮੈਨੂੰ ਦੇਰ ਲਗੀ ਏ। ਆਓ ਇਕ ਚੱਕਰ ਹੋਰ ਲਾ ਆਈਏ ਪਾਰਕ ਦਾ" ਉਸ ਮੰਗ ਕੀਤੀ।

ਅਸੀਂ ਫਿਰ ਪਿਛਾਂਹ ਟੁਰ ਪਏ।

ਜਦੋਂ ਅਸੀਂ ਉਹ ਮੁੜੇ ਤਾਂ ਪਾਰਕ ਵਿੱਚ ਦੋ ਸਾਈਕਲਾਂ ਪਰ੍ਹਾਂ ਨੂੰ ਜਾ ਰਹੀਆਂ ਸਨ।

"ਉਡੀਕ ਉਡੀਕ ਕੇ ਉਹ ਕੁੜੀਆਂ ਆਪੇ ਹੀ ਟੁਰ ਚਲੀਆਂ ਨੇ" ਮੈਂ ਸੋਚਿਆ।

ਅਜੇ ਅਸੀਂ ਬਾਹਰ ਸੜਕ ਤੇ ਹੀ ਸਾਂ ਕਿ ਉਹ ਸਾਈਕਲ ਪਿਛਾਂਹ ਨੂੰ ਘੁੰਮ ਪਏ। ਪਾਰਕ ਦੇ ਇਸ ਸਿਰੇ ਦੇ ਨੇੜੇ ਆ ਕੇ ਉਹ ਦੋਵੇਂ ਸਾਈਕਲ ਫਿਰ ਵਾਪਸ ਹੋ ਗਏ। ਇਹ ਕੁੜੀਆਂ ਤੇ ਖ਼ਬਰੇ ਸਾਈਕਲ ਦੀ ਜਾਚ ਸਿਖ ਰਹੀਆਂ ਸਨ।

ਮੇਰੀ ਵਹੁਟੀ ਵੀ ਮੇਰੇ ਵਾਂਗ ਸਾਈਕਲਾਂ ਵਲ ਹੀ ਵੇਖ ਰਹੀ ਸੀ। ਕਹਿਣ ਲੱਗੀ, "ਪਤਾ ਨਹੀਂ ਇਹ ਕਿਹੜੀਆਂ ਨੇ, ਸਾਈਕਲ ਸਿਖਦੀਆਂ।" ਮਾਡਲ ਟਾਊਨ ਦੀਆਂ ਢੇਰ ਕੁੜੀਆਂ ਨੂੰ ਉਹ ਜਾਣਦੀ ਸੀ।

ਜਦੋਂ ਅਸੀਂ ਪਾਰਕ ਵਿਚ ਵੜੇ ਤਾਂ ਕੁੜੀਆਂ ਸਾਈਕਲਾਂ ਤੋਂ ਉਤਰ ਗਈਆਂ ਤੇ ਪਹਿਲਾਂ ਵਾਂਗ ਉਸੇ ਦਰਖ਼ਤ ਦੀ ਛਾਵੇਂ ਖਲੋ ਗਈਆਂ, ਮੇਰੀ ਵਹੁਟੀ ਉਨ੍ਹਾਂ ਕੁੜੀਆਂ ਨੂੰ ਪਛਾਨਣਾ ਚਾਹੁੰਦੀ ਸੀ। ਅਸੀਂ ਟਹਿਲਦੇ ਟਹਿਲਦੇ ਉਨ੍ਹਾਂ ਦੇ ਨੇੜੇ ਹੁੰਦੇ ਗਏ। ਜ਼ਨਾਨੀ ਨਾਲ ਹੋਣ ਕਰਕੇ ਮੈਨੂੰ ਉਨ੍ਹਾਂ ਦੇ ਨੇੜੇ ਜਾਂਦਿਆਂ ਕੋਈ ਡਰ ਨਹੀਂ ਸੀ।

"ਨੀ ਉਤਰ ਕਿਉਂ ਗਈਆਂ ਓ? ਅਸੀਂ ਤੁਹਾਨੂੰ ਨਜ਼ਰ ਤੇ ਨਹੀਂ ਲਾ ਦੇਂਦੇ।" ਉਸ ਨੇ ਉਨ੍ਹਾਂ ਨੂੰ ਪਛਾਣ ਕੇ ਕਿਹਾ। "ਇਹ ਤੇ ਸਰੋਜ ਤੇ ਵੀਨਾ ਨੇ" ਉਸ ਉਨ੍ਹਾਂ ਵਲ ਹੱਥ ਕਰ ਕੇ ਮੈਨੂੰ ਦਸਿਆ ਤੇ ਫਿਰ ਉਨ੍ਹਾਂ ਨੂੰ ਕਿਹਾ: "ਚਲਾਓ, ਚਲਾਓ, ਜ਼ਰਾ ਅਸੀਂ ਵੀ ਵੇਖੀਏ।"

"ਥੱਕ ਗਈਆਂ ਵਾਂ, ਜ਼ਰਾ ਸਾਹ ਲੈ ਕੇ ਚਲਾਵਾਂਗੀਆਂ" ਜਿਹੜੀ ਉਨ੍ਹਾਂ ਵਿਚੋਂ ਸਰੋਜ ਸੀ, ਉਸ ਨੇ ਬਹਾਨਾ ਬਣਾਇਆ। ਇਹ ਆਪਣੇ ਆਪ ਨੂੰ ਮੇਰੀ ਵਹੁਟੀ ਦੇ ਬਹੁਤਾ ਨੇੜੇ ਸਮਝਦੀ ਸੀ।"ਕਦੋਂ ਕੁ ਦੀਆਂ ਚਲਾਂਦੀਆਂ ਪਈਆਂ ਓ" ਮੇਰੀ ਵਹੁਟੀ ਨੇ ਉਨ੍ਹਾਂ ਦੇ ਥੱਕ ਜਾਣ ਤੋਂ ਪੁਛਿਆ।

"ਨਹੀਂ ਭੈਣ ਜੀ, ਅਜੇ ਤੇ ਅਸਾਂ ਦੋ ਤਿੰਨ ਚੱਕਰ ਹੀ ਲਾਏ ਨੇ, ਉਂਜ ਸਾਨੂੰ ਸੰਗ ਆਉਂਦੀ ਏਂ" ਵੀਨਾ ਨੇ ਕਿਹਾ। ਸ਼ਾਇਦ ਉਸ ਨੇ ਬੁਝ ਲਿਆ ਸੀ ਕਿ ਮੈਂ ਉਥੋਂ ਹੀ ਫਿਰਦਾ ਗਿਆ ਸਾਂ। ਤੇ ਇਸ ਲਈ ਠੀਕ ਠੀਕ ਦਸ ਦਿਤਾ।

"ਸੰਗ ਕਰ ਕੇ ਈ ਏਸ ਵੇਲੇ ਆਉਂਦੀਆਂ ਓ?"

"ਹੋਰ ਕੀ ਕਰੀਏ? ਪਾਰਕ ਵਿਹਲੀ ਈ ਇਸ ਵੇਲੇ ਹੁੰਦੀ ਏ" ਤਿਖੇ ਜਵਾਬ ਦੇਣ ਲਈ ਗੱਲ ਫਿਰ ਸਰੋਜ ਨੇ ਫੜ ਲਈ ਸੀ।

"ਤੇ ਏਨਾ ਤੁਹਾਨੂੰ ਕੀ ਚਾਅ ਚੜ੍ਹਿਆ ਏ ਸਾਈਕਲਾਂ ਦਾ ਅੱਧੀ ਰਾਤੀਂ ਲੁਕ ਲੁਕ ਕੇ ਸਿਖਦੀਆਂ ਫਿਰਦੀਆਂ ਓ?"

"ਨਹੀਂ ਚਾਅ ਕਾਹਦਾ ਏ, ਬਸ ਲੋੜ ਏ।"

"ਲੋੜ ਕੀ? ਹੁਣ ਸਾਈਕਲਾਂ ਤੇ ਪੜ੍ਹਾਣ ਜਾਇਆ ਕਰੋਗੀਆਂ?"

"ਹਾਂ! ਵੇਖੋ ਨਾ ਭੈਣ ਜੀ" ਵੀਨਾ ਫਿਰ ਸਮਝਾਉਣ ਲੱਗੀ, "ਪਹਿਲਾਂ ਘਰੋਂ ਟੁਰ ਕੇ ਅੱਡੇ ਤੇ ਜਾਉ। ਫਿਰ ਬਸ ਤੋਂ ਉਤਰ ਕੇ ਟੁਰ ਕੇ ਪਿੰਡ ਅਪੜੋ। ਸੜਕ ਤੋਂ ਮੀਲ ਮੀਲ ਦੂਰ ਪਿੰਡ ਨੇ, ਜਿਥੇ ਅਸੀਂ ਪੜ੍ਹਾਨੀਆਂ ਵਾਂ। ਇਹਦਾ ਤੇ ਕੋਈ ਦੋ ਪੈਰ ਘੱਟ ਹੋਵੇਗਾ ਪਰ ਮੇਰਾ ਪੂਰਾ ਮੀਲ ਏ। ਸਾਰਾ ਪੈਂਡਾ ਉਜਾੜ ਬੀਆਬਾਨ! ਦਸੋ ਭੈਣ ਜੀ, ਭਲਾ ਸਾਡਾ ਓਥੇ ਕੌਣ ਏ? ਸੱਚੀਂ ਐਨਾ ਡਰ ਆਉਂਦਾ ਏ! ਪਤਾ ਨਹੀਂ, ਪਿੰਡ ਅਪੜ ਕਿਵੇਂ ਜਾਨੀਆਂ ਵਾਂ?"

"ਹਾਂ, ਡਰ ਤੇ ਬਹੁਤ ਹੀ ਆਉਂਦਾ ਹੋਣਾ ਏ!" ਮੇਰੀ ਵਹੁਟੀ ਨੇ ਬਗਾਨੇ ਪਿੰਡ ਦੀਆਂ ਜੂਹਾਂ ਵਿੱਚ ਜਵਾਨ ਕੁੜੀਆਂ ਇਕੱਲੀਆਂ ਫਿਰਦੀਆਂ ਦਾ ਨਕਸ਼ਾ ਅੱਖਾਂ ਅਗੇ ਲਿਆ ਕੇ ਕਿਹਾ। "ਭੈਣ ਜੀ, ਡੰਡੀ ਦੇ ਨਾਲ ਕਦੀ ਕਪਾਹ, ਕਦੀ ਮਕੱਈ, ਕਦੀ ਕਮਾਦ ਤੇ ਕਦੀ ਬਾਜਰਾ। ਜਿੰਨਾ ਚਿਰ ਪੈਲੀ ਮੁਕ ਨਾ ਜਾਏ, ਉਤਲਾ ਸਾਹ ਉਤਾਂਹ ਤੇ ਹੇਠਲਾ ਹੇਠਾਂ ਈ ਰਹਿੰਦਾ ਏ। ਹੁਣ ਕਈ ਹੋਰ ਕੁੜੀਆਂ ਨੇ ਸਾਈਕਲ ਲਏ ਨੇ। ਆਂਹਦੀਆਂ ਨੇ ਸਾਈਕਲ ਤੇ ਡਰ ਘਟ ਆਉਂਦਾਏ, ਨਾਲੇ ਟੁਰਨ ਤੋਂ ਬਚ ਜਾਈਦਾ ਹੇ। ਬੱਸ ਸਾਈਕਲ ਚਲਾਂਦੇ ਚਲਾਂਦੇ ਝਟ ਬੰਦੇ ਦੇ ਕੋਲੋਂ ਲੰਘ ਜਾਓ।"

"ਪਈ ਬੜਾ ਔਖਾ ਕੰਮ ਏ, ਸਾਈਕਲ ਨਾਲ ਵੀ। ਤੁਸੀਂ ਤੇ ਸ਼ੇਰਨੀਆਂ ਓ। ਖ਼ੌਰੇ ਕਿੱਡਾ ਕੁ ਦਿਲ ਏ ਤੁਹਾਡਾ! ਲਿਆ ਖਾਂ ਭਲਾ ਵੇਖਾਂ" ਤੇ ਦਿਲ ਵੇਖਣ ਦੇ ਬਹਾਨੇ ਮੇਰੀ ਵਹੁਟੀ ਨੇ ਸਰੋਜ ਨੂੰ ਉਸ ਦੀ ਬਹਾਦਰੀ ਦੀ ਸ਼ਲਾਘਾ ਵਿਚ ਆਪਣੀ ਜੱਫੀ ਵਿਚ ਘੁਟ ਲਿਆ। ਸ਼ਲਾਘਾ ਦੇ ਨਾਲ ਇਹ ਵਿਦਾਇਗੀ ਵੀ ਸੀ।

ਅਸੀਂ ਸਾਰੇ ਉਠ ਖਲੋਤੇ।

ਜਦੋਂ ਉਨ੍ਹਾਂ ਤੋਂ ਵਖ ਹੋ ਕੇ ਅਸੀਂ ਬਾਹਰ ਸੜਕ ਤੇ ਆਏ ਤਾਂ ਮੇਰੀ ਵਹੁਟੀ ਨੇ ਕਿਹਾ, "ਇਹ ਦੋਵੇਂ ਮਾਸਟਰਨੀਆਂ ਨੇ। ਇਥੇ ਸ਼ਹਿਰ ਵਿਚ ਕਿਸੇ ਸਕੂਲੇ ਜਗ੍ਹਾ ਨਹੀਂ ਮਿਲੀ। ਪਿੰਡ ਵਿਚ ਨੌਕਰੀਆਂ ਮਿਲ ਜਾਂਦੀਆਂ ਨੇ। ਹੁਣ ਉਥੇ ਪੜ੍ਹਾਣ ਜਾਂਦੀਆਂ ਨੇ। ਬੜੀਆਂ ਬਹਾਦਰ ਨੇ ਇਹ ਕੁੜੀਆਂ। ਮੈਨੂੰ ਤੇ ਸ਼ਹਿਰੋਂ ਬਾਹਰ ਪੱਕੀ ਸੜਕ ਤੇ ਵੀ ਡਰ ਲਗੇ।" ਉਸ ਨੇ ਫਿਰ ਸ਼ਲਾਘਾ ਕੀਤੀ।

ਉਸ ਦੀ ਇਸ ਸ਼ਲਾਘਾ ਸਾਹਮਣੇ ਮੇਰੀ ਸ਼ਰਮਿੰਦਗੀ ਹੋਰ ਵਧ ਗਈ। ਆਪਣੇ ਆਪ ਨੂੰ ਹੌਲਾ ਕਰਨ ਲਈ ਮੈਂ ਕਿਹਾ:

"ਅੱਗੇ ਜਦੋਂ ਮੈਂ ਆਇਆ ਤਾਂ ਇਹ ਇਸੇ ਤਰ੍ਹਾਂ ਦਰਖ਼ਤ ਹੇਠ ਲੁਕ ਕੇ ਖਲੋਤੀਆਂ ਸਨ। ਮੈਂ ਤੇ ਕੁਝ ਹੋਰ ਹੀ ਸਮਝਿਆ। ਚੰਗਾ ਹੋਇਆ ਅਸੀਂ ਫਿਰ ਆ ਗਏ, ਨਹੀਂ ਤੇ ਮੈਂ ਤੇ ਅਨ੍ਹੇਰੇ ਵਿਚ ਖਲੋਤੀਆਂ ਸਾਈਕਲਾਂ ਨੂੰ ਕਿਸੇ ਮਜ਼ੇਦਾਰ ਸ਼ਰਾਰਤ ਦਾ ਮੁੱਢ ਹੀ ਸਮਝਿਆ ਸੀ।" "ਕੰਮ ਕਰਨ ਵਾਲੀਆਂ ਕੁੜੀਆਂ ਤੇ ਬੜੀਆਂ ਤੁਹਮਤਾਂ ਲਗਦੀਆਂ ਨੇ" ਮੇਰੀ ਵਹੁਟੀ ਨੇ ਕੁਝ ਖਿਝ ਕੇ ਕਿਹਾ। ਹਰ ਇਕ ਨੂੰ ਭੁਲੇਖਾ ਪੈ ਜਾਂਦਾ ਏ, ਮੈਂ ਤੁਹਾਨੂੰ ਇਕ ਬੜੀ ਸੁਆਦਲੀ ਗੱਲ ਦਸਨੀ ਆਂ:

"ਇਕ ਵਾਰੀ ਮੈਂ ਤੇ ਮੇਰੀ ਭੈਣ ਫ਼ੀਰੋਜ਼ਪੁਰ ਆਪਣੀ ਕੋਠੀ ਅਗੇ ਸਵੇਰੇ ਘੁਸ ਮੁਸੇ ਜਿਹੇ ਫਿਰ ਰਹੀਆਂ ਸਾਂ। ਸਾਹਮਣਿਉਂ ਕਾਹਲੀ ਕਾਹਲੀ ਟੁਰਦੀ ਇਕ ਕੁੜੀ ਆਈ। ਕਦੀ ਉਹ ਦੋ ਕੁ ਪੈਰ ਭੱਜ ਵੀ ਲੈਂਦੀ ਤੇ ਫਿਰ ਕਾਹਲੀ ਕਾਹਲੀ ਟੁਰਨ ਲਗ ਜਾਂਦੀ।

ਜਦੋਂ ਸਾਨੂੰ ਨੇੜੇ ਆਈ ਦਾ ਉਹਦਾ ਮੂੰਹ ਦਿਸਿਆ ਤਾਂ ਘਬਰਾਈ ਹੋਈ ਵੀ ਡਾਹਢੀ ਜਾਪੀ। ਅਸੀਂ ਬੜੀਆਂ ਹੈਰਾਨ ਹੋਈਆਂ। ਸੈਰ ਕਰਨ ਵਾਲੀਆਂ ਤੇ ਇਸ ਤਰ੍ਹਾਂ ਨਹੀਂ ਭਜਦੀਆਂ। ਨਾ ਹੀ ਓਧਰ ਸਟੇਸ਼ਨ ਜਾਂ ਮੋਟਰਾਂ ਦਾ ਕੋਈ ਅੱਡਾ ਸੀ। ਅਸਾਂ ਸਮਝਿਆ ਕਿ ਇਹਨੂੰ ਰਾਤ ਕਿਧਰੇ ਸੁਤਿਆਂ ਸੁਤਿਆਂ ਦੇਰ ਹੋ ਗਈ ਏ ਤੇ ਹੁਣ ਭਜੀ ਜਾ ਰਹੀ ਹੈ ਕਿ ਘਰਦਿਆਂ ਦੇ ਜਾਗਣ ਤੋਂ ਪਹਿਲਾਂ ਪਹਿਲਾਂ ਘਰ ਜਾ ਵੜਾਂ।

"ਭਲਾ ਕਿਥੇ ਜਾਂਦੀ ਏ?" ਇਹ ਜਾਨਣ ਲਈ ਅਸੀਂ ਵੀ ਉਹਦੇ ਪਿਛੇ ਟੁਰ ਪਈਆਂ।

ਉਹ ਅਗੇ ਅਗੇ ਤੇ ਅਸੀਂ ਮਗਰ ਮਗਰ।

ਉਹ ਟੈਲੀਫ਼ੋਨ ਐਕਸਚੇਂਜ ਨੂੰ ਮੁੜ ਪਈ। ਅਸੀਂ ਸਮਝ ਲਿਆ ਕਿ ਉਹ ਟੈਲੀਫ਼ੋਨ ਓਪਰੇਟਰ ਸੀ ਤੇ ਉਸ ਨੂੰ ਕੇਵਲ ਡੀਊਟੀ ਤੋਂ ਦੇਰ ਹੋ ਗਈ ਸੀ। ਅਸੀਂ ਸੜਕ ਤੇ ਖੜੀਆਂ ਉਸ ਵਲ ਵੇਖਦੀਆਂ ਰਹੀਆਂ। ਅੰਦਰ ਜਾ ਕੇ ਉਹ ਆਪਣੀ ਕੁਰਸੀ ਉਤੇ ਬੈਠ ਗਈ ਤੇ ਅਸੀਂ ਸ਼ਰਮਿੰਦੀਆਂ ਹੁੰਦੀਆਂ ਪਿਛਾਂਹ ਮੁੜ ਆਈਆਂ।

ਕਹਾਣੀ

# ਬੋਝ

ਸੁਖਜੀਤ ਕੌਰ ਚੀਮਾ

'ਇੱਕ ਢਿੱਡੋਂ ਜੰਮਿਆਂ ਦੀ ਤਕਦੀਰ ਵੀ ਡਾਢਾ ਅੱਡੋ ਅੱਡ ਲਿਖ ਦਿੰਦੈ' ਸੁਹਰਿਆਂ ਵੱਲੋਂ ਸਤਾਈ ਆਪਣੀ ਧੀ ਕਿਸਮਤ ਨੂੰ ਝੁਰਦੀ ਵੇਖ ਚਰਨੋਂ ਦੇ ਮਨ ਚ ਖਿਆਲ ਆਇਆ! ਪਰ ਕਿਸੇ ਪ੍ਰਹੁਣੇ ਦੇ ਆਗਮਨ ਦੀ ਨਿਸ਼ਾਨੀ ਬਾਹਰਲੇ ਬੂਹੇ ਦੇ ਖੜਾਕ ਨੇ ਉਸਨੂੰ ਮਨ ਦੇ ਖਿਆਲਾਂ ਵਿੱਚੋਂ ਧੂਹ ਕੇ ਬਾਹਰ ਖਿੱਚ ਲਿਆ! ਆਪੇ ਧੱਕ ਕੇ ਬੂਹਾ ਖੋਲਦੀ ਉਸਦੀ ਭਾਣਜੀ ਬਰਕਤ ਕੌਰ ਨੇ ਹੱਸੂ ਹੱਸੂ ਕਰਦਿਆਂ ਮਾਸੀ ਨੂੰ ਜੱਫੀ ਪਾ ਲਈ! ਪੁੱਤਾਂ ਵਰਗੇ ਜੁਆਈ ਨੇ ਵੀ ਦੁੱਖ਼ ਸੁੱਖ ਦਾ ਵਟਾਂਦਰਾ ਕਰਦਿਆਂ ਵਿਹੜੇ ਚ ਪਈ ਲੱਕੜ ਦੀ ਕੁਰਸੀ ਤੇ ਬੈਠਣ ਚ ਕੋਈ ਸ਼ਰਮ ਨਾ ਕੀਤੀ ! ਬਰਕਤ ਦੇ ਮੁੱਖ ਤੇ ਹਾਸੇ ਤੇ ਸਰੀਰ ਤੇ ਝੂਲ ਝੂਲ ਜਾਂਦੇ ਗਹਿਣਿਆਂ ਨੂੰ ਵੇਖ ਜਿਵੇਂ ਚਰਨ ਕੌਰ ਦਾ ਸੇਰ ਪਾ ਲ਼ਹੂ ਵੱਧ ਗਿਆ ਤੇ ਉਹ ਆਪਣੀ ਧੀ ਕਿਸਮਤ ਦੀ ਕਿਸਮਤ ਵੱਲੋਂ ਦਿੱਤੇ ਧੋਖੇ ਨੂੰ ਜਿਵੇਂ ਕੁਝ ਪਲਾਂ ਲਈ ਚੇਤੇ ਚੋਂ ਵਿਸਾਰ ਬੈਠੀ !

ਸਾਰਾ ਦਿਨ ਆਏ ਗਏ ਦੀ ਖਾਤਿਰਦਾਰੀ ਕਰਦਿਆਂ ਲੰਘ ਗਿਆ ਤੇ ਗੋਹੇ ਕੂੜੇ ਨੂੰ ਤਿਰਕਾਲਾਂ ਪੈ ਗਈਆਂ! ਆਪਣੀ ਭਾਣਜੀ ਬਰਕਤ ਨਾਲ ਸਾਰਾ ਦੁਪਹਿਰ ਖਿੜੀ ਰਹਿਣ ਤੋਂ ਬਾਅਦ ਉਹ ਦੁਪਹਿਰ ਲੰਘੀ ਤੋਂ ਮੁਰਝਾਈ ਦੁਪਹਿਰ-ਖਿੜੀ ਵਾਂਗ ਮੁਰਝਾ ਗਈ ਤੇ ਗੋਹੇ ਦਾ ਟੋਕਰਾ ਚਕਾਉਣ ਕਿਸੇ ਦੇ ਆਉਣ ਜਾਣ ਵਾਲ਼ੇ ਦਾ ਰਾਹ ਤੱਕਣ ਲੱਗੀ !

ਕਦੇ ਕਦੇ ਉਸ ਦਾ ਮਨ ਕਰਦਾ ਕਿ ਉਹ ਆਪਣੀ ਧੀ ਕਿਸਮਤ ਦੇ ਮਾੜੇ ਲੇਖਾਂ ਦਾ ਰੋਣਾਂ ਆਪਣੀ ਕਿਸੇ ਮਨ ਦੀ ਹਾਨਣ ਕੋਲ ਰੱਜ ਕੇ ਰੋਵੇ ਪਰ ਘਰ ਦੇ ਕੰਮ ਤੋਂ ਵਿਹਲੇ ਕਿੱਥੇ, ਬਾਕੀ ਹੁਣ ਖੇਤਾਂ ਚ ਕੰਮ ਦਾ ਸੀਜ਼ਨ ਹੋਣ ਕਰਕੇ ਪਸ਼ੂਆਂ ਦਾ ਕੰਮ ਵੀ ਜ਼ਨਾਨੀਆਂ ਦੇ ਗੱਲ ਹੀ ਪੈ ਗਿਆ !ਉਂਝ ਭਾਵੇਂ ਕਿਸਮਤ ਵੀ ਮਨ ਤੋਂ ਚੌਖੀ ਦੁਖੀ ਰਹਿਦੀ ਪਰ ਹਸਪਤਾਲ ਵਿੱਚ ਨੌਕਰੀ ਕਰਦੀ ਹੋਣ ਕਰਕੇ ਉਹ ਬਹੁਤ ਰੁੱਝੇ ਰਹਿਣ ਦਾ ਦਿਖਾਵਾ ਕਰਦੀ ਜਾਂ ਕਿਸੇ ਨਾਲ ਦੀ ਕੰਮ ਕਰਦੀ ਕੁੜੀ ਨਾਲ਼ ਦੁੱਖ ਸੁੱਖ ਸਾਂਝਾ ਵੀ ਕਰ ਲੈਂਦੀ , ਪਰ ਮਾਂਵਾਂ ਧੀਆਂ ਇੱਕ ਦੂਜੇ ਨੂੰ ਦੁਖੀ ਕਰਨ ਦੇ ਡਰੋਂ ਕਦੇ ਇਸ ਮੁੱਦੇ ਤੇ ਜਿਆਦਾ ਗੱਲ ਹੀ ਨਾ ਕਰਦੀਆਂ !!

ਸ਼ਾਮ ਨੂੰ ਚਰਨੋਂ ਨੇ ਨਿੱਤ ਦੇ ਕੰਮਾਂ ਵੱਲ ਹੁੰਦਿਆਂ ਗੋਹੇ ਦੇ ਟੋਕਰੇ ਨੂੰ ਖੁਰਲੀ ਦਾ ਸਹਾਰਾ ਲੈ ਹੀ ਸਿਰ ਤੇ ਧਰ ਪਿੰਡ ਦੀ ਫਿਰਨੀ ਨੂੰ ਪੈਰਾਂ ਨਾਲ ਨਾਪਣਾ ਸ਼ੁਰੂ ਕਰ ਦਿੱਤਾ! ਚਰਨੋਂ ਦੇ ਫਿਰਨੀ ਮੁੜਦਿਆਂ ਹੀ ਦੂਜੇ ਪਾਸਿਓਂ ਕਿਸਮਤ ਦਾ ਘਰ ਵੜਨ ਹੋਇਆ! ਘਰ ਵੜਦੀ ਕਿਸਮਤ ਨੇ ਨਿਆਣੇ ਬਾਲਾਂ ਵਾਂਗੂੰ ਮਾਂ ਨੂੰ ਹਾਕਾਂ ਮਾਰੀਆਂ ਤਾਂ ਅਚਾਨਕ ਹੀ ਆਣ ਪਹੁੰਚੀ ਅਮਰੋ ਨੇ ਪੈੜ ਪਾਈ 'ਲੈ ਕੁੜੇ ਭਾਈ ਦਾਣੇ ਪਾ ਦੋ ਤੇ ਚੂੰਗੜੇ ਲੈ ਲੋ, ਦੁੱਖ ਸੁੱਖ ਤਾਂ ਕਰਮਾਂ ਦੇ ਨੇ ਪਰ ਤਿਉਹਾਰ ਤਾਂ ਮਨਾਉਣੇ ਹੀ ਹੋਏ , ਫਿਰ ਵੀ ਦਿਵਾਲੀ ਆ ਸੁਖ ਨਾਲ ਵਰੇ ਦਿਨਾਂ ਦਾ ਦਿਨ '

'ਅੰਦਰ ਹੀ ਆਜਾ ਤਾਈ, ਮਾਂ ਸ਼ਾਇਦ ਗੋਹੇ ਦਾ ਟੋਕਰਾ ਸੁੱਟਣ ਗਈ ਆ ਹੁਣੇ ਆਉਂਦੀ ਹੋਈ' ਕਿਸਮਤ ਦੀ ਇਹ ਗੱਲ ਸੁਣਦਿਆਂ ਅਮਰੋ ਚੂੰਗੜਿਆ ਦਾ ਭਰਿਆਂ ਟੋਕਰਾ ਮੰਜੇ ਤੇ ਧਰ ਚਰਨੋਂ ਦੀ ਰਾਹ ਤੱਕਣ ਲੱਗੀ ! ਕੁਝ ਘੜੀਆਂ ਦੀ ਉਡੀਕ ਮਗਰੋਂ ਅਗਲੇ ਘਰਾਂ ਚ ਜਾਣ ਦੀ ਕਾਹਲ ਜਤਾਉਂਦਿਆਂ ਉਸ ਨੇ ਕਿਸਮਤ ਨੂੰ ਚਰਨੋਂ ਨੂੰ ਸੱਦਣ ਲਈ ਫਿਰਨੀ ਤੱਕ ਜਾਣ ਦਾ ਸੁਝਾਅ ਦਿੱਤਾ! ਫਿਰਨੀ ਤੇ ਪਹੁੰਚੀ ਕਿਸਮਤ ਨੇ ਦੇਖਿਆ ਕਿ ਚਰਨੋਂ ਸਿਰ ਤੇ ਗੋਹੇ ਦਾ ਭਰਿਆ ਟੋਕਰਾ ਉਵੇਂ ਹੀ ਰੱਖੀ ਆਪਣੀ ਪੇਕਿਆਂ ਤੋਂ ਇੱਥੇ ਵਿਆਹੀ ਸਹੇਲੀ ਜਿੰਦਰ ਨਾਲ ਗਹਿਰੀਆਂ ਗੱਲਾਂ ਵਿੱਚ ਰੁੱਝੀ ਹੋਈ ਸੀ ! ਮਾਂ ਨੂੰ ਆਪਣੀ ਸਹੇਲੀ ਨਾਲ ਇੰਝ ਦੁੱਖ਼ ਸੁੱਖ ਸਾਂਝਾ ਕਰਦਿਆਂ ਦੇਖ ਉਸ ਵੱਲੋਂ ਮਾਰੀ ਹਾਕ ਜਿਵੇਂ ਮੂੰਹ ਵਿੱਚ ਹੀ ਰਹਿ ਗਈ ਤੇ ਕਿਸਮਤ ਦੇ ਮਨ ਵਿਚ ਫੁਰਨਾ ਆਇਆ 'ਕਿ ਕਈ ਵਾਰ ਮਨ ਦੇ ਬੋਝ ਸਿਰ ਦੇ ਬੋਝ ਨਾਲੋ ਕਿਤੇ ਜ਼ਿਆਦਾ ਭਾਰੇ ਹੋ ਜਾਂਦੇ ਨੇ , ਜਦੋਂ ਮਨ ਦਾ ਬੋਝ ਹਲ਼ਕਾ ਹੋ ਰਿਹਾ ਹੋਵੇ ਤਾਂ ਸਿਰ ਤੇ ਰੱਖਿਆ ਵਜ਼ਨ ਵੀ ਭੁੱਲ ਜਾਂਦੈ' ਉੱਥੇ ਖੜੀ ਕਿਸਮਤ ਭਰੀਆਂ ਅੱਖਾਂ ਨਾਲ ਮਾਂ ਦਾ ਮਨ ਖਾਲੀ ਹੁੰਦਾ ਟਿੱਕ ਟਿਕੀ ਲਗਾ ਕੇ ਦੇਖਦੀ ਰਹੀ!!

# ਮੇਰੀ ਕਲਮ



## ਪੰਜਾਬ ਦੇ ਦਰਿਆ
ਪ੍ਰੋਫੈਸਰ ਪੂਰਨ ਸਿੰਘ

ਰਾਵੀ ਸੁਹਣੀ ਪਈ ਵਗਦੀ ।
ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਈ ਖਿੱਚਦੀ,
ਮੈਨੂੰ ਝਨਾਂ 'ਵਾਜ਼ਾਂ ਮਾਰਦੀ,
ਮੈਨੂੰ ਜੇਹਲਮ ਪਿਆਰਦਾ,
ਅਟਕ ਦੀ ਲਹਿਰਾਂ ਦੀ ਠਾਠ ਮੇਰੇ ਬੂਹੇ 'ਤੇ ਵੱਜਦੀ ।
ਖਾੜ ਖਾੜ ਚਲਣ ਵਿੱਚ ਮੇਰੇ ਸੁਫ਼ਨਿਆਂ,
ਪੰਜਾਬ ਦੇ ਦਰਿਆ,
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ, ਠੰਢੇ 'ਤੇ ਠਾਰਦੇ, ਪਿਆਰਦੇ ।

## ਨਸ਼ਿਆਂ ਤੋਂ ਬਚ ਕੇ ਰਹੀਏ
ਸੁਰਜੀਤ ਸਿੰਘ

ਨਸ਼ੇ ਨਸ਼ੇ ਦੀ ਗੱਲ ਹੈ ।
ਨਸ਼ਾ ਅੱਜ ਤੇ ਨਾਸ਼ ਕੱਲ੍ਹ ਹੈ ।
ਕੁਝ ਨਸ਼ੇ ਦੇ ਵੱਡੇ ਵਪਾਰੀ ।
ਜੋ ਸਾਰੇ ਜੱਗ ਤੇ ਭਾਰੀ ।
ਜਦ ਵੀ ਗੱਲ ਨਸ਼ੇ ਦੀ ਕਰੀਏ ।
ਸੱਭ ਤੋਂ ਪਹਿਲਾਂ ਉਨ੍ਹਾਂ ਤੋਂ ਡਰੀਏ ।
ਜੋ ਇਹ ਨਸ਼ਾ ਬੇਚਦੇ ਨੇ ।
ਉਹ ਹੀ ਗੱਦਾਰ ਦੇਸ਼ ਦੇ ਨੇ ।
ਫਿਰ ਡਰੀਏ ਉਨ੍ਹਾਂ ਲੋਕਾਂ ਤੋਂ ।
ਬੱਚ ਕੇ ਰਹੀਏ ਜੋਕਾਂ ਤੋਂ ।
ਜੋ ਖਰੀਦ ਨਸ਼ੇ ਕਰਦੇ ਨੇ ।
ਨਿੱਤ ਤਿਲ ਤਿਲ ਕਰਕੇ ਮਰਦੇ ਨੇ ।
ਉਹ ਵੀ ਗੱਦਾਰ ਕਹਾਉਂਦੇ ਆ ।
ਜੋ ਕਲੰਕ ਦੇਸ਼ ਨੂੰ ਲਾਉਂਦੇ ਆ ।
ਹੱਥੀਂ ਕੰਮ ਨਾ ਕੋਈ ਕਮਾਉਂਦੇ।
ਕਤਲ ਚੋਰੀਆਂ ਡਾਕੇ ਲਾਉਂਦੇ।
ਲੋਕਾਂ ਤੋਂ ਪੈਸੇ ਲੁੱਟ ਲੁੱਟ ਖਾਵਣ ।
ਅਮਨ ਚੈਨ ਮਾਰ ਮੁਕਾਵਣ ।
ਫਿਰ ਡਰੀਏ ਯਾਰਾਂ ਦੋਸਤਾਂ ਤੋਂ ।
ਭੰਗੀ ਅਫ਼ੀਮੀ ਪੋਸਟਾਂ ਤੋਂ ।
ਜੋ ਨਸ਼ੇ ਕਰਨੇ ਸਿਖਾਉਂਦੇਆ ।
ਪਾ ਜਾਲ਼ ਬੰਦੇ ਫਸਾਉਂਦੇਆ ।
ਇਹ ਬੀਜਣ ਬੀਜ ਨਸ਼ਿਆਂ ਦੇ ।
ਹੁੰਦੇ ਦੁਸ਼ਮਣ ਘਰ ਵਸਿਆਂ ਦੇ ।
ਫਿਰ ਭੋਰਾ ਇਸ ਮਨ ਤੋਂ ਡਰੀਏ ।
ਇਸ ਨੂੰ ਆਪਣੇ ਵੱਸ ਵਿੱਚ ਕਰੀਏ ।
ਮੰਦਾ ਵਾਕ ਮੂੰਹੋਂ ਨਾ ਕਹੀਏ ।
ਨਸ਼ਿਆਂ ਤੋਂ ਸਦਾ ਬੱਚ ਕੇ ਰਹੀਏ ।

## ਯਕੀਨ ਰੱਖ
ਹਰਪ੍ਰੀਤ ਕੌਰ ਸੰਧੂ

ਮੇਰਾ ਬੋਲਣਾ
ਚਹਿਕਣਾ ਲਗਦਾ ਸੀ ਕਦੇ
ਮੈਂ ਅਕਸਰ ਪੁੱਛਦੀ
ਮੈਂ ਜ਼ਿਆਦਾ ਬੋਲਦੀ ਹਾਂ ?
ਨਹੀਂ ! ਮੈਨੂੰ ਤਾਂ
ਬਹੁਤ ਚੰਗਾ ਲਗਦਾ ਹੈ।
ਤੇਰਾ ਜਵਾਬ ਹੁੰਦਾ

ਚਹਿਕਣ ਨੂੰ ਤੂੰ ਫਿਰ
ਚਿੜਚਿੜੇਪਣ ਵਿੱਚ
ਬਦਲ ਦਿੱਤਾ ਅਚਨਚੇਤ
ਮੇਰਾ ਬੋਲਣਾ ਨਹੀਂ
ਤੂੰ ਬਦਲ ਗਿਆ ਸੀ।

ਯਕੀਨ ਰੱਖ
ਹੁਣ
ਮੇਰੀ ਚੁੱਪ ਦੀ ਗਹਿਰਾਈ
ਤੇਰੀ
ਰੂਹ ਦੀਆਂ ਚੀਕਾਂ
ਬਣ ਕੇ ਨਿਕਲੇਗੀ।

## ਪੈਰ ਜਦੋਂ ਦੇ ਚੰਨ 'ਤੇ ਪਹੁੰਚੇ ਨੇ ਇਨਸਾਨਾਂ ਦੇ
ਆਗ਼ਾ ਨਿਸਾਰ

ਪੈਰ ਜਦੋਂ ਦੇ ਚੰਨ 'ਤੇ ਪਹੁੰਚੇ ਨੇ ਇਨਸਾਨਾਂ ਦੇ ।
ਉੱਥੇ ਵਧ ਗਏ ਨੇ ਅੰਦੇਸ਼ੇ ਨਿੱਤ ਤੂਫ਼ਾਨਾਂ ਦੇ।
ਮੈਂ ਕੀ ਜਾਣਾ ਕੌਣ ਗਿਆ ਤੇ ਕੌਣ ਆਇਆ ਏ ਘਰ,
ਮੈਂ ਤੇ ਤਾਰੇ ਗਿਣਦਾ ਰਹਿਣਾ ਬਸ ਅਸਮਾਨਾਂ ਦੇ।
ਨਿਤ ਨਵੇਂ ਬਹੁਤਾਨ ਨੂੰ ਜਰਨਾ ਕਿਸਮਤ ਉਨ੍ਹਾਂ ਦੀ,
ਜਿਨ੍ਹਾਂ ਭਰੋਸੇ ਕਰ ਲਏ ਭੁੱਲ ਕੇ ਵੀ ਅਣਜਾਨਾਂ ਦੇ।
ਨਫ਼ਸਾ-ਨਫ਼ਸੀ ਦੁਨੀਆ ਉੱਤੇ ਐਨੀ ਵਧ ਗਈ ਏ,
ਵੇਖ ਰਿਹਾ ਹਾਂ ਥਾਂ ਥਾਂ ਸੌਦੇ ਮੈਂ ਈਮਾਨਾਂ ਦੇ।
ਆਪਣੇ ਜਜ਼ਬੇ ਜੋ ਨਹੀਂ ਰੱਖਦੇ ਗਿਰਵੀ ਗ਼ਰਜ਼ਾਂ ਕੋਲ,
ਭਾਰ ਕਦੇ ਨਹੀਂ ਚੁਕਦੇ ਯਾਰੋ ਉਹ ਅਹਿਸਾਨਾਂ ਦੇ।
ਆ ਜਾਂਦਾ ਏ ਵੇਲਾ ਜਦ ਵੀ ਆਪਣੀ ਆਈ ਤੇ,
ਰੇਜ਼ਾ-ਰੇਜ਼ਾ ਕਰਦਾ ਪਲ ਵਿਚ ਮਾਨ ਚਟਾਨਾਂ ਦੇ।
ਫੜੀਆਂ ਹੋਵਣ ਜੇ ਕਰ 'ਆਗ਼ਾ' ਕੰਬਦੇ ਹੱਥਾਂ ਵਿੱਚ,
ਤੀਰ ਨਿਸ਼ਾਨੇ 'ਤੇ ਨਹੀਂ ਲੱਗਦੇ ਫੇਰ ਕਮਾਨਾਂ ਦੇ।

## ਨੂਰ
ਅੰਮ੍ਰਿਤਾ ਪ੍ਰੀਤਮ

ਡੰਗਾਂ ਦਾ ਸੀ ਭਰਿਆ ਛੱਤਾ
ਇਕ ਦਿਹਾੜੇ ਕੱਤਕ ਆਇਆ
ਆਣ ਮਾਖਿਓਂ ਚੋਇਆ ।

ਚੰਨੋਂ ਚਿੱਟੇ ਅੰਗ ਜ਼ਿਮੀ ਦੇ
ਸਭਣਾਂ, ਕਿਰਣਾਂ ਸੂਰਜ ਵਿਚੋਂ
ਰੰਗ ਕਿਰਮਚੀ ਢੋਇਆ ।

ਸਭਣਾਂ ਰੋਗਾਂ ਕਾਮਣ ਪਾਇਆ
ਪੈਰਾਂ ਦੇ ਵਿੱਚ ਝੁੰਮਰ ਬੱਧਾ
ਵਣ ਤ੍ਰਿਣ ਆ ਕੇ ਮੋਹਿਆ ।

ਵੇਲ ਰੁੱਖ ਦੇ ਗਲ ਨੂੰ ਲੱਗੀ
ਫੁੱਲਾਂ ਵਿਚੋਂ ਉੱਠ ਸੁਗੰਧੀ
ਹੱਥ ਪੌਣ ਦਾ ਛੋਹਿਆ ।

ਦੋਵੇਂ ਲੋਕ ਮੇਰੇ ਰੁਸ਼ਨਾਏ
ਦੋ ਅੱਖਾਂ ਨੂੰ ਲੱਭਾ ਆ ਕੇ
ਨੂਰ ਗੁਆਚਾ ਹੋਇਆ ।

## ਉਡੀਕ
ਕਰਮਜੀਤ ਕੌਰ ਕਿਸ਼ਾਂਵਲ

ਮੇਰੇ ਬਿਰਹੜੇ ਨੂੰ
ਕੇਹੀ ਸਿਉਂਕ ਲੱਗੀ ਗ਼ਮਾਂ ਦੀ
ਹੰਝੂਆਂ ਦਾ ਜ਼ਹਿਰ ਪੀ ਕੇ ਵੀ
ਜੋ ਹੋਰ ਦੂਣੀ ਹੋ ਗਈ

ਤੇਰੀਆਂ ਉਡੀਕਾਂ ਦੀ
ਇਹ ਰੁੱਤ ਕੇਹੀ ਚੰਦਰੀ
ਇਹ ਦਿਨ ਦੂਣੇ ਹੋ ਗਏ
ਇਹ ਰਾਤ ਚੌਣੀ ਹੋ ਗਈ

ਸਾਡੀ ਪ੍ਰੀਤ ਦੀ ਇਹ ਚਰਖੜੀ
ਡਾਹ ਸਾਥੋਂ ਹੋਈ ਨਾ
ਤੰਦ ਹਰ ਵਸਲ ਦੀ
ਅੱਧਵਾਟੇ ਖੋਹ ਗਈ

ਮਿਲਨ ਦੀ ਤਾਂਘ ਅਵੱਲੀ
ਮੇਰੇ ਵਿਹੜੇ ਦੀ ਪੌਣ ਅੰਦਰ
ਮਹਿਕ ਤੇਰੇ ਸਾਹਾਂ ਦੀ
ਹੋਰ ਗੂੜ੍ਹੀ ਹੋ ਗਈ

ਕਿਹੜੇ ਆਸਰੇ ਮੈਂ ਲੱਭਾਂ
ਡਾਚੀ ਮੇਰੇ ਪੁੰਨੜੇ ਦੀ
ਹਵਾ ਕੋਈ ਕਾਲਖਾਧੀ
ਪੈੜਾਂ ਦੇ ਨਿਸ਼ਾਨ ਧੋ ਗਈ

ਹਿੱਸੇ ਜੋ ਆਇਆ ਗ਼ਮ
ਮੈਂ ਬਾਹਾਂ 'ਚ ਲੈ ਲਿਆ
ਖ਼ੁਸ਼ੀ ਤਾਂ ਆਉਂਦੇ-ਆਉਂਦੇ ਰਾਹਾਂ 'ਚ ਖੋ ਗਈ !

## ਦਰਦ ਸੁਣਾਵਣ ਅੱਖੀਆਂ
ਡਾ: ਸਤਿੰਦਰਜੀਤ ਕੌਰ

ਮਾਏ ਨੀ
ਮਾਏ ਨੀ ! ਦਰਦ ਸੁਣਾਵਣ ਅੱਖੀਆਂ।
ਮਾਏ ਨੀ ! ਵਰ੍ਹਦਾ ਸਾਵਣ ਅੱਖੀਆਂ।

ਉਹਦੇ ਪਿਆਰ ਨੂੰ ਯਾਦ ਕਰਦਿਆਂ,
ਛਮ ਛਮ ਨੀਰ ਵਹਾਵਣ ਅੱਖੀਆਂ
ਮਾਏ ਨੀ ! ਨੀਂਦ ਚੁਰਾਵਣ ਅੱਖੀਆਂ।

ਜਿਸ ਪਲ ਉਹ ਨਜ਼ਰੀਂ ਨਾ ਆਵੇ,
ਹੰਝੂਆਂ ਵਿੱਚ ਢਲ ਜਾਵਣ ਅੱਖੀਆਂ
ਮਾਏ ਨੀ ! ਪੀੜ ਸੁਣਾਵਣ ਅੱਖੀਆਂ।

ਰੁੱਸ ਕੇ ਉਹ ਤਾਂ ਦੂਰ ਤੁਰ ਗਿਆ ,
ਰਾਤਾਂ ਕਿੰਜ ਲੰਘਾਵਣ ਅੱਖੀਆਂ।
ਮਾਏ ਨੀ ! ਦਰਦ ਸੁਣਾਵਣ ਅੱਖੀਆਂ।

ਬਿਨ ਬੋਲੇ ਹੀ ਸਭ ਕੁਝ ਆਖਣ,
ਬਿਨ ਸ਼ਬਦਾਂ ਤੋਂ ਗਾਵਣ ਅੱਖੀਆਂ
ਮਾਏ ! ਨਾ ਦਰਦ ਭੁਲਾਵਣਅੱਖੀਆਂ।

ਨਿੱਕੀ ਉਮਰੇ ਦਰਦ ਪਰਾਗਾ
ਬੁੱਟਰ ਝੋਲੀ ਪਾਵਣ ਅੱਖੀਆਂ
ਮਾਏ ! ਸੁਣੀਂ ! ਸੁਣਾਵਣ ਅੱਖੀਆਂ।

## ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲ੍ਹਿਆਰ
ਸੁਰਜੀਤ ਪਾਤਰ

ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲ੍ਹਿਆਰ
ਮੈਲੇ ਮਨ ਵਾਲੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ
ਚੰਨ ਏਕਮ ਦਾ, ਫੁੱਲ ਗੁਲਾਬ ਦਾ, ਸਾਜ਼ ਦੇ ਕੰਬਦੇ ਤਾਰ
ਕਿੰਨੇ ਖ਼ੰਜਰ ਅੱਖਾਂ ਸਾਂਹਵੇਂ ਲਿਸ਼ਕਣ ਵਾਰੋ ਵਾਰ
ਦਿਲ ਨੂੰ ਬੋਝਲ ਜਿਹੀਆਂ ਲੱਗਣ ਤੇਰੀਆਂ ਕੋਮਲ ਯਾਦਾਂ
ਪੱਥਰਾਂ ਕੋਲੋਂ ਚੁੱਕ ਨਾ ਹੁੰਦਾ ਹੁਣ ਫੁੱਲਾਂ ਦਾ ਭਾਰ

ਲੱਖਾਂ ਗੀਤਾਂ ਦੇ ਲਈ ਖੁੱਲ੍ਹੇ ਮੁਕਤੀ ਦਾ ਦਰਵਾਜ਼ਾ
ਦਿਲ ਵਿੱਚ ਕੋਈ ਐਸੀ ਖੁੱਭੇ ਚਾਨਣ ਦੀ ਤਲਵਾਰ
ਪੱਥਰ ਹੇਠਾਂ ਅੰਕੁਰ ਤੜਪੇ, ਹਰ ਅੰਕੁਰ ਵਿੱਚ ਫੁੱਲ
ਪੱਥਰ ਵਿੱਚ ਤਰੇੜਾਂ ਪਾ ਗਈ ਹਿੰਸਕ ਰੁੱਤ ਬਹਾਰ

ਮਿੱਟੀ ਉੱਤੇ, ਫੁੱਲ ਦੇ ਉੱਤੇ, ਤੇ ਸ਼ਾਇਰ ਦੇ ਦਿਲ 'ਤੇ
ਇਕ ਮੋਈ ਤਿਤਲੀ ਦਾ ਹੁੰਦਾ ਵੱਖੋ ਵੱਖਰਾ ਭਾਰ
ਚੜ੍ਹਦਾ ਚੰਦ, ਸਮੁੰਦਰ, ਵਜਦਾ ਸਾਜ਼ ਤੇ ਤੇਰੀ ਯਾਦ
ਮੈਂ ਵੀ ਸ਼ਾਮਲ ਹੋ ਜਾਵਾਂ ਤਾਂ ਚੀਜ਼ਾਂ ਹੋਵਣ ਚਾਰ
ਲੇਟੇ ਲੇਟੇ ਪੜ੍ਹਦੇ ਪੜ੍ਹਦੇ ਸੌਂ ਜਾਂਦੇ ਨੇ ਲੋਕ
ਰੋਜ਼ ਤਕਾਲੀਂ ਛਪ ਜਾਂਦਾ ਹੈ ਇਕ ਨੀਲਾ ਅਖ਼ਬਾਰ

## ਬਾਬਲ ਦੀਆਂ ਜੂਹਾਂ
ਛਿੰਦਰ ਕੌਰ ਸਿਰਸਾ

ਨਹੀਂ ਮੰਨਦੇ ਖ਼ਿਆਲ ਤੇਰੇ ਮੇਰੀ ਫ਼ਰਿਆਦ ਨੂੰ
ਭੂਤਾਂ ਪ੍ਰੇਤਾਂ ਦੇ ਵਾਂਗ ਮੈਨੂੰ ਫੜ ਕੇ ਬਹਿ ਗਏ
ਉੱਬੜ ਵਿਰਾਨ ਥਾਈਂ ਭਟਕਣਾ ਪੁੱਠੇ ਪੈਰੀਂ ਘੁੰਮੇ
ਜਾਣ ਵਾਲੇ ਤਕਦੀਰਾਂ ਦੇ ਸਿਰਨਾਵੇਂ ਵੀ ਲੈ ਗਏ
ਇਕ ਪਰਿੰਦੇ ਦੀ ਆਲ੍ਹਣੇ ਦੇ ਵਿੱਚ ਮੌਤ ਹੋ ਗਈ
ਤਨਹਾਈ ਦੇ ਕਾਰੇ ਫੇਰ ਕਾਮਯਾਬੀ ਲੈ ਗਏ
ਬਰਸਾਤੋਂ ਬਾਅਦ ਦੀ ਹਵਾ ਨੂੰ ਝੱਖੜ 'ਚ ਬਦਲ ਕੇ
ਮੇਰੀ ਪਰਵਾਜ਼ ਨੂੰ ਸਗੋਂ ਹੋਰ ਉੱਚਾ ਲੈ ਗਏ
ਹਨੇਰਿਆਂ ਦੇ ਖ਼ਿਲਾਫ਼ ਜੁਗਨੂੰ ਹੀ ਲੜਦੇ ਰਹੇ
ਇਨਸਾਨ ਪਤਾ ਨਹੀਂ ਕਿੱਥੇ ਲੁਕ ਕੇ ਬਹਿ ਗਏ
ਉਹ ਝਰਨੇ ਜੋ ਨਦੀਆਂ 'ਚ ਡਿੱਗਦੇ ਸਨ ਕਦੀ
ਰੇਤਾ ਨਾਲ ਪਿਆਸ ਬੁਝਾਉਣ ਨੂੰ ਕਹਿ ਗਏ
ਕੁਝ ਮਸੀਹੇ ਅਜ਼ਲਾਂ ਤੋਂ ਜ਼ਿੰਦਗੀ ਨੂੰ ਸਾਹ ਵੰਡ ਕੇ
ਕਬਰਾਂ ਦੇ ਵਾਸੀਆਂ ਨੂੰ ਵੀ ਜਿਉਣ ਲਈ ਕਹਿ ਗਏ
ਪੁੰਨਿਆਂ ਦੀ ਰਾਤੇ ਪੂਰੇ ਚੰਨ ਤੇ ਤਾਰਿਆਂ ਦੇ ਨਾਲ
ਆਰਤੀ ਦੇ ਥਾਲ ਵਾਲੇ ਦੀਵੇ ਤੈਨੂੰ ਉਡੀਕਣ ਬਹਿ ਗਏ
ਦੋ ਹੱਥ ਦੂਰ ਹੈ ਪਿੰਡ ਖੇੜਿਆਂ ਦਾ ਇੱਕ ਪਲ ਠਹਿਰੋ ਕਹਾਰੋ
ਬਾਬਲ ਧਰਮੀ ਦੀਆਂ ਜੂਹਾਂ ਨੂੰ ਮੱਥੇ ਟੇਕਣੇ ਰਹਿ ਗਏ

# ਟੀ. ਵੀ. ਸ਼ੋਅ ਅਤੇ ਫਿਲਮਾਂ ਦਾ ਦਰਸ਼ਕਾਂ 'ਤੇ ਪੈਂਦਾ ਹੈ ਮਾੜਾ ਪ੍ਰਭਾਵ



## ਦਰਸ਼ਕਾਂ ਦੀ ਮਾਨਸਿਕ ਸਥਿਤੀ ਦਾ ਵੀ ਅਧਿਐਨ ਕੀਤਾ ਜਾਣਾ ਜ਼ਰੂਰੀ

ਕੀ ਤੁਸੀਂ ਕਦੇ ਸੋਚਿਆ ਹੈ ਕਿ ਦਰਸ਼ਕਾਂ ਨੂੰ ਦਿਖਾਈਆਂ ਜਾ ਰਹੀਆਂ ਫਿਲਮਾਂ ਅਤੇ ਟੀ.ਵੀ. ਸ਼ੋਅ ਦਾ ਸਮਾਜ 'ਤੇ ਕੀ ਪ੍ਰਭਾਵ ਪੈ ਰਿਹਾ ਹੈ? ਅਸੀਂ ਕਿਸੇ ਵੀ ਫਿਲਮਾਂ ਅਤੇ ਟੀ.ਵੀ. ਸ਼ੋਅ ਦੇ ਵੱਧ ਰਹੇ ਪ੍ਰਭਾਵ ਤੋਂ ਜਾਣੂ ਹਾਂ ਜੋ ਸਮਾਜ 'ਤੇ ਮਾੜਾ ਪ੍ਰਭਾਵ ਪਾ ਰਹੇ ਹਨ। ਇਹ ਸਾਡੇ ਸਮਾਜ ਅਤੇ ਹਰ ਵਰਗ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ਜਾਂ ਤੁਸੀਂ ਕਦੇ ਸੋਚਿਆ ਹੈ ਕਿ ਕੀ ਇਹ ਸ਼ੋਅ ਜਾਂ ਫਿਲਮਾਂ ਦੇਖਣ ਵਾਲੇ ਦਰਸ਼ਕਾਂ ਦੀ ਮਾਨਸਿਕ ਸਥਿਤੀ ਸਮੱਗਰੀ ਨੂੰ ਦੇਖਣ ਅਤੇ ਸਮਝਣ ਦੇ ਸਮਰੱਥ ਹੈ ਜਾਂ ਇਸਦੀ ਗਾਹਕ ਸਮਰੱਥਾ ਕੀ ਹੈ?

ਮਾਨਸਿਕ ਸੋਚ ਦਾ ਸੱਚਾ ਦਰਸ਼ਕ ਕੌਣ ?

ਕੀ ਦਰਸ਼ਕ ਸੱਚਮੁੱਚ ਕਹਾਣੀ ਨੂੰ ਸਮਝ ਰਹੇ ਹਨ ਜਾਂ ਇਸ ਨੂੰ ਗਲਤ ਪਹਿਲੂਆਂ ਤੋਂ ਵਿਚਾਰ ਰਹੇ ਹਨ? ਜੇਕਰ ਟੈਲੀਵਿਜ਼ਨ 'ਤੇ ਦਿਖਾਏ ਜਾਣ ਵਾਲੇ ਟੀਵੀ ਸ਼ੋਅ 'ਸਾਵਧਾਨ ਇੰਡੀਆ ਜਾਂ ਕ੍ਰਾਈਮ ਪੈਟਰੋਲ' ਦੀ ਗੱਲ ਕਰੀਏ ਜੋ ਦਰਸ਼ਕਾਂ ਨੂੰ ਜਾਗਰੂਕ ਕਰਨ ਦੀ ਗੱਲ ਕਰਦੇ ਹਨ ਤਾਂ ਇਨ੍ਹਾਂ ਸ਼ੋਅਜ਼ ਕਾਰਨ ਘਟਨਾਵਾਂ 'ਚ ਵਾਧਾ ਹੋਣ ਦੀਆਂ ਖਬਰਾਂ ਅਕਸਰ ਹੀ ਮੀਡੀਆ 'ਚ ਆਉਂਦੀਆਂ ਰਹਿੰਦੀਆਂ ਹਨ। ਇਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਕੀ ਦਰਸ਼ਕ ਇਨ੍ਹਾਂ ਸ਼ੋਅ ਨੂੰ ਸੁਚੇਤ ਤੌਰ 'ਤੇ ਦੇਖ ਰਹੇ ਸਨ ਜਾਂ ਇਨ੍ਹਾਂ ਵਿੱਚ ਦਿਖਾਏ ਗਏ ਗਲਤ ਤਰੀਕੇ ਅਪਣਾ ਰਹੇ ਸਨ। ਇੱਥੇ ਫ਼ਿਲਮਾਂ ਦੀ ਹਾਲਤ ਵੀ ਇਹੀ ਕਹਿੰਦੀ ਹੈ।



### ਫਿਲਮਾਂ ਦੇ ਪ੍ਰਭਾਵ ਦਾ ਕਾਰਨ

ਗੱਲ ਕਰੀਏ ਸ਼ਾਹਿਦ ਕਪੂਰ ਦੀ ਫ਼ਿਲਮ ਕਬੀਰ ਸਿੰਘ ਦੀ, ਜਿਸ ਨੂੰ ਉਨ੍ਹਾਂ ਦੇ ਪ੍ਰਸ਼ੰਸਕਾਂ ਨੇ ਕਾਫੀ ਪਸੰਦ ਕੀਤਾ ਸੀ ਪਰ ਕੁਝ ਲੋਕਾਂ ਨੇ ਫਿਲਮ 'ਤੇ ਸਵਾਲ ਵੀ ਖੜ੍ਹੇ ਕੀਤੇ ਸਨ। ਸ਼ਾਹਿਦ ਕਪੂਰ ਦੀ ਫਿਲਮ ਕਬੀਰ ਸਿੰਘ ਨੂੰ ਵੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ । ਜਿਸ ਦਾ ਕਾਰਨ ਇਹ ਹੈ ਕਿ ਫ਼ਿਲਮ ਵਿੱਚ ਦਿਖਾਈ ਗਈ ਸਾਜ਼ਿਸ਼ ਮਰਦ ਵਰਗ ਨੂੰ ਉੱਤਮ ਦੱਸ ਕੇ ਔਰਤਾਂ ਨੂੰ ਕਮਜ਼ੋਰ ਕਰਨ ਦੀ ਹੈ, ਜੇਕਰ ਫ਼ਿਲਮ ਦਾ ਹੀਰੋ ਮਨਮਾਨੇ ਢੰਗ ਨਾਲ ਹੀਰੋਇਨ ਹਾਸਲ ਕਰਨਾ ਚਾਹੁੰਦਾ ਹੈ ਤਾਂ ਦਰਸ਼ਕ ਇਸ ਕਹਾਣੀ ਨੂੰ ਕਿਸ ਰੂਪ ਵਿੱਚ ਦੇਖ ਰਿਹਾ ਹੈ?

### ਦਰਸ਼ਕ ਇਸ ਕਹਾਣੀ ਨੂੰ ਕਿਵੇਂ ਦੇਖਣਗੇ ?

ਕੀ ਤੁਸੀਂ ਸਮਝ ਰਹੇ ਹੋ ਕਿ ਦਰਸ਼ਕ ਇਸ ਕਹਾਣੀ ਨੂੰ ਕਿਸ ਰੂਪ ਵਿੱਚ ਦੇਖ ਸਕਦੇ ਹਨ, ਇਹ ਗਲਤ ਹੈ ਜਾਂ ਸਹੀ? ਇੱਥੇ ਮਾਨਸਿਕ ਸਥਿਤੀ ਬਾਰੇ ਵੀ ਸੁਚੇਤ ਹੋਣਾ ਜ਼ਰੂਰੀ ਹੈ, ਨਹੀਂ ਤਾਂ ਔਰਤਾਂ ਨਾਲ ਘਟਨਾਵਾਂ ਆਮ ਹਨ। ਜਿੱਥੇ ਟੀ.ਵੀ.ਸ਼ੋਅ ਅਤੇ ਫਿਲਮਾਂ ਦੀ ਲੋਕਪ੍ਰਿਅਤਾ ਦਾ ਅਧਿਐਨ ਕੀਤਾ ਜਾਂਦਾ ਹੈ, ਕੀ ਦਰਸ਼ਕਾਂ ਦੀ ਮਾਨਸਿਕ ਸਥਿਤੀ ਦਾ ਵੀ ਅਧਿਐਨ ਕੀਤਾ ਜਾਂਦਾ ਹੈ? ਇਸ 'ਤੇ ਵਿਚਾਰ ਕਰਨਾ ਸਾਡੇ ਰਾਸ਼ਟਰੀ ਹਿੱਤ ਲਈ ਜ਼ਰੂਰੀ ਹੈ।

### ਗਲਤ ਰਾਹ ਪਾਉਂਦੀਆਂ ਨੇ ਫ਼ਿਲਮਾਂ

ਅਕਸਰ ਫ਼ਿਲਮਾਂ ਵਿੱਚ ਅਦਾਕਾਰ ਅਤੇ ਉਸਦੇ ਸਾਥੀਆਂ ਜਾਂ ਖ਼ਲਨਾਇਕ ਤੇ ਉਸਦੇ ਸਾਥੀਆਂ ਨੂੰ ਕਈ ਕਿਸਮ ਦੇ ਗਲਤ ਕੰਮ ਕਰਦੇ ਦਿਖਾਇਆ ਜਾਂਦਾ ਹੈ। ਇਥੇ ਹੀ ਬੱਸ ਨਹੀਂ ਬਲਕਿ ਫ਼ਿਲਮ ਦੇ ਹੀਰੋ ਨੂੰ ਹੀਰੋਈਨ ਪ੍ਰਾਪਤ ਕਰਨ ਦੇ ਲਈ ਹਰ ਤਰਾਂ ਦੇ ਗਲਤ ਕੰਮ ਕਰਦੇ ਦਿਖਾਇਆ ਜਾਂਦਾ ਹੈ, ਜਿਸ ਤੋਂ ਸਾਡੇ ਨੌਜਵਾਨ ਗੁੰਮਰਾਹ ਹੋ ਜਾਂਦੇ ਹਨ ਅਤੇ ਅਕਸਰ ਫ਼ਿਲਮ ਦੇ ਹੀਰੋ ਵਾਂਗ ਗਲਤ ਕੰਮ ਕਰਨ ਲੱਗਦੇ ਹਨ। ਇਸ ਤੋਂ ਇਲਾਵਾ ਕਈ ਨੌਜਵਾਨ ਖ਼ਲਨਾਇਕ ਵਾਂਗ ਵੀ ਗਲਤ ਕੰਮ ਕਰਨੇ ਆਰੰਭ ਕਰ ਦਿੰਦੇ ਹਨ, ਜਿਸ ਕਾਰਨ ਸਮਾਜ ਵਿੱਚ ਕਈ ਤਰਾਂ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਕਈ ਫ਼ਿਲਮਾਂ ਵਿੱਚ ਚੋਰੀ ਅਤੇ ਡਕੈਟੀਆਂ ਦੇ ਦ੍ਰਿਸ਼ ਡੀਟੇਲ ਵਿੱਚ ਦਿਖਾਏ ਜਾਂਦੇ ਹਨ, ਜਿਸ ਨੂੰ ਦੇਖ ਕੇ ਅਕਸਰ ਕਈ ਲੋਕ ਚੋਰੀ ਕਰਨ ਲੱਗਦੇ ਹਨ, ਇਸ ਤਰਾਂ ਫ਼ਿਲਮਾਂ ਲੋਕਾਂ ਦੀ ਮਾਨਸਿਕਤਾ ਨੂੰ ਭਟਕਾਉਣ ਦਾ ਕੰਮ ਕਰਦੀਆਂ ਹਨ ਅਤੇ ਆਮ ਲੋਕਾਂ ਨੂੰ ਗਲਤ ਰਾਹ ਪਾਉਂਦੀਆਂ ਹਨ।

### ਖ਼ਾਸ ਮਕਸਦ ਲਈ ਬਣਦੀਆਂ ਨੇ ਫ਼ਿਲਮਾਂ

ਫ਼ਿਲਮਾਂ ਬਣਾਉਣ ਵਾਲੇ ਲੋਕਾਂ ਦਾ ਮਕਸਦ ਸਿਰਫ਼ ਪੈਸਾ ਕਮਾਉਣਾ ਹੀ ਨਹੀਂ ਹੁੰਦਾ ਬਲਕਿ ਉਹਨਾਂ ਵੱਲੋਂ ਕਈ ਵਾਰ ਵਿਸ਼ੇਸ ਮਕਸਦ ਲਈ ਵੀ ਫ਼ਿਲਮਾਂ ਬਣਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕਈ ਫ਼ਿਲਮਕਾਰ ਫ਼ਿਲਮਾਂ ਰਾਹੀਂ ਕਿਸੇ ਇਲਾਕੇ ਦੇ ਲੋਕਾਂ ਦਾ ਜੀਵਨ ਪੂਰੀ ਦੁਨੀਆਂ ਅੱਗੇ ਲਿਆਉਣ ਲਈ ਵੀ ਉਸ ਇਲਾਕੇ ਨੂੰ ਪ੍ਰਮੁੱਖਤਾ ਨਾਲ ਫ਼ਿਲਮਾਂ ਵਿੱਚ ਪੇਸ਼ ਕਰਦੇ ਹਨ। ਇਸ ਤੋਂ ਇਲਾਵਾ ਕਈ ਫ਼ਿਲਮਾਂ ਰਾਹੀਂ ਫ਼ਿਲਮਾਂ ਬਣਾਉਣ ਵਾਲਿਆਂ ਵੱਲੋਂ ਲੋਕਾਂ ਨੂੰ ਖਾਸ ਸੰਦੇਸ਼ ਵੀ ਦਿੱਤਾ ਜਾਂਦਾ ਹੈ। ਇਸ ਕਾਰਨ ਹੀ ਅਕਸਰ ਕਈ ਫ਼ਿਲਮਾਂ ਆਉਣ ਤੋਂ ਬਾਅਦ ਅਕਸਰ ਦੰਗੇ ਭੜਕ ਜਾਂਦੇ ਹਨ ਅਤੇ ਹਿੰਸਾ ਦੀਆਂ ਘਟਨਾਂਵਾਂ ਹੋਣ ਲੱਗਦੀਆਂ ਹਨ।

# ਸਮਾਜ ਨੂੰ ਸ਼ੀਸ਼ਾ ਦਿਖਾਉਣ ਦਾ ਕੰਮ ਕਰਦਾ ਹੈ ਸਿਨੇਮਾ

ਅੱਜ ਦੇ ਆਧੁਨਿਕ ਜੀਵਨ 'ਤੇ ਸਿਨੇਮਾ ਦਾ ਬਹੁਤ ਪ੍ਰਭਾਵ ਹੈ। ਸ਼ਹਿਰ ਭਰ ਵਿੱਚ ਵੱਖ-ਵੱਖ ਥਾਵਾਂ 'ਤੇ ਹਜ਼ਾਰਾਂ ਮਲਟੀਪਲੈਕਸ ਅਤੇ ਮਾਲ ਖੁੱਲ੍ਹ ਰਹੇ ਹਨ ਅਤੇ ਜਿੱਥੇ ਹਰ ਹਫ਼ਤੇ 1-2 ਫ਼ਿਲਮਾਂ ਰਿਲੀਜ਼ ਹੁੰਦੀਆਂ ਹਨ। ਹਜ਼ਾਰਾਂ ਲੋਕ ਵੱਡੇ ਪਰਦੇ 'ਤੇ ਫਿਲਮਾਂ ਦੇਖਣ ਜਾਂਦੇ ਹਨ। ਸਾਡੇ ਦੇਸ਼ ਦੀ ਵਧਦੀ ਤਰੱਕੀ ਅਤੇ ਨਵੀਆਂ ਤਕਨੀਕਾਂ ਦੇ ਕਾਰਨ ਅੱਜ ਜ਼ਿਆਦਾਤਰ ਲੋਕ ਇੰਟਰਨੈੱਟ ਸੇਵਾਵਾਂ ਦਾ ਲਾਭ ਉਠਾ ਰਹੇ ਹਨ। ਉਹ ਘਰ ਬੈਠੇ ਆਪਣੇ ਮੋਬਾਈਲ ਫੋਨ 'ਤੇ ਕੋਈ ਵੀ ਫਿਲਮ ਦੇਖ ਸਕਦਾ ਹੈ।

### ਤਕਨਾਲੋਜੀ ਦੁਆਰਾ ਸਿਨੇਮਾ ਦਾ ਵਧ ਰਿਹਾ ਬਾਜ਼ਾਰ

ਸਾਡੇ ਕੋਲ ਮੌਜੂਦ ਤਕਨਾਲੋਜੀ ਦੀ ਸਹੂਲਤ ਦੇ ਜ਼ਰੀਏ, ਅਸੀਂ ਲੈਪਟਾਪ, ਟੈਬਲੇਟ ਜਾਂ ਮੋਬਾਈਲ ਫੋਨ ਰਾਹੀਂ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਅਸੀਂ 24 ਘੰਟੇ ਇੰਟਰਨੈੱਟ 'ਤੇ ਬਿਤਾਉਂਦੇ ਹਾਂ। ਫਿਲਮ ਸਾਡੇ ਸਮਾਜ ਵਿੱਚ ਅਹਿਮ ਰੋਲ ਅਦਾ ਕਰਦੀ ਹੈ। ਇਹ ਸਾਨੂੰ ਨਾ ਸਿਰਫ਼ ਸਿਖਾਉਂਦਾ ਹੈ ਬਲਕਿ ਫ਼ਿਲਮਾਂ ਰਾਹੀਂ ਸਾਨੂੰ ਵੱਖ-ਵੱਖ ਸੱਭਿਆਚਾਰਾਂ ਬਾਰੇ ਜਾਣਕਾਰੀ ਵੀ ਦਿੰਦਾ ਹੈ ਅਤੇ ਭਾਰਤੀ ਸਿਨੇਮਾ ਮਨੋਰੰਜਨ ਦੇ ਇੱਕ ਸ਼ਕਤੀਸ਼ਾਲੀ ਸਾਧਨ ਵਜੋਂ ਉੱਭਰਿਆ ਹੈ, ਭਾਰਤ ਵਿੱਚ ਸਿਨੇਮਾ ਦਾ ਕਾਰੋਬਾਰ ਹਰ ਸਾਲ ਵਧਦਾ ਰਹਿੰਦਾ ਹੈ, ਜਿਸ ਨਾਲ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲਦਾ ਹੈ।

### ਭਾਰਤੀ ਸਿਨੇਮਾ ਦੀ ਸ਼ੁਰੂਆਤ

ਭਾਰਤੀ ਸਿਨੇਮਾ ਦੀ ਸ਼ੁਰੂਆਤ ਸਾਲ 1913 ਵਿੱਚ ਦਾਦਾ ਸਾਹਿਬ ਫਾਲਕੇ ਦੀ ਫਿਲਮ 'ਰਾਜਾ ਹਰਿਸ਼ਚੰਦਰ' ਨਾਲ ਹੋਈ ਸੀ। ਸਮਾਂ ਵਧਦਾ ਗਿਆ ਅਤੇ ਫ਼ਿਲਮਾਂ ਬਣੀਆਂ। ਭਾਰਤੀ ਸਿਨੇਮਾ ਨੂੰ ਸਭ ਤੋਂ ਵੱਧ ਫ਼ਿਲਮਾਂ ਬਣਾਉਣ ਵਾਲਾ ਉਦਯੋਗ ਘੋਸ਼ਿਤ ਕੀਤਾ ਗਿਆ ਸੀ। ਜਿਵੇਂ-ਜਿਵੇਂ ਸਮਾਂ ਵਧਦਾ ਗਿਆ, ਉੱਭਰਦੇ ਕਲਾਕਾਰਾਂ ਨੇ ਪਰਦੇ 'ਤੇ ਪ੍ਰਦਰਸ਼ਨ ਕਰਨਾ ਸ਼ੁਰੂ ਕੀਤਾ ਅਤੇ ਤਕਨਾਲੋਜੀ ਬਦਲ ਗਈ ਅਤੇ ਭਾਰਤੀ ਸਿਨੇਮਾ ਸਮੇਂ ਦੇ ਨਾਲ ਬਦਲਦਾ ਰਿਹਾ। ਸਮਾਜਿਕ ਜਾਗਰੂਕਤਾ ਅਤੇ ਧਾਰਮਿਕ ਕਹਾਣੀਆਂ ਨੂੰ ਸਕਰੀਨ 'ਤੇ ਦਿਖਾਇਆ ਗਿਆ।






### ਭਾਰਤੀ ਸਿਨੇਮਾ ਵਿੱਚ ਵੱਖ-ਵੱਖ ਮੁੱਦਿਆਂ 'ਤੇ ਕਹਾਣੀਆਂ ਬਣ ਰਹੀਆਂ ਹਨ

ਸਮੇਂ ਦੇ ਨਾਲ ਭਾਰਤੀ ਸਿਨੇਮਾ ਕਈ ਵਾਰ ਬਦਲਿਆ ਅਤੇ ਇਨ੍ਹਾਂ ਫਿਲਮਾਂ ਨੇ ਸਕਾਰਾਤਮਕਤਾ ਦੇ ਨਾਲ-ਨਾਲ ਸਮਾਜ ਦੀਆਂ ਕੁਝ ਕੌੜੀਆਂ ਸੱਚਾਈਆਂ ਵੀ ਸਾਹਮਣੇ ਲਿਆਂਦੀਆਂ ਹਨ। ਸਮੇਂ ਦੇ ਨਾਲ, ਸਿਨੇਮਾ ਆਪਣਾ ਇਤਿਹਾਸ ਬਣਾਉਂਦਾਰਿਹਾ ਅਤੇ ਭਾਰਤੀ ਸਿਨੇਮਾ ਵਿੱਚ ਕਈ ਨਵੇਂ ਚਿਹਰੇ ਆਏ ਜਿਨ੍ਹਾਂ ਨੇ ਲੋਕਾਂ ਨੂੰ ਵੱਖ-ਵੱਖ ਵਿਚਾਰਧਾਰਾਵਾਂ 'ਤੇ ਸੋਚਣ ਲਈ ਮਜਬੂਰ ਕੀਤਾ। ਇਨ੍ਹਾਂ ਵਿੱਚ ਲੜਕੀਆਂ ਦਾ ਕਤਲ, ਲੜਕੀਆਂ ਦੀ ਸੁਰੱਖਿਆ, ਮਹਿਲਾ ਸਸ਼ਕਤੀਕਰਨ, ਸੱਤੀ ਪ੍ਰਣਾਲੀ ਅਤੇ ਅਜਿਹੇ ਕਈ ਵਿਚਾਰਾਂ ਨੂੰ ਸਿਨੇਮਾ ਨੇ ਆਪਣੇ ਦਰਸ਼ਕਾਂ ਸਾਹਮਣੇ ਰੱਖ ਕੇ ਸੋਚਣ ਲਈ ਮਜ਼ਬੂਰ ਕੀਤਾ ਹੈ ਅਤੇ ਸਮਾਜ ਦੇ ਇਸ ਹਿੱਸੇ ਨੂੰ ਵੀ ਇਸ ਵਿੱਚ ਰੱਖ ਕੇ ਆਪਣੀ ਆਵਾਜ਼ ਬੁਲੰਦ ਕੀਤੀ ਹੈ। ਹਾਜ਼ਰੀਨ ਦੇ ਸਾਹਮਣੇ. ਜੇਕਰ ਅਸੀਂ ਬਾਲੀਵੁੱਡ ਫਿਲਮਾਂ ਦੀ ਗੱਲ ਕਰੀਏ ਤਾਂ ਅਸੀਂ ਜ਼ਿਆਦਾਤਰ ਉਨ੍ਹਾਂ 'ਚ ਹਾਸਾ, ਮਜ਼ਾਕ ਅਤੇ ਐਕਸ਼ਨ ਦੇਖਾਂਗੇ ਅਤੇ ਸ਼ਾਹਰੁਖ ਖਾਨ ਜਾਂ ਸਲਮਾਨ ਵਰਗੇ ਕਲਾਕਾਰ ਜਿਨ੍ਹਾਂ ਨੇ ਆਪਣੀ ਅਦਾਕਾਰੀ ਨਾਲ ਲੋਕਾਂ ਨੂੰ ਆਪਣਾ ਪ੍ਰਸ਼ੰਸਕ ਬਣਾਇਆ ਹੈ।

ਇਹ ਫ਼ਿਲਮਾਂ ਦੇਸ਼-ਵਿਦੇਸ਼ ਵਿੱਚ ਵੀ ਮਸ਼ਹੂਰ ਹੋਈਆਂ। ਅਨੁਵਾਦ ਵੀ ਵੱਖ-ਵੱਖ ਭਾਸ਼ਾਵਾਂ ਵਿੱਚ ਕੀਤਾ ਜਾਂਦਾ ਹੈ। ਅੱਜਕੱਲ੍ਹ, ਭਾਰਤੀ ਸਿਨੇਮਾ ਪੂਰੀ ਦੁਨੀਆ ਵਿੱਚ ਬਹੁਤ ਮਸ਼ਹੂਰ ਹੋ ਗਿਆ ਹੈ। ਇਹ ਵਿਦੇਸ਼ੀ ਫ਼ਿਲਮਾਂ ਨੂੰ ਮੁਕਾਬਲਾ ਦੇ ਰਹੀ ਹੈ ਅਤੇ ਹਾਲ ਹੀ ਵਿੱਚ ਕਈ ਭਾਰਤੀ ਆਸਕਰ ਪੁਰਸਕਾਰ ਜਿੱਤ ਚੁੱਕੀ ਹੈ। ਅੱਜ ਭਾਰਤੀ ਸਿਨੇਮਾ ਦੀ ਪੂਰੀ ਦੁਨੀਆ ਵਿੱਚ ਬਹੁਤ ਮੰਗ ਹੈ ਅਤੇ ਇਹ ਮਸ਼ਹੂਰ ਵੀ ਹੋਇਆ ਹੈ। ਸਿਨੇਮਾ ਸਮਾਜ ਨੂੰ ਸ਼ੀਸ਼ਾ ਦਿਖਾਉਣ ਦਾ ਕੰਮ ਕਰਦਾ ਹੈ।

# ਅਲੋਪ ਹੋ ਰਹੀਆਂ ਪੁਰਾਤਨ ਖੇਡਾਂ



**ਵਿਜੈ ਕੁਮਾਰ**

ਬਾਕੀ ਦੇ ਕੰਮ ਬਾਅਦ 'ਚ ਪਹਿਲਾਂ ਸਿਹਤ ਜ਼ਰੂਰੀ ਹੈ। ਚੰਗੀ ਸਿਹਤ ਹੀ ਜ਼ਿੰਦਗੀ ਦੀ ਅਸਲੀ ਕਮਾਈ ਹੈ। ਕੁਦਰਤ ਵੱਲੋਂ ਬਖਸ਼ੇ ਇਸ ਅਨਮੋਲ ਰਤਨ ਜੀਵਨ ਦਾ ਆਨੰਦ ਤਦ ਹੀ ਮਾਣਿਆ ਜਾ ਸਕਦਾ ਹੈ ਜੇਕਰ ਸਿਹਤ ਤੰਦਰੁਸਤ ਹੈ। ਸਰੀਰ ਨੂੰ ਤੰਦਰੁਸਤ ਰੱਖਣ ਲਈ ਜ਼ਰੂਰੀ ਹੈ ਕਸਰਤ ਅਤੇ ਖੇਡਾਂ। ਖੇਡਾਂ ਸਰੀਰਕ ਅਤੇ ਮਾਨਸਿਕ ਤਣਾਅ ਨੂੰ ਦੂਰ ਕਰਨ ਵਿਚ ਮੋਹਰੀ ਰੋਲ ਅਦਾ ਕਰਦੀਆਂ ਹਨ ਪਰ ਮਨੁੱਖ ਨੇ ਆਪਣੇ ਗੁੰਝਲਦਾਰ ਰੁਝੇਵਿਆਂ ਅਤੇ ਆਦਤਾਂ ਕਰਕੇ ਬਹੁਤ ਸਾਰੀਆਂ ਖੇਡਾਂ ਨੂੰ ਅਲੋਪ ਜਾਂ ਅਲੋਪ ਹੋਣ ਦੇ ਨੇੜੇ ਕਰ ਦਿੱਤਾ ਹੈ। ਪੰਜਾਬ ਵਿੱਚ ਬਹੁਤ ਸਾਰੀਆਂ ਖੇਡਾਂ ਲਗਪਗ ਅਲੋਪ ਹੋ ਚੁੱਕੀਆਂ ਹਨ ਜੋ ਕਿਸੇ ਵੇਲੇ ਹਰ ਉਮਰ ਦੇ ਵਿਅਕਤੀਆਂ ਦੀਆਂ ਜ਼ਿੰਦਗੀਆਂ ਵਿੱਚ ਅਹਿਮ ਰੋਲ ਅਦਾ ਕਰਦੀਆਂ ਸਨ ।ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਗੁੱਲੀ ਡੰਡੇ ਦੀ। ਗੁੱਲੀ ਡੰਡਾ ਇੱਕ ਬਹੁਪ੍ਰਚਲਿਤ ਖੇਡ ਸੀ। ਇਹ ਖੇਡ ਅਜੋਕੀ ਖੇਡ ਕ੍ਰਿਕਟ ਅਤੇ ਬੇਸਬਾਲ ਨਾਲ ਮੇਲ ਖਾਂਦੀ ਹੈ। ਇਸ ਖੇਡ ਲਈ ਇੱਕ ਵੇਲਣਾਕਾਰ ਲੱਕੜ ਦੇ ਡੰਡੇ ਜਿਸ ਦੀ ਲੰਬਾਈ ਕ੍ਰਿਕਟ ਅਤੇ ਬੇਸਬਾਲ ਦੇ ਬੱਲੇ ਜਿੰਨ੍ਹੀ ਹੁੰਦੀ ਹੈ। ਇਸੇ ਤਰ੍ਹਾਂ ਇਕ ਛੋਟੀ ਕਿਨਾਰਿਆਂ ਤੋਂ ਤਿੱਖੀ ਇਕ ਲੱਕੜ ਦੀ ਗੁੱਲੀ ਹੁੰਦੀ ਹੈ। ਖੇਡ ਦਾ ਮੁੱਖ ਉਦੇਸ਼ ਡੰਡੇ ਨਾਲ ਗੁੱਲੀ ਨੂੰ ਮਾਰਨਾ ਹੁੰਦਾ ਹੈ। ਜਿਸ ਨਾਲ ਗੁੱਲੀ ਹਵਾ ਵਿੱਚ ਉੱਛਲ ਦੀ ਹੈ। ਹਵਾ ਵਿੱਚ ਜ਼ਮੀਨ ਤੋਂ ਥੱਲੇ ਡਿੱਗਣ ਤੋਂ ਪਹਿਲਾਂ ਡੰਡੇ ਨਾਲ ਮਾਰਦੇ ਹਨ ।ਜਿਹੜਾ ਖਿਡਾਰੀ ਸਭ ਤੋਂ ਜ਼ਿਆਦਾ ਦੂਰੀ ਤੇ ਗੁੱਲੀ ਸੁੱਟਦਾ ਹੈ ਉਹ ਜਿੱਤਦਾ ਹੈ। ਗੁੱਲੀ ਡੰਡਾ ਖੇਡਣ ਦੇ ਹੋਰ ਵੀ ਬਹੁਤ ਸਾਰੇ ਢੰਗ ਹਨ। ਇਸ ਖੇਡ ਲਈ ਘੱਟੋ-ਘੱਟ ਦੋ ਖਿਡਾਰੀਆਂ ਦੀ ਜ਼ਰੂਰਤ ਹੁੰਦੀ ਹੈ।

ਅਗਲੀ ਖੇਡ ਹੈ ਪਿੱਠੂ। ਇਹ ਖੇਡ ਵੀ ਕਿਸੇ ਸਮੇਂ ਬੱਚਿਆਂ ਦੁਆਰਾ ਬਹੁਤ ਖੇਡੀ ਜਾਣ ਵਾਲੀ ਖੇਡ ਸੀ। ਇਸ ਖੇਡ ਲਈ ਇਕ ਗੇਂਦ ਅਤੇ ਕੁੱਝ ਲੱਕੜ ਜਾਂ ਪੱਥਰ ਦੇ ਟੁਕੜਿਆਂ ਦੀ ਲੋੜ ਹੁੰਦੀ ਹੈ। ਇਹਨਾਂ ਲੱਕੜ ਜਾਂ ਪੱਥਰ ਦੇ ਟੁਕੜਿਆਂ ਨੂੰ ਇਕ ਦੂਜੇ ਦੇ ਉੱਪਰ ਰੱਖਿਆ ਜਾਂਦਾ ਹੈ। ਟੀਮ ਦੇ ਇਕ ਮੈਂਬਰ ਵਲੋਂ ਗੇਂਦ , ਟੁਕੜਿਆਂ ਤੇ ਮਾਰੀ ਜਾਂਦੀ ਹੈ। ਜੇਕਰ ਗੇਂਦ ਨਾਲ ਟੁਕੜੇ ਡਿੱਗ ਪੈਣ ਤਾਂ ਟੀਮ ਵਲੋਂ ਉਹਨਾਂ ਟੁੱਕੜਿਆਂ ਨੂੰ ਦੁਬਾਰਾ ਉਸੇ ਤਰ੍ਹਾਂ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।ਜੇਕਰ ਵਿਰੋਧੀ ਟੀਮ ਇਸ ਸਮੇਂ ਦੌਰਾਨ ਗੇਂਦ ਟੀਮ ਦੇ ਕਿਸੇ ਖਿਡਾਰੀ ਨੂੰ ਛੂਹ ਦਿੰਦੀ ਹੈ ਤਾਂ ਉਹ ਖਿਡਾਰੀ ਬਾਹਰ ਹੋ ਜਾਂਦਾ ਹੈ। ਇਹ ਖੇਡ ਇਸ ਤਰ੍ਹਾਂ ਹੀ ਅੱਗੇ ਜਾਰੀ ਰਹਿੰਦੀ ਹੈ।

ਲੁੱਕਣ ਮੀਚੀ ਵੀ ਇਕ ਪ੍ਰਸਿੱਧ ਖੇਡ ਸੀ। ਇਸ ਖੇਡ ਵਿੱਚ ਇੱਕ ਬੱਚਾ ਲੁੱਕੇ ਹੋਏ ਬੱਚਿਆਂ ਨੂੰ ਇੱਕ-ਇੱਕ ਕਰਕੇ ਲੱਭਦਾ ਹੈ। ਜੇਕਰ ਉਹ ਸਾਰਿਆਂ ਨੂੰ ਲੱਭਣ ਵਿੱਚ ਕਾਮਯਾਬ ਹੋ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਲੱਭੇ ਬੱਚੇ ਦੀ ਵਾਰੀ ਆ ਜਾਂਦੀ ਹੈ। ਪਰ ਜੇਕਰ ਬੱਚਾ ਸਾਰੇ ਬੱਚਿਆਂ ਨੂੰ ਲੱਭਣ ਵਿੱਚ ਕਾਮਯਾਬ ਨਹੀਂ ਹੁੰਦਾ ਤਾਂ ਉਸਨੂੰ ਦੁਬਾਰਾ ਫਿਰ ਵਾਰੀ ਦੇਣੀ ਪੈਂਦੀ ਹੈ। ਚੋਰ ਸਿਪਾਹੀ ਖੇਡ ਵੀ ਇੱਕ ਪੁਰਾਤਨ ਖੇਡ ਹੈ। ਇਸ ਵਿੱਚ ਇਕ ਟੀਮ ਪੁਲਿਸ ਭਾਵ ਸਿਪਾਹੀ



ਅਤੇ ਦੂਜੀ ਟੀਮ ਚੋਰ ਬਣਦੀ ਹੈ। ਸਿਪਾਹੀ ਬਣੀ ਟੀਮ ਚੋਰ ਟੀਮ ਨੂੰ ਫੜ੍ਹਦੀ ਹੈ। ਸਾਰੀ ਟੀਮ ਫੜ੍ਹੇ ਜਾਣ ਤੋਂ ਬਾਅਦ ਹੁਣ ਦੂਜੀ ਚੋਰ ਬਣੀ ਟੀਮ ਹੁਣ ਸਿਪਾਹੀ ਬਣ ਜਾਂਦੀ ਹੈ ਅਤੇ ਪਹਿਲੀ ਟੀਮ ਚੋਰ। ਇਹ ਪ੍ਰਕਿਰਿਆ ਖੇਡ ਜਾਰੀ ਰਹਿਣ ਤੱਕ ਚੱਲਦੀ ਰਹਿੰਦੀ ਹੈ।ਪੁਰਾਤਨ ਖੇਡਾਂ ਵਿਚੋਂ ਇੱਕ ਖੇਡ ਹੈ ਲੰਗੜੀ ਲੱਤ। ਇਸ ਖੇਡ ਵਿੱਚ ਇਕ ਖਿਡਾਰੀ ਆਪਣੀ ਇਕ ਲੱਤ ਜ਼ਮੀਨ ਤੋਂ ਉੱਪਰ ਕਰ ਕੇ ਇਕ ਲੱਤ ਦੇ ਸਹਾਰੇ ਬਾਕੀ ਖਿਡਾਰੀਆਂ ਨੂੰ ਫੜ੍ਹਦਾ ਹੈ ।ਜੋ ਖਿਡਾਰੀ ਫੜ੍ਹਿਆ ਜਾਂਦਾ ਹੈ ਹੁਣ ਉਸ ਦੀ ਵਾਰੀ ਆ ਜਾਂਦੀ ਹੈ ਬਾਕੀ ਖਿਡਾਰੀ ਨੂੰ ਫੜ੍ਹਣ ਦੀ । ਇਹ ਖੇਡ ਇਸੇ ਤਰ੍ਹਾਂ ਜਾਰੀ ਰਹਿੰਦੀ ਹੈ।



ਵਿਸ਼ ਅਤੇ ਅੰਮ੍ਰਿਤ ਵੀ ਇੱਕ ਅਜਿਹੀ ਹੀ ਖੇਡ ਹੈ। ਇਸ ਖੇਡ ਵਿਚ ਫੜ੍ਹਨ ਵਾਲਾ ਖਿਡਾਰੀ ਜਿਸ ਖਿਡਾਰੀ ਨੂੰ ਛੂਹ ਦਿੰਦਾ ਹੈ ਉਸਨੂੰ ਵਿਸ਼ ਦੇ ਦਿੰਦਾ ਹੈ। ਵਿਸ਼ ਲੈਣ ਵਾਲਾ ਖਿਡਾਰੀ ਇੱਕ ਮੂਰਤ ਬਣ ਜਾਂਦਾ ਹੈ ਜਦ ਤੱਕ ਉਸ ਦੇ ਸਾਥੀ ਉਸ ਨੂੰ ਛੂਹ ਕੇ ਅੰਮ੍ਰਿਤ ਨਹੀਂ ਦਿੰਦੇ। ਇਹ ਖੇਡ ਤਦ ਖਤਮ ਹੁੰਦੀ ਹੈ ਜਦ ਫੜ੍ਹਨ ਵਾਲਾ ਖਿਡਾਰੀ ਸਾਰੇ ਖਿਡਾਰੀਆਂ ਨੂੰ ਵਿਸ਼ ਦੇ ਦੇਵੇ । ਬੰਟੇ ਇੱਕ ਬਹੁਤ ਹੀ ਪ੍ਰਚਲਿਤ ਖੇਡ ਹੈ। ਇਹ ਆਮ ਤੌਰ 'ਤੇ ਪਿੰਡਾਂ ਵਿੱਚ ਖੇਡੀ ਜਾਣ ਵਾਲੀ ਖੇਡ ਸੀ। ਇਸ ਖੇਡ ਵਿੱਚ ਕੱਚ ਦੇ ਬਣੇ ਗੋਲ ਬੰਟਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਖੇਡ ਵਿੱਚ ਖਿਡਾਰੀ ਦੁਬਾਰਾ ਨਿਸ਼ਾਨਾ ਲਗਾ ਕੇ ਵੱਧ ਤੋਂ ਵੱਧ ਬੰਟਿਆਂ ਨੂੰ ਇੱਕਠਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਬੰਟਿਆਂ ਨਾਲ ਬਹੁ ਢੰਗਾਂ ਨਾਲ ਖੇਡਿਆ ਜਾ ਸਕਦਾ ਹੈ। ਪੁਰਾਤਨ ਖੇਡਾਂ ਵਿਚੋਂ ਇੱਕ ਖੇਡ ਹੈ ਪੀਚੋ। ਇਹ ਜ਼ਿਆਦਾਤਰ ਕੁੜੀਆਂ ਵੱਲੋਂ ਖੇਡੀ ਜਾਂਦੀ ਹੈ ।ਇਸ ਖੇਡ ਵਿਚ ਜ਼ਮੀਨ ਉੱਪਰ ਆਇਤਾਕਾਰ ਡੱਬੇ ਬਣਾਏ ਜਾਂਦੇ ਹਨ । ਫਿਰ ਲੱਕੜ ਜਾਂ ਪੱਥਰ ਦੇ ਟੁੱਕੜੇ ਨੂੰ ਉਹਨਾਂ ਡੱਬਿਆਂ ਵਿਚ ਫੈਂਕਿਆਂ ਜਾਂਦਾ ਹੈ। ਫਿਰ ਉੱਛਲ ਕੇ ਇਕ ਲੱਤ ਜਾਂ ਦੋ ਲੱਤਾਂ ਰਾਹੀਂ ਉਸ ਟੁਕੜੇ ਨੂੰ ਬਾਹਰ ਲਿਆਉਂਦਾਜਾਂਦਾ ਹੈ। ਪੀਚੋ ਵੱਖੋ-ਵੱਖਰੇ ਢੰਗਾਂ ਨਾਲ ਖੇਡੀ ਜਾ ਸਕਦੀ ਹੈ ।ਗੀਟੇ ਵੀ ਕੁੜੀਆਂ ਵੱਲੋਂ ਖੇਡੀ ਜਾਂਦੀ ਇਕ ਹੋਰ ਖੇਡ ਹੈ। ਇਸ ਖੇਡ ਵਿੱਚ ਪੱਥਰ ਜਾਂ ਇੱਟਾਂ ਦੇ ਛੋਟੇ-ਛੋਟੇ 4 ਟੁਕੜਿਆਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਹਨਾਂ ਨੂੰ ਗੀਟੇ ਕਹਿੰਦੇ ਹਨ। ਇਸ ਵਿੱਚ ਕੁੜੀਆਂ ਦੁਬਾਰਾ ਜ਼ਮੀਨ ਤੇ ਇੱਕ ਛੋਟਾ ਚੱਕਰ ਬਣਾ ਕਿ ਉਸ ਵਿੱਚ ਗੀਟੇ ਸੁੱਟੇ ਜਾਂਦੇ ਹਨ। ਇਸ ਖੇਡ ਦਾ ਮੁੱਖ ਧੁਰਾ ਇਕ ਗੀਟੇ ਨੂੰ ਹਵਾ ਵਿੱਚ ਉਛਾਲ ਕੇ ਬਾਕੀ ਗੀਟਿਆਂ ਨੂੰ ਵਾਰੋ ਵਾਰੀ ਚੁੱਕਣਾ ਅਤੇ ਦੂਜੇ ਨੂੰ ਛੂਹਣਾ ਨਹੀਂ ਹੁੰਦਾ। ਇਸ ਵਿੱਚ ਸਾਰੇ ਗੀਟੇ ਇੱਕ ਹੀ ਹੱਥ ਵਿੱਚ ਰੱਖਣੇ ਹੁੰਦੇ ਹਨ।

ਪੁਰਾਤਨ ਖੇਡਾਂ ਵਿਚੋਂ ਇਕ ਕੋਟਲਾ ਛਪਾਕੀ ਵੀ ਹੈ। ਇਸ ਖੇਡ ਵਿੱਚ ਬੱਚੇ ਇਕ ਚੱਕਰ ਬਣਾ ਕੇ ਬੈਠਦੇ ਹਨ। ਇਕ ਬੱਚਾ ਜਿਸ ਕੋਲ ਕੱਪੜੇ ਦਾ ਬਣਾਇਆ ਇੱਕ ਕੋਟਲਾ ਹੁੰਦਾ ਹੈ ਉਹ ਚੱਕਰ ਬਣਾ ਕਿ ਬੈਠੇ ਬੱਚਿਆਂ ਦੇ ਪਿੱਛੇ ਲੁਕਾ ਦਿੰਦਾ ਹੈ ਅਤੇ ਗਾਣਾ ਗਾ ਕੇ ਵੱਖ-ਵੱਖ ਸੰਕੇਤਾਂ ਰਾਂਹੀ ਦੱਸਦਾ ਹੈ। ਜਦੋਂ ਜਿਸ ਬੱਚੇ ਪਿੱਛੇ ਕੋਟਲਾ ਹੁੰਦਾ ਹੈ ਉਸ ਨੂੰ ਪਤਾ ਲੱਗਣ ਤੇ ਉਹ ਕੋਟਲਾ ਚੁੱਕ ਕੇ ਕੋਟਲਾ ਰੱਖਣ ਵਾਲੇ ਬੱਚੇ ਦੇ ਮਗਰ ਦੌੜਦਾ ਹੈ। ਇਸ ਤੋਂ ਇਲਾਵਾਂ ਹੋਰ ਵੀ ਬਹੁਤ ਸਾਰੀਆਂ ਜਿਵੇਂ ਖਿੱਦੋ, ਖ਼ੂੰਡੀ, ਰੱਸਾਕਸ਼ੀ, ਬਾਂਦਰ ਕਿੱਲਾ, ਥਾਲ, ਕਿੱਕਲੀ, ਅੱਡੀ ਛੜੱਪਾ, ਹਰਾ ਸਮੁੰਦਰ, ਊਚ-ਨੀਚ, ਲਾਟੂ, ਚੀਚੋ-ਚੀਚ ਗਨੇਰੀਆਂ, ਭੰਡਾ-ਭੰਡਾਰੀਆ, ਪਤੰਗਬਾਜ਼ੀ, ਸੱਪ ਸੀੜੀ, ਪੋਸ਼ਮਪਾ, ਰੁਮਾਲ ਚੁੱਕ, ਚਾਰ ਕੋਨੇ, ਚੇਨ ਆਦਿ ਖੇਡਾਂ ਹਨ ਜੋ ਲਗਪਗ ਅਲੋਪ ਹੋ ਚੁੱਕੀਆਂ ਹਨ। ਅਜੋਕੇ ਸਮੇਂ ਵਿੱਚ ਮੰਨੋਰਜਨ ਦੇ ਸਾਧਨਾਂ ਵਿੱਚ ਲਗਾਤਰ ਵਾਧਾ ਹੋ ਰਿਹਾ ਹੈ ਜਿਵੇਂ ਟੀ.ਵੀ., ਕੰਪਿਊਟਰ, ਵੀਡੀਓ ਗੇਮ, ਸ਼ੋਸਲ ਮੀਡੀਆ। ਪਰ ਇਹ ਸਾਧਨ ਮੰਨੋਰਜਨ ਦੇ ਨਾਲ-ਨਾਲ ਬਹੁਤ ਸਾਰੀਆਂ ਸਮੱਸਿਆਵਾਂ ਨੂੰ ਵੀ ਜਨਮ ਦੇ ਰਹੇ ਹਨ। ਜੇਕਰ ਅਸਲ ਵਿੱਚ ਹੀ ਜ਼ਿੰਦਗੀ ਦਾ ਆਨੰਦ ਮਾਣਨਾ ਹੈ ਤਾਂ ਇਹਨਾਂ ਸਾਧਨਾਂ ਨੂੰ ਛੱਡ ਕਿ ਘਰੋਂ ਬਾਹਰ ਨਿਕਲ ਕੇ ਇਹਨਾਂ ਪੁਰਾਤਨ ਖੇਡਾਂ ਨੂੰ ਅਪਣਾਉਣਾ ਹੀ ਪੈਣਾ ਹੈ, ਤਦ ਹੀ ਅਸਲੀ ਧਨ ਸਿਹਤ ਨੂੰ ਕਮਾਇਆ ਜਾ ਸਕਦਾ ਹੈ।

# ਕੀ ਭਾਰਤ 'ਚ ਹੋਣਗੀਆਂ 2036 ਦੀਆਂ ਉਲੰਪਿਕ ਖੇਡਾਂ?




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੰਬਈ ਵਿੱਚ ਇਤਿਹਾਸਕ ਅੰਤਰਰਾਸ਼ਟਰੀ ਉਲੰਪਿਕ ਕਮੇਟੀ ਸੈਸ਼ਨ ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰਦਿਆਂ 2036 ਵਿੱਚ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਦੇ ਭਾਰਤ ਦੇ ਇਰਾਦਿਆਂ ਦਾ ਸੰਕੇਤ ਦਿੱਤਾ। ਸ਼ਹਿਰ ਵਿੱਚ ਆਈਓਸੀ ਲੀਡਰਸ਼ਿਪ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਦੇਸ਼ ਨੂੰ ਵੱਕਾਰੀ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਦੇ ਦੇਖਣਾ 140 ਕਰੋੜ ਭਾਰਤੀਆਂ ਦਾ ਸੁਪਨਾ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਭਾਸ਼ਣ ਦੌਰਾਨ ਉਲੰਪਿਕ ਖੇਡਾਂ ਲਈ ਚੁਣੇ ਗਏ ਸ਼ਹਿਰ ਦਾ ਖਾਸ ਤੌਰ 'ਤੇ ਜ਼ਿਕਰ ਨਹੀਂ ਕੀਤਾ, ਪਰ ਅਹਿਮਦਾਬਾਦ ਯਕੀਨੀ ਤੌਰ 'ਤੇ ਸਭ ਤੋਂ ਅੱਗੇ ਹੈ। ਆਈਓਸੀ ਸੈਸ਼ਨ ਵਿੱਚ, ਪੀਐਮ ਮੋਦੀ ਨੇ ਇਹ ਵੀ ਕਿਹਾ ਕਿ ਭਾਰਤ 2029 ਦੀਆਂ ਯੂਥ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨ ਲਈ ਉਤਸੁਕ ਹੋਵੇਗਾ, ਜਿਸ ਨਾਲ ਦੇਸ਼ 2036 ਵਿੱਚ ਹੋਣ ਵਾਲੀਆਂ ਗਰਮੀਆਂ ਦੀਆਂ ਉਲੰਪਿਕ ਖੇਡਾਂ ਲਈ ਅਭਿਆਸ ਕਰ ਸਕੇ। ਖਾਸ ਤੌਰ 'ਤੇ, ਪੈਰਿਸ 2024 ਵਿੱਚ ਉਲੰਪਿਕ, 2028 ਵਿੱਚ ਲਾਸ ਏਂਜਲਸ ਅਤੇ 2032 ਵਿੱਚ ਬ੍ਰਿਸਬੇਨ ਉਲੰਪਿਕ ਖੇਡਾਂ ਦੀ ਮੇਜ਼ਬਾਨੀ ਕਰਨਗੇ।

ਭਾਰਤ ਨੂੰ 2036 ਓਲੰਪਿਕ ਖੇਡਾਂ ਦੀ ਮੇਜ਼ਬਾਨੀ ਦੇ ਹੱਕ ਲਈ ਪੋਲੈਂਡ, ਮੈਕਸੀਕੋ ਅਤੇ ਇੰਡੋਨੇਸ਼ੀਆ ਤੋਂ ਮੁਕਾਬਲਾ ਕਰਨਾ ਪਵੇਗਾ। ਆਈਓਸੀ ਨੇ ਆਪਣੇ ਸੈਸ਼ਨ ਵਿੱਚ ਕਿਹਾ ਕਿ 2036 ਸਮਰ ਓਲੰਪਿਕ ਦੀ ਮੇਜ਼ਬਾਨੀ ਕਿਹੜਾ ਸ਼ਹਿਰ ਕਰੇਗਾ, ਇਸ ਬਾਰੇ ਫੈਸਲਾ ਤਿੰਨ ਸਾਲਾਂ ਵਿੱਚ ਜਲਦੀ ਤੋਂ ਜਲਦੀ ਲਿਆ ਜਾਵੇਗਾ।

ਹਾਲਾਂਕਿ, ਗੁਜਰਾਤ ਰਾਜ ਦੁਨੀਆਂ ਦੇ ਸਭ ਤੋਂ ਵੱਡੇ ਖੇਡ ਸਮਾਗਮ ਦੀ ਮੇਜ਼ਬਾਨੀ ਲਈ ਆਪਣੇ ਆਪ ਨੂੰ ਤਿਆਰ ਕਰਨ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ।ਉਸਾਰੀ ਸਾਈਟਾਂ ਵਿੱਚੋਂ ਇੱਕ ਦੀ ਪਹਿਲੀ ਝਲਕ ਮਿਲੀ, ਜੋ ਉਲੰਪਿਕ ਖੇਡਾਂ ਦੀ ਬੋਲੀ ਦਾ ਹਿੱਸਾ ਹੋਣ ਦੀ ਸੰਭਾਵਨਾ ਹੈ। ਸੂਬਾ ਸਰਕਾਰ ਵੱਲੋਂ ਤਿਆਰ ਕੀਤੇ ਮਾਸਟਰ ਪਲਾਨ ਦੇ ਪਹਿਲੇ ਖਰੜੇ ਅਨੁਸਾਰ ਸਾਈਟ 'ਤੇ ਤਿਆਰੀਆਂ ਚੱਲ ਰਹੀਆਂ ਹਨ।

ਸੂਤਰਾਂ ਮੁਤਾਬਕ ਗੁਜਰਾਤ ਸਰਕਾਰ ਨੂੰ ਕੇਂਦਰ ਤੋਂ ਉਸਾਰੀ ਦੀ ਮਨਜ਼ੂਰੀ ਮਿਲ ਗਈ ਹੈ। ਅਹਿਮਦਾਬਾਦ ਅਤੇ ਗਾਂਧੀਨਗਰ ਦੇ ਆਲੇ-ਦੁਆਲੇ 4 ਥਾਵਾਂ ਦੀ ਪਛਾਣ ਕੀਤੀ ਗਈ ਹੈ।

ਹਾਲਾਂਕਿ ਗੁਜਰਾਤ ਸਰਕਾਰ ਨੇ ਅਜੇ ਤੱਕ ਇਸ ਨੂੰ ਅਧਿਕਾਰਤ ਨਹੀਂ ਕੀਤਾ ਹੈ, ਇੱਕ ਵਿਸ਼ੇਸ਼ ਉਦੇਸ਼ ਸੰਸਥਾ, ਗੁਜਰਾਤ ਉਲੰਪਿਕ ਯੋਜਨਾ ਅਤੇ ਬੁਨਿਆਦੀ ਢਾਂਚਾ ਨਿਗਮ ਲਿਮਟਿਡ, ਦਾ ਗਠਨ ਕੀਤਾ ਗਿਆ ਹੈ।

ਅਹਿਮਦਾਬਾਦ ਵਿੱਚ ਸਰਦਾਰ ਪਟੇਲ ਸਪੋਰਟਸ ਐਨਕਲੇਵ, ਜੋ ਕਿ ਨਰਿੰਦਰ ਮੋਦੀ ਕ੍ਰਿਕਟ ਸਟੇਡੀਅਮ ਦੀ ਮੇਜ਼ਬਾਨੀ ਕਰਦਾ ਹੈ, ਵਰਤਮਾਨ ਵਿੱਚ ਪੂਰੇ ਪੈਮਾਨੇ ਦੀ ਗਤੀਵਿਧੀ ਨਾਲ ਭਰਿਆ ਹੋਇਆ ਹੈ ਕਿਉਂਕਿ ਇਹ ਮੇਜ਼ਬਾਨੀ ਦੇ ਅਖਾੜੇ ਦਾ ਕੇਂਦਰੀ ਹਿੱਸਾ ਹੋਣ ਦੀ ਉਮੀਦ ਹੈ।




ਰਾਜ ਭਰ ਦੇ 33 ਸੰਭਾਵੀ ਖੇਡ ਕੇਂਦਰਾਂ ਦੀ ਇੱਕ ਵਿਆਪਕ ਸੂਚੀ ਬੜੀ ਮਿਹਨਤ ਨਾਲ ਤਿਆਰ ਕੀਤੀ ਗਈ ਸੀ। ਪ੍ਰਤੀਕ ਸਟੈਚੂ ਆਫ਼ ਯੂਨਿਟੀ, ਸ਼ਿਵਰਾਜਪੁਰ ਅਤੇ ਸੂਰਤ ਦਾ ਵਿਸ਼ਾਲ ਸਮੁੰਦਰੀ ਖੇਤਰ ਵੱਖ-ਵੱਖ ਜਲ ਖੇਡਾਂ ਦੇ ਮੁਕਾਬਲਿਆਂ ਲਈ ਮਨਪਸੰਦ ਸਥਾਨ ਹਨ।

ਇੱਕ ਦੂਰਅੰਦੇਸ਼ੀ ਕਦਮ ਵਿੱਚ, ਗੁਜਰਾਤ ਉਲੰਪਿਕ ਯੋਜਨਾ ਅਤੇ ਬੁਨਿਆਦੀ ਢਾਂਚਾ ਨਿਗਮ ਲਿਮਿਟੇਡ ਨੇ ਉਲੰਪਿਕ ਨੂੰ ਸਮਰਪਿਤ ਇੱਕ ਵਿਸ਼ੇਸ਼ ਯੂਨਿਟ ਦੀ ਸਥਾਪਨਾ ਕੀਤੀ ਹੈ। ਇਸ ਅਭਿਲਾਸ਼ੀ ਯੋਜਨਾ ਦੇ ਮਹੱਤਵਪੂਰਨ ਤੱਤਾਂ ਵਿੱਚੋਂ ਇੱਕ ਪ੍ਰਸਤਾਵਿਤ ਉਲੰਪਿਕ ਵਿਲੇਜ ਹੈ, ਜੋ ਕਿ ਰਣਨੀਤਕ ਤੌਰ 'ਤੇ ਨਰਿੰਦਰ ਮੋਦੀ ਸਟੇਡੀਅਮ ਦੇ ਨੇੜੇ ਸਥਿਤ ਹੈ। ਇਸ ਸ਼ਾਨਦਾਰ ਪਹਿਲਕਦਮੀ ਦਾ ਕੇਂਦਰ ਸਰਦਾਰ ਪਟੇਲ ਸਪੋਰਟਸ ਐਨਕਲੇਵ ਹੈ, ਜੋ ਇਸ ਖੇਤਰ ਵਿੱਚ ਖੇਡ ਉੱਤਮਤਾ ਦੇ ਕੇਂਦਰ ਵਜੋਂ ਉਭਰਨ ਲਈ ਤਿਆਰ ਹੈ। ਇਸ ਗਤੀਸ਼ੀਲ ਐਨਕਲੇਵ ਦੇ ਅੰਦਰ 20 ਤੋਂ ਵੱਧ ਖੇਡਾਂ ਦੀ ਵਿਭਿੰਨ ਸ਼੍ਰੇਣੀ ਨੂੰ ਪੇਸ਼ ਕਰਨ ਲਈ ਵਿਆਪਕ ਆਧਾਰ ਕਾਰਜ ਚੱਲ ਰਿਹਾ ਹੈ, ਜਿਸ ਨਾਲ ਐਥਲੈਟਿਕ ਹੁਨਰ ਦੀ ਇੱਕ ਅਮੀਰ ਟੇਪਸਟਰੀ ਦਾ ਵਾਅਦਾ ਕੀਤਾ ਗਿਆ ਹੈ।

## ਅਮਰੀਕਾ ਵਿੱਚ ਪਿਛਲੇ 2 ਸਾਲਾਂ ਵਿੱਚ

ਉਨ੍ਹਾਂ ਦਾ ਮੰਨਣਾ ਹੈ ਕਿ ਅਮਰੀਕਾ ਵਿੱਚ ਅਹਿਮ ਅਹੁਦਿਆਂ 'ਤੇ ਭਾਰਤੀ ਅਮਰੀਕੀਆਂ ਦੀ ਥਾਂ ਲੈ ਰਹੇ ਹਨ। ਚੈਨਲ ਦੇ ਨਿਊਜ਼ ਹੋਸਟ ਟਕਰ ਕਾਰਲਸਨ ਨੇ ਇਸ 'ਤੇ 400 ਐਪੀਸੋਡ ਬਣਾਏ ਹਨ। ਉਹ ਲੋਕਾਂ ਵਿੱਚ ਇਹ ਧਾਰਨਾ ਪੈਦਾ ਕਰ ਰਹੇ ਹਨ ਕਿ ਭਾਰਤੀ ਅਮਰੀਕਾ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ, ਪਰ ਉਹ ਭਾਰਤ ਪ੍ਰਤੀ ਜ਼ਿਆਦਾ ਵਫ਼ਾਦਾਰ ਹਨ।

ਭਾਰਤੀ, ਜੋ ਅਮਰੀਕਾ ਦੀ ਆਬਾਦੀ ਦਾ ਇੱਕ ਪ੍ਰਤੀਸ਼ਤ ਬਣਦੇ ਹਨ, 6% ਤੋਂ

ਵੱਧ ਟੈਕਸ ਅਦਾ ਕਰਦੇ ਹਨ। ਭਾਰਤੀ ਹਰ ਸਾਲ ਇੱਕ ਖਰਬ ਰੁਪਏ ਦਾ ਯੋਗਦਾਨ ਪਾਉਂਦੇ ਹਨ। ਇਸ ਦਾ ਮਤਲਬ ਹੈ ਕਿ ਅਮਰੀਕਾ ਦੇ ਹਰ 26 ਡਾਲਰਾਂ ਵਿੱਚੋਂ 1 ਡਾਲਰ ਭਾਰਤੀਆਂ ਦਾ ਯੋਗਦਾਨ ਹੈ। ਭਾਰਤੀਆਂ ਦੀ ਔਸਤ ਆਮਦਨ ਇੱਕ ਲੱਖ ਡਾਲਰ ਪ੍ਰਤੀ ਸਾਲ ਹੈ ਜਦਕਿ ਅਮਰੀਕੀਆਂ ਦੀ ਆਮਦਨ ਸਿਰਫ਼ 75 ਹਜ਼ਾਰ ਡਾਲਰ ਹੈ। ਅਮਰੀਕਾ ਦੀ ਫਾਰਚੂਨ-500 ਵਿੱਚ ਸ਼ਾਮਲ 60 ਕੰਪਨੀਆਂ ਦੇ ਸੀਈਓ ਭਾਰਤੀ ਹਨ। ਸ਼ਾਇਦ ਇਹੀ ਕਾਰਨ ਹੈ ਕਿ ਅਮਰੀਕੀ ਭਾਰਤੀਆਂ ਦੀ ਤਰੱਕੀ ਨੂੰ ਬਰਦਾਸ਼ਤ ਨਹੀਂ ਕਰਦੇ।

***

## ਆਸ਼ਿਆਨਾ ਛੱਡ ਕੇ ਤੰਬੂਆਂ 'ਚ ਰਹਿਣ

ਕਾਰਜਕਾਰੀ ਵਿਦੇਸ਼ ਮੰਤਰੀ ਜਲੀਲ ਅੱਬਾਸ ਜਿਲਾਨੀ ਨੇ ਸਪੱਸ਼ਟ ਕੀਤਾ ਕਿ ਸਿਰਫ਼ ਉਨ੍ਹਾਂ ਅਫ਼ਗਾਨ ਸ਼ਰਨਾਰਥੀਆਂ ਨੂੰ ਹੀ ਡਿਪੋਰਟ ਕੀਤਾ ਜਾ ਰਿਹਾ ਹੈ ਜੋ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਪਾਕਿਸਤਾਨ ਵਿੱਚ ਰਹਿ ਰਹੇ ਹਨ। ਇਸਲਾਮਾਬਾਦ ਅਤੇ ਪੰਜਾਬ ਤੋਂ ਵਿਦੇਸ਼ੀਆਂ ਨੂੰ ਅਫ਼ਗਾਨ ਸਰਹੱਦ ਨੇੜੇ ਲਾਂਡੀਕੋਟਲ ਦੇ ਹੋਲਡਿੰਗ ਪੁਆਇੰਟ 'ਤੇ ਲਿਆਂਦਾ ਜਾ ਰਿਹਾ ਹੈ। ਪੇਸ਼ਾਵਰ ਅਤੇ ਖ਼ੈਬਰ ਪਖਤੂਨਖਵਾ ਸੂਬੇ ਦੇ ਵੱਖ-ਵੱਖ ਹਿੱਸਿਆਂ ਤੋਂ ਹੋਰਨਾਂ ਨੂੰ ਨਾਸਿਰ ਬਾਗ ਰੋਡ 'ਤੇ ਹੋਲਡਿੰਗ ਕੈਂਪ 'ਚ ਭੇਜਿਆ ਜਾ ਰਿਹਾ ਹੈ ਜਿੱਥੋਂ ਉਨ੍ਹਾਂ ਨੂੰ ਤੋਰਖਮ ਸਰਹੱਦ 'ਤੇ ਲਿਜਾਇਆ ਜਾਵੇਗਾ।

ਕਾਰਜਕਾਰੀ ਵਿਦੇਸ਼ ਮੰਤਰੀ ਜਲੀਲ ਅੱਬਾਸ ਜਿਲਾਨੀ ਨੇ ਸਪੱਸ਼ਟ ਕੀਤਾ ਕਿ ਸਿਰਫ਼ ਉਨ੍ਹਾਂ ਅਫ਼ਗਾਨ ਸ਼ਰਨਾਰਥੀਆਂ ਨੂੰ ਹੀ ਡਿਪੋਰਟ ਕੀਤਾ ਜਾ ਰਿਹਾ ਹੈ ਜੋ ਬਿਨਾਂ ਕਾਨੂੰਨੀ ਦਸਤਾਵੇਜ਼ਾਂ ਦੇ ਪਾਕਿਸਤਾਨ ਵਿੱਚ ਰਹਿ ਰਹੇ ਹਨ।

ਵਿਦੇਸ਼ ਮੰਤਰੀ ਨੇ ਇਹ ਵੀ ਕਿਹਾ ਕਿ ਅਧਿਕਾਰੀ ਉਨ੍ਹਾਂ ਅਫ਼ਗਾਨ ਸ਼ਰਨਾਰਥੀਆਂ ਪ੍ਰਤੀ ਨਰਮੀ ਦਿਖਾਉਣਗੇ ਜਿਨ੍ਹਾਂ ਨੂੰ ਆਪਣੇ ਦੇਸ਼ ਪਰਤਣ ਤੋਂ ਬਾਅਦ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਅੰਤਰਿਮ ਅਫ਼ਗਾਨ ਸਰਕਾਰ ਨੇ ਸ਼ਰਨਾਰਥੀਆਂ ਦੇ ਮੁੜ ਵਸੇਬੇ ਲਈ ਇੱਕ ਕਮਿਸ਼ਨ ਵੀ ਬਣਾਇਆ ਹੈ। ਜਿਲਾਨੀ ਨੇ ਕਿਹਾ ਕਿ ਪਾਕਿਸਤਾਨ ਦੇ ਨਾਲ-ਨਾਲ ਹੋਰ ਦੇਸ਼ ਵੀ ਵਾਪਸ ਪਰਤੇ ਲੋਕਾਂ ਦੇ ਮੁੜ ਵਸੇਬੇ ਲਈ ਅੰਤਰਿਮ ਅਫ਼ਗਾਨ ਸਰਕਾਰ ਦਾ ਸਮਰਥਨ ਕਰਨਗੇ।

ਅਧਿਕਾਰਤ ਅਨੁਮਾਨਾਂ ਅਨੁਸਾਰ, ਪਾਕਿਸਤਾਨ ਵਿੱਚ 4 ਮਿਲੀਅਨ (40 ਲੱਖ) ਤੋਂ ਵੱਧ ਅਫ਼ਗਾਨ ਰਹਿੰਦੇ ਹਨ, ਜਿਨ੍ਹਾਂ ਵਿੱਚ ਲਗਭਗ 1.7 ਮਿਲੀਅਨ ਗੈਰ-ਕਾਨੂੰਨੀ ਅਤੇ ਗੈਰ-ਦਸਤਾਵੇਜ਼ੀ ਲੋਕ ਸ਼ਾਮਲ ਹਨ ਜੋ ਕਥਿਤ ਤੌਰ 'ਤੇ ਖਾੜਕੂਵਾਦ ਅਤੇ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਹਨ।

***

## ਸਿੱਧੂ ਮੂਸੇਵਾਲਾ ਦੇ ਨਵੇਂ ਗੀਤ 'ਵਾਚ ਆਊਟ'

ਦਰਮਿਆਨ ਚੱਲ ਰਹੇ ਐੱਸਵਾਈਐੱਲ ਨਹਿਰ ਦੇ ਵਿਵਾਦ ਨੂੰ ਲੈ ਕੇ ਸੀ। ਸਿੱਧੂ ਨੇ ਇਸ ਗਾਣੇ ਵਿੱਚ ਸਿੱਖ ਖਾੜਕੂ ਬਲਵਿੰਦਰ ਸਿੰਘ ਜਟਾਣਾ ਦਾ ਜ਼ਿਕਰ ਵੀ ਕੀਤਾ ਸੀ।

ਬਲਕੌਰ ਸਿੰਘ ਸਿੱਧੂ ਤੇ ਚਰਨ ਕੌਰ ਨੇ ਇਸ ਗੀਤ ਨੂੰ ਦੀਵਾਲੀ ਮੌਕੇ ਰਿਲੀਜ਼ ਕਰਕੇ ਉਨ੍ਹਾਂ ਦੇ ਫੈਨਜ਼ ਨੂੰ ਦਿਵਾਲੀ ਦਾ ਖ਼ਾਸ ਤੋਹਫ਼ਾ ਦਿੱਤਾ ਹੈ। ਮਾਤਾ ਚਰਨ ਕੌਰ ਨੇ ਆਪਣੇ ਅਧਿਕਾਰਤ ਇੰਸਟਾਗ੍ਰਾਮ ਅਕਾਊਂਟ 'ਤੇ ਪੁੱਤਰ ਦੇ ਨਵੇਂ ਗੀਤ ਬਾਰੇ ਜਾਣਕਾਰੀ ਸਾਂਝੀ ਕੀਤੀ ਸੀ ਅਤੇ ਨਾਲ ਹੀ ਉਨ੍ਹਾਂ ਨੇ ਗੀਤ ਦਾ ਪੋਸਟਰ ਵੀ ਸਾਂਝਾ ਕੀਤਾ ਸੀ। ਪੋਸਟਰ ਸਾਂਝਾ ਕਰਦਿਆਂ ਉਨ੍ਹਾਂ ਨੇ ਲਿਖਿਆ ਸੀ- "ਆ ਗਿਆ ਮੇਰਾ ਬੱਬਰ ਸ਼ੇਰ ਤੇ ਸੋਡਾ ਭਰਾ ਧੱਕ ਪਾਉਣ ਸੌਖਾ ਨੀ ਰਾਹ ਖਾਲੀ ਕਰਦੇ।"

ਸਿੱਧੂ ਮੂਸੇ ਵਾਲਾ ਦੇ ਪਿਤਾ ਨੇ ਬਲਕੌਰ ਸਿੰਘ ਨੇ ਵੀ ਸਰਕਾਰ ਉੱਤੇ ਉਨ੍ਹਾਂ ਉੱਤੇ ਨਜ਼ਰ ਰੱਖਣ ਦੇ ਇਲਜ਼ਾਮ ਲਾਏ ਹਨ। ਉਨ੍ਹਾਂ ਕਿਹਾ ਕਿ ਸਿੱਧੂ ਦੇ ਗੀਤ ਨੂੰ ਮਿਲੀ ਮਕਬੂਲੀਅਤ ਤੋਂ ਪਤਾ ਲੱਗਦਾ ਹੈ ਕਿ ਲੋਕ ਉਸ ਦੇ ਜਾਣ ਤੋਂ ਬਾਅਦ ਵੀ ਉਸ ਨੂੰ ਕਿੰਨਾ ਪਿਆਰ ਕਰਦੇ ਹਨ।

***

## ਬੀਮੇ ਦੇ ਪੈਸੇ ਲਈ ਕੀਤਾ ਭਿਖਾਰੀ ਦਾ ਕਤਲ, ਦੋਸ਼ੀ ਨੇ

ਬਾਅਦ ਵਿੱਚ ਉਸ ਨੇ ਡਰਾਈਵਿੰਗ ਲਾਇਸੈਂਸ, ਪੈਨ ਕਾਰਡ ਅਤੇ ਆਧਾਰ ਕਾਰਡ ਵੀ ਬਣਵਾ ਲਿਆ।

**2014 ਵਿੱਚ ਕੀਤਾ ਦੂਜਾ ਵਿਆਹ**

ਅਨਿਲ ਨੂੰ ਆਪਣੇ ਗੁਆਂਢ ਦੀ ਇੱਕ ਔਰਤ ਨਾਲ ਪਿਆਰ ਹੋ ਗਿਆ ਅਤੇ 2014 ਵਿੱਚ ਉਸਦਾ ਵਿਆਹ ਹੋ ਗਿਆ। ਆਪਣੀ ਪਤਨੀ ਤੋਂ ਆਪਣੀ ਅਸਲੀ ਪਛਾਣ ਛੁਪਾਉਣ ਲਈ, ਅਨਿਲ ਨਾ ਤਾਂ ਆਪਣੇ ਜੱਦੀ ਸ਼ਹਿਰ ਗਿਆ ਅਤੇ ਨਾ ਹੀ ਆਪਣੇ ਪਰਿਵਾਰ ਨਾਲ ਕੋਈ ਸੰਪਰਕ ਰੱਖਿਆ। ਇਸ ਜੋੜੇ ਦੀਆਂ ਦੋ ਧੀਆਂ ਸਨ, ਜਿਨ੍ਹਾਂ ਦੀ ਉਮਰ ਇਸ ਵੇਲੇ ਛੇ ਅਤੇ ਦੋ ਸਾਲ ਹੈ। ਮੁਲਜ਼ਮ ਨੇ ਇੱਕ ਕਾਰ ਖਰੀਦੀ ਅਤੇ ਟੈਕਸੀ ਸੇਵਾਵਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ।

**ਗੁਪਤ ਸੂਚਨਾ 'ਤੇ ਕਾਰਵਾਈ**

ਸਿਟੀ ਕ੍ਰਾਈਮ ਬ੍ਰਾਂਚ ਨੂੰ ਹਾਲ ਹੀ ਵਿੱਚ ਸੂਚਨਾ ਮਿਲੀ ਸੀ ਕਿ ਇੱਕ ਟੈਕਸੀ ਡਰਾਈਵਰ, ਜਿਸ ਨੇ ਬੀਮੇ ਦੇ ਪੈਸੇ ਲਈ ਇੱਕ ਭਿਖਾਰੀ ਨੂੰ ਮਾਰ ਕੇ ਆਪਣੀ ਮੌਤ ਦਾ ਫਰਜ਼ੀਵਾੜਾ ਬਣਾਇਆ ਸੀ, ਇੱਥੇ ਰਹਿ ਰਿਹਾ ਸੀ। ਪੀਆਈ ਮਿਤੇਸ਼ ਚੌਧਰੀ ਦੀ ਅਗਵਾਈ ਵਾਲੀ ਟੀਮ ਨੇ ਅਨਿਲ ਨੂੰ ਨਿਕੋਲ ਦੇ ਗੰਗੋਤਰੀ ਸਰਕਲ ਨੇੜੇ ਬਾਬਾ ਸ਼੍ਰੀ ਪਾਮਜ਼ ਫਲੈਟਾਂ ਤੋਂ ਲੱਭ ਲਿਆ। ਉਨ੍ਹਾਂ ਨੂੰ ਜਾਅਲੀ ਪਛਾਣ ਪੱਤਰ ਦਿਖਾਉਂਦੇ ਹੋਏ ਕਿਹਾ ਕਿ ਉਹ ਰਾਜਕੁਮਾਰ ਚੌਧਰੀ ਹੈ ਨਾ ਕਿ ਅਨਿਲ, ਪਰ ਭਿਖਾਰੀ ਦੀ ਮੌਤ ਬਾਰੇ ਪੁੱਛਣ 'ਤੇ ਉਹ ਰੋ ਪਿਆ। ਅਨਿਲ ਨੇ ਕਥਿਤ ਤੌਰ 'ਤੇ ਟੀਮ ਨੂੰ ਦੱਸਿਆ ਕਿ ਅਪਰਾਧ ਕਿਵੇਂ ਕੀਤਾ ਗਿਆ ਸੀ। ਸਿਟੀ ਕ੍ਰਾਈਮ ਬ੍ਰਾਂਚ ਨੇ ਉਸ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਹੈ। ਭਿਖਾਰੀ ਦੇ ਕਤਲ ਦਾ ਮਾਮਲਾ ਦਰਜ ਕਰਨ ਲਈ ਉਸ ਨੂੰ ਆਗਰਾ ਪੁਲਿਸ ਹਵਾਲੇ ਕੀਤਾ ਜਾਵੇਗਾ।

***

## ਹਵਾ ਪ੍ਰਦੂਸ਼ਣ, ਸਭ ਤੋਂ

ਜਿਸ ਨਾਲ 27 ਫੀਸਦੀ ਮੌਤਾਂ ਹੁੰਦੀਆਂ ਹਨ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਨਿਮੋਨੀਆ ਕਾਰਨ 45 ਫੀਸਦੀ ਮੌਤਾਂ ਹੁੰਦੀਆਂ ਹਨ।

ਰਿਪੋਰਟ ਕਹਿੰਦੀ ਹੈ ਕਿ 2020 ਵਿੱਚ ਘਰੇਲੂ ਹਵਾ ਪ੍ਰਦੂਸ਼ਣ ਹਰ ਸਾਲ 3.2 ਮਿਲੀਅਨ ਮੌਤਾਂ ਲਈ ਜ਼ਿੰਮੇਵਾਰ ਹੈ, ਇਸ ਨਾਲ ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਪੀੜਤ ਹੁੰਦੇ ਹਨ ਅਤੇ ਸਿੱਟੇ ਵਜੋਂ 2,37,000 ਮੌਤਾਂ ਹਰ ਸਾਲ ਹੁੰਦੀਆਂ ਹਨ।

ਇੰਨਾ ਕੁਝ ਭਿਆਨਕ ਹਵਾ ਪ੍ਰਦੂਸ਼ਣ ਕਾਰਨ ਵਾਪਰਦਾ ਹੈ। ਪਰ ਨਾ ਹੀ ਸਮਾਜਿਕ ਤੌਰ 'ਤੇ ਲੋਕਾਂ ਵਿੱਚ ਇਸ ਪ੍ਰਤੀ ਜਾਗਰੂਕਤਾ ਹੈ ਅਤੇ ਨਾ ਹੀ ਸਰਕਾਰਾਂ ਵਿੱਚ।

ਕੀ ਮਨੁੱਖ ਦੁਆਰਾ ਆਪੇ ਫੈਲਾਏ ਮੌਤ ਦੇ ਜੰਤਰ ਨੂੰ ਰੋਕਣ ਲਈ ਕੋਈ ਸਰਕਾਰੀ ਇੱਛਾ ਸ਼ਕਤੀ ਹੈ?

ਕੀ ਅਸੀਂ ਪਾਣੀ ਪ੍ਰਦੂਸ਼ਣ ਤੋਂ ਔਖੇ ਜਿਵੇਂ ਪਾਣੀ ਦੀਆਂ ਬੋਤਲਾਂ ਹੱਥਾਂ ਵਿੱਚ ਫੜਕੇ ਘੁੰਮ ਰਹੇ ਹਾਂ, ਉਵੇਂ ਹੀ ਭਵਿੱਖ ਵਿੱਚ ਆਕਸੀਜਨ ਸਿਲੰਡਰ ਨਾਲ ਸਾਹ ਲੈਣ ਲਈ ਇਸ ਨੂੰ ਆਪਣੇ ਨਾਲ ਚੁੱਕੇ ਜਾਣ ਵਾਲੇ ਸਮੇਂ ਦੀ ਉਡੀਕ 'ਚ ਲੱਗੇ ਹਾਂ?

***

## ਪਠਾਨਾਂ ਨੇ ਜੰਗਾਂ ਲੜ ਕੇ

ਦੋਵਾਂ ਦੀ ਰਾਜਧਾਨੀ ਪਾਕਿਸਤਾਨੀ ਸਰਹੱਦਾਂ ਦੇ ਨੇੜੇ ਪੈਂਦੀ ਹੈ। ਕਾਬਲ ਪਸ਼ਤੂਨਾਂ ਦੇ ਇਲਾਕੇ ਵਿੱਚ ਪੈਂਦਾ ਹੈ ਤੇ ਕਦੇ ਦਿੱਲੀ ਵੀ ਪੰਜਾਬ ਦਾ ਹਿੱਸਾ ਹੁੰਦੀ ਸੀ।

ਅਫ਼ਗਾਨਿਸਤਾਨ ਵਿੱਚ ਪੜ੍ਹੇ ਲਿਖੇ ਲੋਕ ਕਮਿਊਨਿਸਟ ਸਨ। ਜਿਸ ਸਮੇਂ ਰੂਸ ਨੇ ਹਮਲਾ ਕੀਤਾ ਤਾਂ ਉਸ ਵਕਤ ਕਮਿਊਨਿਸਟਾਂ ਦੀ ਹੀ ਹਕੂਮਤ ਸੀ। ਚੜ੍ਹਦੇ ਪੰਜਾਬ ਵਿੱਚ ਪੜ੍ਹੇ ਲਿਖੇ ਲੋਕਾਂ ਦੀ ਬਹੁਤ ਤਾਦਾਦ ਕਮਿਊਨਿਸਟ ਸੀ। ਪਰ ਦੋਵਾਂ ਦੇ ਇਤਿਹਾਸ ਵਿੱਚ ਇੱਕ ਬਹੁਤ ਵੱਡਾ ਫ਼ਰਕ ਹੈ। ਪਠਾਨਾਂ ਨੇ ਬਹੁਤ ਸਾਰੀਆਂ ਜੰਗਾਂ ਲੜ ਕੇ ਆਪਣਾ ਮੁਲਕ ਮੁੜ ਵਾਪਸ ਲੈ ਲਿਆ। ਪਰ ਸਿੱਖ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਕਦੇ ਵੀ ਆਪਣੀ ਹਕੂਮਤ ਨਾ ਬਣਾ ਸਕੇ। ਸਿੱਖ ਪਠਾਨਾਂ ਨਾਲੋਂ ਘੱਟ ਦਲੇਰ ਨਹੀਂ। ਜੇ ਕਦੇ ਅਫ਼ਗਾਨਿਸਤਾਨ ਵਿੱਚ ਪਹਾੜੀ ਇਲਾਕਾ ਨਾ ਹੁੰਦਾ ਤਾਂ ਉਨ੍ਹਾਂ ਵਾਸਤੇ ਜੰਗ ਜਿੱਤਣਾ ਬਹੁਤ ਮੁਸ਼ਕਿਲ ਸੀ। ਮੈਦਾਨੀ ਇਲਾਕਿਆਂ ਵਿੱਚ ਲੜਣਾ ਬਹੁਤ ਮੁਸ਼ਕਿਲ ਹੈ।-

***

## ਭਾਰਤ ਸਮੇਤ ਦੁਨੀਆਂ 'ਚ ਵੱਧ ਰਹੀ ਹੈ ਮਹਿੰਗਾਈ

ਪਿਆਜ਼ ਦੀਆਂ ਵਧਦੀਆਂ ਕੀਮਤਾਂ 'ਤੇ ਸਬਜ਼ੀ ਵਿਕਰੇਤਾਵਾਂ ਦਾ ਕਹਿਣਾ ਹੈ ਕਿ ਕੀਮਤਾਂ ਵਧਣ ਦਾ ਕਾਰਨ ਬਾਜ਼ਾਰ 'ਚ ਪਿਆਜ਼ ਦੀ ਕਮੀ ਹੈ। ਨਵੇਂ ਮਾਲ ਅਗਲੇ ਮਹੀਨੇ ਨਵੰਬਰ-ਦਸੰਬਰ ਤੱਕ ਬਾਜ਼ਾਰ ਵਿੱਚ ਆ ਜਾਣਗੇ। ਇਸ ਦੌਰਾਨ ਪਿਆਜ਼ ਦੀ ਕੀਮਤ 100 ਰੁਪਏ ਪ੍ਰਤੀ ਕਿਲੋ ਤੱਕ ਪਹੁੰਚਣ ਦੀ ਸੰਭਾਵਨਾ ਹੈ। ਸਰਕਾਰ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਪਿਆਜ਼ ਦੀਆਂ ਕੀਮਤਾਂ ਨਹੀਂ ਘਟ ਰਹੀਆਂ ਹਨ। ਪਿਆਜ਼ ਦੀਆਂ ਵਧੀਆਂ ਕੀਮਤਾਂ 'ਤੇ ਗਾਜ਼ੀਪੁਰ ਸਬਜ਼ੀ ਮੰਡੀ ਦੇ ਇੱਕ ਪਿਆਜ਼ ਵਪਾਰੀ ਦਾ ਕਹਿਣਾ ਹੈ ਕਿ ਪਿਆਜ਼ ਦੀ ਆਮਦ ਘੱਟ ਹੈ। ਇਸ ਕਾਰਨ ਕੀਮਤਾਂ ਲਗਾਤਾਰ ਵਧ ਰਹੀਆਂ ਹਨ।

ਇੱਕ ਸਾਲ ਪਹਿਲਾਂ ਇਸੇ ਸਮੇਂ ਵਿੱਚ ਪਿਆਜ਼ ਦੀ ਕੀਮਤ 30 ਰੁਪਏ ਪ੍ਰਤੀ ਕਿਲੋ ਸੀ। ਖਪਤਕਾਰ ਮਾਮਲਿਆਂ ਦੇ ਸਕੱਤਰ ਰੋਹਿਤ ਕੁਮਾਰ ਸਿੰਘ ਨੇ ਕਿਹਾ ਕਿ ਅਸੀਂ ਅਗਸਤ ਤੋਂ 'ਬਫਰ ਸਟਾਕ' ਤੋਂ ਪਿਆਜ਼ ਦੇ ਰਹੇ ਹਾਂ। ਅਸੀਂ ਕੀਮਤਾਂ ਵਿੱਚ ਹੋਰ ਵਾਧੇ ਨੂੰ ਰੋਕਣ ਲਈ ਪ੍ਰਚੂਨ ਵਿਕਰੀ ਵਧਾ ਰਹੇ ਹਾਂ। ਮੰਤਰਾਲੇ ਮੁਤਾਬਕ, ਜਿਨ੍ਹਾਂ ਰਾਜਾਂ 'ਚ ਕੀਂ 'ਬਫਰ ਸਟਾਕ' ਤੋਂ ਪਿਆਜ਼ ਦੀ ਸਪਲਾਈ ਕੀਤੀ ਜਾ ਰਹੀ ਹੈ।

**ਕੰਪਨੀਆਂ ਅਤੇ ਵੱਡੇ ਵਪਾਰੀਆਂ ਨੂੰ ਮੁਨਾਫ਼ਾ**

ਪਿਆਜ਼ ਦੀਆਂ ਵੱਧਦੀਆਂ ਕੀਮਤਾਂ ਨਾਲ ਆਮ ਲੋਕ ਪ੍ਰੇਸ਼ਾਨ ਹੋ ਰਹੇ ਹਨ ਪਰ ਵੱਡੇ ਵਪਾਰੀਆਂ ਅਤੇ ਵੱਡੀਆਂ ਕੰਪਨੀਆਂ ਨੂੰ ਪਿਆਜ਼ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਭਾਰੀ ਮੁਨਾਫ਼ਾ ਹੋ ਰਿਹਾ ਹੈ। ਚਰਚਾ ਹੋ ਰਹੀ ਹੈ ਕਿ ਇਹਨਾਂ ਵੱਡੇ ਵਪਾਰੀਆਂ ਅਤੇ ਕੰਪਨੀਆਂ ਨੇ ਪਹਿਲਾਂ ਹੀ ਆਪਣੇ ਕੋਲ ਪਿਆਜ਼ ਦਾ ਕਾਫ਼ੀ ਸਟਾਕ ਕਰ ਰੱਖਿਆ ਹੈ, ਜਿਸ ਕਾਰਨ ਹੁਣ ਇਹ ਵਧੀ ਹੋਈ ਕੀਮਤ 'ਤੇ ਪਿਆਜ਼ ਵੇਚ ਕੇ ਮੋਟਾ ਮੁਨਾਫ਼ਾ ਕਮਾ ਰਹੇ ਹਨ।

**

## ਕਦੋਂ ਲੱਗਣਗੀਆਂ ਸੜਕ ਹਾਦਸਿਆਂ

ਸ਼ਾਮਲ ਹੈ। ਮੰਤਰਾਲਾ ਇਹ ਵੀ ਦਾਅਵਾ ਕਰਦਾ ਹੈ ਕਿ ਉਹ ਸੜਕ ਸੁਰੱਖਿਆ ਆਡਿਟ ਕਰਵਾਉਣ ਜਾ ਰਿਹਾ ਹੈ। ਇਸ ਖੇਤਰ ਵਿੱਚ ਕਈ ਤਰ੍ਹਾਂ ਦੀਆਂ ਖੋਜਾਂ, ਅਧਿਐਨ ਆਦਿ ਵੀ ਕੀਤੇ ਜਾ ਰਹੇ ਹਨ ਤਾਂ ਜੋ ਸੜਕਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਬਣਾਇਆ ਜਾ ਸਕੇ।

ਇਹ ਰਿਪੋਰਟ ਬਹੁਤ ਚਿਤਾਵਨੀ ਭਰੀ ਹੈ। ਇਸ ਲਈ ਸਰਕਾਰ ਨੂੰ ਸਾਰੇ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ। ਦੇਖਿਆ ਜਾਵੇ ਤਾਂ ਸਰਕਾਰਾਂ ਸਿਰਫ਼ ਸੜਕਾਂ ਨੂੰ ਬੇਲੋੜੀ ਚੌੜੀਆਂ ਕਰਨ ਅਤੇ ਚਾਰ ਮਾਰਗੀ ਜਾਂ ਛੇ ਮਾਰਗੀ ਬਣਾਉਣ ਵਿੱਚ ਹੀ ਦਿਲਚਸਪੀ ਲੈ ਰਹੀਆਂ ਹਨ। ਆਵਾਜਾਈ ਦਾ ਸਮਾਂ ਘਟਾਉਣ ਅਤੇ ਹਾਦਸਿਆਂ ਨੂੰ ਰੋਕਣ ਦੇ ਨਾਂ 'ਤੇ ਇਨ੍ਹਾਂ ਸੜਕਾਂ ਨੂੰ ਚੌੜਾ ਕੀਤਾ ਜਾਂਦਾ ਹੈ ਪਰ ਹਾਦਸਿਆਂ 'ਚ ਕੋਈ ਕਮੀ ਨਹੀਂ ਆ ਰਹੀ। ਯਾਤਰਾ ਦਾ ਸਮਾਂ ਨਿਸ਼ਚਿਤ ਤੌਰ 'ਤੇ ਘਟਦਾ ਹੈ ਪਰ ਸਿਰਫ ਇਹੀ ਫਾਇਦਾ ਨਹੀਂ ਹੈ। ਇਹ ਵੀ ਦੇਖਿਆ ਗਿਆ ਹੈ ਕਿ ਵਾਹਨ ਚਲਾਉਣ ਵਾਲਾ ਜਾਂ ਸੜਕਾਂ 'ਤੇ ਪੈਦਲ ਚੱਲਣ ਵਾਲਾ ਕੋਈ ਵੀ ਸੁਰੱਖਿਅਤ ਨਹੀਂ ਹੈ। ਇੱਥੋਂ ਤੱਕ ਕਿ ਸੜਕ ਕਿਨਾਰੇ ਰਹਿਣ ਵਾਲੇ ਲੋਕ ਵੀ ਹਾਦਸਿਆਂ ਦੇ ਡਰ ਵਿੱਚ ਰਹਿੰਦੇ ਹਨ।

ਹਾਲ ਹੀ ਦੇ ਸਾਲਾਂ ਵਿੱਚ ਵਾਹਨਾਂ ਦੀ ਗੁਣਵੱਤਾ ਵਿੱਚ ਵੀ ਕਾਫ਼ੀ ਸੁਧਾਰ ਹੋਇਆ ਹੈ ਪਰ ਇਹ ਵੀ ਸੱਚ ਹੈ ਕਿ ਇਨ੍ਹਾਂ ਦੀ ਰਫਤਾਰ ਵੀ ਵਧੀ ਹੈ। ਇਸ ਦੇ ਸਿਖਰ 'ਤੇ ਵਧੀਆ ਅਤੇ ਚੌੜੀਆਂ ਸੜਕਾਂ ਬਣਾ ਕੇ ਵਾਹਨਾਂ ਨੂੰ ਤੇਜ਼ੀ ਨਾਲ ਚਲਾਉਣ ਦਾ ਲਾਲਚ ਵੀ ਵਧ ਗਿਆ ਹੈ। ਸਮੱਸਿਆ ਇਹ ਹੈ ਕਿ ਭਾਰਤ ਦੇ ਲੋਕਾਂ ਵਿੱਚ ਸੜਕਾਂ 'ਤੇ ਚੱਲਣ ਦੀ ਹਿੰਮਤ ਅਜੇ ਪੈਦਾ ਨਹੀਂ ਹੋਈ। ਸਰਕਾਰ ਨੂੰ ਲੱਗਦਾ ਹੈ ਕਿ ਭਾਰੀ ਜੁਰਮਾਨੇ ਲਗਾ ਕੇ ਹੀ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ। ਕੁਝ ਵੱਡੇ ਅਤੇ ਅਨੁਸ਼ਾਸਿਤ ਸ਼ਹਿਰਾਂ ਵਿੱਚ ਟ੍ਰੈਫਿਕ ਨਿਯਮਾਂ ਨੂੰ ਤੋੜਨ ਵਾਲੇ ਲੋਕਾਂ 'ਤੇ ਨਜ਼ਰ ਰੱਖੀ ਜਾਂਦੀ ਹੈ, ਪਰ ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਵਿੱਚ ਲੋਕਾਂ ਨੂੰ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਨ ਜਾਂ ਮਜਬੂਰ ਕਰਨ ਦੀ ਕੋਈ ਵਿਵਸਥਾ ਨਹੀਂ ਹੈ। ਵਾਹਨ ਆਵਾਜਾਈ ਦੇ ਸਾਰੇ ਨਿਯਮਾਂ ਦੀਆਂ ਧੱਜੀਆਂ ਉਡਾਉਂਦੇਹੋਏ ਸੜਕਾਂ 'ਤੇ ਦੌੜਦੇ ਨਜ਼ਰ ਆ ਰਹੇ ਹਨ। ਬਿਨਾਂ ਹੈਲਮੇਟ ਅਤੇ ਸੀਟ ਬੈਲਟ ਪਾਏ ਵਾਹਨ ਚੱਲਦੇ ਹਨ, ਦੇਸ਼ ਨੇ ਅਜੇ ਖੱਬੇ ਪਾਸੇ ਚੱਲਣਾ ਨਹੀਂ ਸਿੱਖਿਆ, ਗਲਤ ਓਵਰਟੇਕਿੰਗ ਅਤੇ ਕੱਟਣਾ ਲੋਕਾਂ ਦਾ ਖਾਸ ਸ਼ੌਕ ਹੈ। ਵਾਹਨ ਨਿਰਧਾਰਿਤ ਗਿਣਤੀ ਤੋਂ ਵੱਧ ਲੋਕਾਂ ਨਾਲ ਚੱਲਦੇ ਹਨ। ਸਪੀਡ ਸੀਮਾ ਤੋਂ ਵੱਧ ਜਾਣ ਕਾਰਨ ਸੜਕ ਕਿਨਾਰੇ ਵਾਹਨਾਂ ਦੇ ਪਲਟ ਜਾਣ ਅਤੇ ਇਨ੍ਹਾਂ ਕਾਰਨ ਲੋਕਾਂ ਦੇ ਮਰਨ ਅਤੇ ਜ਼ਖ਼ਮੀ ਹੋਣ ਦੇ ਦ੍ਰਿਸ਼ ਆਪ ਹੀ ਦੱਸਦੇ ਹਨ ਕਿ ਭਾਰਤ ਦੀਆਂ ਸੜਕਾਂ ਕਿੰਨੀਆਂ ਸੁਰੱਖਿਅਤ ਹਨ।

***

## ਚਰਚ ਦੇ ਪਾਦਰੀਆਂ, ਕਰਮਚਾਰੀਆਂ 'ਤੇ ਬੱਚਿਆਂ

2005 ਵਿੱਚ ਦਿ ਗਾਰਡੀਅਨ ਦੀ ਇੱਕ ਰਿਪੋਰਟ ਨੇ ਖੁਲਾਸਾ ਕੀਤਾ ਕਿ ਬ੍ਰਾਜ਼ੀਲ ਦੇ 10 ਪ੍ਰਤੀਸ਼ਤ ਪਾਦਰੀ, ਜਾਂ ਲਗਭਗ 1,700 ਪਾਦਰੀ, ਬੱਚਿਆਂ ਅਤੇ ਔਰਤਾਂ ਦੇ ਸਰੀਰਕ ਸ਼ੋਸ਼ਣ ਸਮੇਤ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਵਿੱਚ ਸ਼ਾਮਲ ਸਨ। 2010 ਵਿੱਚ, ਉੱਤਰ-ਪੂਰਬੀ ਬ੍ਰਾਜ਼ੀਲ ਵਿੱਚ ਤਿੰਨ ਰੋਮਨ ਕੈਥੋਲਿਕ ਪਾਦਰੀਆਂ ਉੱਤੇ ਬੱਚਿਆਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਸ਼ੱਕ ਸੀ। 2023 ਵਿੱਚ ਬ੍ਰਾਜ਼ੀਲ ਵਿੱਚ ਇੱਕ ਸਥਾਨਕ ਰਿਪੋਰਟ ਵਿੱਚ ਪਾਇਆ ਗਿਆ ਕਿ ਪਾਦਰੀਆਂ ਦੇ 108 ਮੈਂਬਰ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਵਿੱਚ ਸ਼ਾਮਲ ਸਨ।

ਆਸਟ੍ਰੇਲੀਆ ਵਿੱਚ ਕੈਥੋਲਿਕ ਚਰਚ ਦੇ ਪਾਦਰੀ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਕਈ ਮਾਮਲਿਆਂ ਵਿੱਚ ਸ਼ਾਮਲ ਰਹੇ ਹਨ। 1950 ਅਤੇ 2010 ਦੇ ਵਿਚਾਲੇ, ਆਸਟ ?ਰੇਲੀਆ ਵਿੱਚ 1,200 ਤੋਂ ਵੱਧ ਕੈਥੋਲਿਕ ਪਾਦਰੀ ਬਾਲ ਸ਼ੋਸ਼ਣ ਦੇ ਦੋਸ਼ਾਂ ਵਿੱਚ ਸ਼ਾਮਲ ਸਨ। 1980 ਅਤੇ 2015 ਦੇ ਵਿਚਕਾਰ, 4,444 ਲੋਕਾਂ ਨੇ 93 ਕੈਥੋਲਿਕ ਚਰਚ ਦੇ ਪਾਦਰੀਆਂ 'ਤੇ ਬਾਲ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਸੀ। ਇਹ ਦੁਰ ਵਿਵਹਾਰ 1,000 ਤੋਂ ਵੱਧ ਸੰਸਥਾਵਾਂ ਵਿੱਚ ਹੋਇਆ ਹੈ। ਪੀੜਤਾਂ ਦੀ ਔਸਤ ਉਮਰ ਲੜਕੀਆਂ ਲਈ 10.5 ਸਾਲ ਅਤੇ ਲੜਕਿਆਂ ਲਈ 11.6 ਸਾਲ ਸੀ।

ਜਰਮਨੀ ਵਿੱਚ ਕੈਥੋਲਿਕ ਪਾਦਰੀਆਂ ਦੁਆਰਾ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੇ ਸਬੰਧ ਵਿੱਚ ਕਈ ਰਿਪੋਰਟਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਰਿਪੋਰਟਾਂ ਦੱਸਦੀਆਂ ਹਨ ਕਿ ਪਿਛਲੇ ਕਈ ਦਹਾਕਿਆਂ ਤੋਂ ਹਜ਼ਾਰਾਂ ਬੱਚਿਆਂ ਦਾ ਕੈਥੋਲਿਕ ਪਾਦਰੀਆਂ ਦੁਆਰਾ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ। ਜਰਮਨੀ ਵਿੱਚ ਰੋਮਨ ਕੈਥੋਲਿਕ ਚਰਚ ਦੇ ਬਿਸ਼ਪਾਂ ਦੀ ਕਾਨਫਰੰਸ ਦੁਆਰਾ ਤਿਆਰ ਕੀਤੀ ਗਈ ਇੱਕ ਵਿਆਪਕ ਰਿਪੋਰਟ ਵਿੱਚ ਪਾਇਆ ਗਿਆ ਕਿ ਪਿਛਲੇ ਸੱਤ ਦਹਾਕਿਆਂ ਵਿੱਚ ਕੈਥੋਲਿਕ ਪਾਦਰੀਆਂ ਦੁਆਰਾ 3,600 ਤੋਂ ਵੱਧ ਬੱਚੇ, ਜਿਨ੍ਹਾਂ ਵਿੱਚੋਂ ਜ਼ਿਆਦਾਤਰ 13 ਸਾਲ ਜਾਂ ਇਸ ਤੋਂ ਘੱਟ ਉਮਰ ਦੇ ਸਨ, ਦਾ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ। ਅਧਿਐਨ ਵਿੱਚ ਪਾਇਆ ਗਿਆ ਕਿ ਘੱਟ ਘੱਟ 1,670 ਚਰਚ ਦੇ ਕਰਮਚਾਰੀ 3,677 ਬੱਚਿਆਂ ਦੇ ਸ਼ੋਸ਼ਣ ਵਿੱਚ ਸ਼ਾਮਲ ਸਨ, ਜੋ ਕਿ ਪਾਦਰੀਆਂ ਦਾ 4.4 ਪ੍ਰਤੀਸ਼ਤ ਹੈ। ਦੁਰ ਵਿਵਹਾਰ ਦੇ ਹਰ ਛੇਵੇਂ ਮਾਮਲੇ ਵਿੱਚ ਬਲਾਤਕਾਰ ਸ਼ਾਮਲ ਸੀ, ਅਤੇ ਜ਼ਿਆਦਾਤਰ ਪੀੜ੍ਹਤ ਲੜਕੇ ਸਨ।

ਪੁਰਤਗਾਲ ਵਿੱਚ 1950 ਤੋਂ ਲੈ ਕੇ ਹੁਣ ਤੱਕ ਕੈਥੋਲਿਕ ਚਰਚਾਂ ਵਿੱਚ ਬਾਲ ਜਿਨਸੀ ਸ਼ੋਸ਼ਣ ਦੇ ਘੱਟੋ-ਘੱਟ 4,815 ਮਾਮਲੇ ਸਾਹਮਣੇ ਆਏ ਹਨ। ਇਕਬਾਲੀਆ ਬਿਆਨਾਂ ਅਨੁਸਾਰ ਅਪਰਾਧੀ ਪਾਦਰੀ ਸਨ ਅਤੇ ਪੀੜਤਾਂ ਦਾ ਕੈਥੋਲਿਕ ਸਕੂਲਾਂ, ਚਰਚਾਂ, ਪਾਦਰੀਆਂ ਦੇ ਘਰਾਂ ਸਮੇਤ ਵੱਖ-ਵੱਖ ਥਾਵਾਂ 'ਤੇ ਜਿਨਸੀ ਸ਼ੋਸ਼ਣ ਕੀਤਾ ਗਿਆ ਸੀ। ਜ਼ਿਆਦਾਤਰ ਪੀੜਤਾਂ ਦੀ ਉਮਰ 10 ਤੋਂ 14 ਸਾਲ ਦੇ ਵਿਚਕਾਰ ਸੀ, ਸਭ ਤੋਂ ਛੋਟੀ ਪੀੜਤ ਸਿਰਫ਼ ਦੋ ਸਾਲ ਦੀ ਸੀ। ਦੁਨੀਆਂ ਭਰ ਵਿੱਚ ਕੈਥੋਲਿਕ ਚਰਚ ਵਿੱਚ ਪੀਡੋਫਿਲੀਆ ਦੀਆਂ ਹਜ਼ਾਰਾਂ ਰਿਪੋਰਟਾਂ ਸਾਹਮਣੇ ਆਈਆਂ ਸਨ ਅਤੇ ਰਿਪੋਰਟਾਂ ਤੋਂ ਪਤਾ ਲੱਗਿਆ ਹੈ ਕਿ ਪਿਛਲੇ 70 ਸਾਲਾਂ ਵਿੱਚ ਪੀੜਤ ਮਾਸੂਮ ਬੱਚਿਆਂ ਦੀ ਘੱਟੋ ਘੱਟ ਗਿਣਤੀ 4,815 ਹੈ।

ਪੋਪ ਫਰਾਂਸਿਸ ਨੇ ਪਾਦਰੀਆਂ ਵੱਲੋਂ ਨੰਨਾਂ ਦਾ ਯੋਨ ਸ਼ੋਸ਼ਣ ਕੀਤੇ ਜਾਣ ਦੀ ਗੱਲ ਮੰਨੀ ਹੈ। ਉਨ੍ਹਾਂ ਦੇ ਮੁਤਾਬਕ ਇਹਨਾਂ ਵਿਚੋਂ ਇੱਕ ਮਾਮਲਾ ਅਜਿਹਾ ਵੀ ਸੀ, ਜਿੱਥੇ ਨੰਨਾਂ ਨੂੰ ਸੈਕਸ ਗੁਲਾਮ ਬਣਾਕੇ ਰੱਖਿਆ ਗਿਆ। ਪੋਪ ਫਰਾਂਸਿਸ ਨੇ ਇਹ ਵੀ ਮੰਨਿਆ ਹੈ ਕਿ ਉਨ੍ਹਾਂ ਦੇ ਪੁਰਾਣੇ ਪੋਪ ਬੈਨਡਿਕਟ ਨੂੰ ਅਜਿਹੀਆਂ ਨਨਾਂ ਦੀ ਪੂਰੀ ਧਰਮਸਭਾ ਨੂੰ ਹੀ ਬੰਦ ਕਰਨਾ ਪਿਆ ਸੀ, ਜਿਨ੍ਹਾਂ ਦਾ ਪਾਦਰੀ ਸ਼ੋਸ਼ਣ ਕਰ ਰਹੇ ਸਨ। ਮੰਨਿਆ ਜਾ ਰਿਹਾ ਹੈ ਕਿ ਇਹ ਪਹਿਲਾ ਮੌਕਾ ਹੈ ਜਦੋਂ ਪੋਪ ਫਰਾਂਸਿਸ ਨੇ ਪਾਦਰੀਆਂ ਵੱਲੋਂ ਨੰਨਾਂ ਦੇ ਯੋਨ ਸ਼ੋਸ਼ਣ ਦੀ ਗੱਲ ਮੰਨੀ ਹੈ। ਪੋਪ ਫਰਾਂਸਿਸ ਨੇ ਕਿਹਾ ਸੀ ਕਿ ਗਿਰਜਾ ਘਰ ਇਸ ਸਮੱਸਿਆ ਦੇ ਹੱਲ ਦੀ ਕੋਸ਼ਿਸ਼ ਵਿੱਚ ਲੱਗੀ ਹੈ ਪਰ ਇਹ ਮੁਸ਼ਕਿਲ ਹੁਣ ਵੀ ਬਰਕਰਾਰ ਹੈ।

***

## ਚੀਨ ਅਤੇ ਪਾਕਿਸਤਾਨ ਦੀਆਂ ਜਲ ਸੈਨਾਵਾਂ ਨੇ ਅਰਬ ਸਾਗਰ

ਅਜਿਹਾ ਖੇਤਰ ਹੈ ਜਿੱਥੇ ਪਾਇਰੇਸੀ, ਅੱਤਵਾਦ ਅਤੇ ਹੋਰ ਖਤਰਨਾਕ ਗਤੀਵਿਧੀਆਂ ਦਾ ਖਤਰਾ ਬਣਿਆ ਹੋਇਆ ਹੈ।

ਭਾਰਤ ਅਮਰੀਕਾ ਨਾਲ ਸਾਂਝ ਪਾਉਣ ਲਈ ਸਰਗਰਮ

ਭਾਰਤ ਤੇ ਅਮਰੀਕਾ ਵਿਚਾਲੇ ਬੀਤੇ ਦਿਨੀਂ ਦਿੱਲੀ ਵਿੱਚ ਹੋਈ ਮੀਟਿੰਗ ਦੌਰਾਨ ਦੋਵਾਂ ਮੁਲਕਾਂ ਨੇ ਚੀਨ ਦਾ 'ਟਾਕਰਾ' ਮਿਲ ਕੇ ਕਰਨ ਪ੍ਰਤੀ ਵਚਨਬੱਧਤਾ ਜ਼ਾਹਿਰ ਕੀਤੀ, ਤੇ ਨਾਲ ਹੀ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸਹਿਯੋਗ ਯਕੀਨੀ ਬਣਾਉਣ ਉਤੇ ਵੀ ਸਹਿਮਤੀ ਬਣੀ। ਮੀਟਿੰਗ ਵਿੱਚ ਰੱਖਿਆ ਸਹਿਯੋਗ ਉਤੇ ਵੀ ਚਰਚਾ ਹੋਈ। ਇਸ ਦੌਰਾਨ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਆਪਣੇ ਅਮਰੀਕੀ ਹਮਰੁਤਬਾ ਲੋਇਡ ਆਸਟਿਨ ਤੇ ਐਂਟਨੀ ਬਲਿੰਕਨ ਨਾਲ ਵਿਚਾਰ-ਵਟਾਂਦਰਾ ਕੀਤਾ। ਭਾਰਤ ਨੇ ਇਸ ਬੈਠਕ ਵਿੱਚ ਹਿੰਦ-ਪ੍ਰਸ਼ਾਂਤ ਪ੍ਰਤੀ ਅਮਰੀਕਾ ਦੀ ਵਚਨਬੱਧਤਾ ਦਾ ਮੁਲਾਂਕਣ ਕੀਤਾ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਆਸਟਿਨ ਨਾਲ ਮੁਲਾਕਾਤ ਵਿੱਚ ਕਿਹਾ ਕਿ ਭਾਰਤ ਤੇ ਅਮਰੀਕਾ ਦਰਮਿਆਨ ਰਣਨੀਤਕ ਮੁੱਦਿਆਂ 'ਤੇ ਸਹਿਮਤੀ ਲਗਾਤਾਰ ਵਧੀ ਹੈ, ਜਿਸ ਵਿੱਚ ਚੀਨ ਦੇ ਹਮਲਾਵਰ ਰੁਖ਼ ਦਾ ਟਾਕਰਾ ਕਰਨਾ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਦੋਵੇਂ ਮੁਲਕ ਹਿੰਦ-ਪ੍ਰਸ਼ਾਂਤ ਵਿਚ ਸੁਰੱਖਿਆ ਦੇ ਲਿਹਾਜ਼ ਤੋਂ ਇਕੋ ਨਜ਼ਰੀਆ ਰੱਖਦੇ ਹਨ। ਅਹਿਮ ਜਲ ਮਾਰਗਾਂ ਦੀ ਸੁਰੱਖਿਆ ਤੇ ਠੋਸ ਨਤੀਜਿਆਂ ਲਈ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੇਂ ਖੇਤਰਾਂ ਵਿਚ ਭਾਈਵਾਲੀ ਦੀ ਸੰਭਾਵਨਾ ਵੱਧ ਰਹੀ ਹੈ। ਆਸਟਿਨ ਨੇ ਜਵਾਬ ਵਿਚ ਕਿਹਾ ਕਿ ਅਮਰੀਕਾ, ਭਾਰਤ ਨਾਲ ਨੇੜਿਓਂ ਸਹਿਯੋਗ ਕਰਨ ਬਾਰੇ ਵਚਨਬੱਧ ਹੈ, ਤੇ ਦੋਵੇਂ ਮੁਲਕ ਆਜ਼ਾਦ ਤੇ ਖੁੱਲ੍ਹੇ ਹਿੰਦ-ਪ੍ਰਸ਼ਾਂਤ ਦੇ ਹਿੱਤ ਵਿੱਚ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਦੌਰਾਨ ਵੀ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਤੇ ਆਸਟਿਨ ਨੇ ਇਹ ਮੁੱਦਾ ਚੁੱਕਿਆ। ਅਮਰੀਕੀ ਵਿਦੇਸ਼ ਵਿਭਾਗ ਨੇ ਵੀ ਇਸ ਬਾਰੇ ਬਿਆਨ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਰੱਖਿਆ ਮੰਤਰੀ ਆਸਟਿਨ ਨੇ ਪ੍ਰਧਾਨ ਮੰਤਰੀ ਮੋਦੀ ਦੇ ਉਸ ਦ੍ਰਿਸ਼ਟੀਕੋਣ ਦਾ ਸਵਾਗਤ ਕੀਤਾ ਜਿਸ ਵਿਚ ਰੱਖਿਆ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਅਤੇ ਆਜ਼ਾਦ ਹਿੰਦ-ਪ੍ਰਸ਼ਾਂਤ ਦੀ ਗੱਲ ਕੀਤੀ ਗਈ ਹੈ। ਸਾਂਝੇ ਬਿਆਨ ਵਿਚ ਦੋਵਾਂ ਮੁਲਕਾਂ ਨੇ ਇਕ ਮੁਕਤ, ਆਜ਼ਾਦ ਤੇ ਸਾਰਿਆਂ ਲਈ ਖੁੱਲ੍ਹੇ ਹਿੰਦ-ਪ੍ਰਸ਼ਾਂਤ ਖੇਤਰ ਦਾ ਪੱਖ ਪੂਰਿਆ ਹੈ। ਬਿਆਨ ਵਿੱਚ ਆਸਟਰੇਲੀਆ ਤੇ ਜਪਾਨ ਦੀ ਸ਼ਮੂਲੀਅਤ ਵਾਲੇ ਕੁਆਡ ਗੱਠਜੋੜ ਦਾ ਵੀ ਜ਼ਿਕਰ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com